Fair Advice Care Financial
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 240 | Friday, December 11, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਟਰੂਡੋ ਨੇ ਪ੍ਰੋਵਿੰਸਾਂ ਨੂੰ ਹੋਰ ਹੈਲਥ ਕੇਅਰ ਫੰਡ ਮੁਹੱਈਆ ਕਰਵਾਉਣ ਦਾ ਕੀਤਾ ਵਾਅਦਾ

ਓਟਵਾ, 10 ਦਸੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੇ ਪ੍ਰੀਮੀਅਰਜ਼ ਨਾਲ ਅੱਜ ਆਪਣੀ 23ਵੀਂ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਟਰੂਡੋ ਨੇ ਪ੍ਰੋਵਿੰਸਾਂ ਨੂੰ ਹੋਰ ਹੈਲਥ ਕੇਅਰ ਫੰਡ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ। ਪਰ ਟਰੂਡੋ ਨੇ ਇਹ ਵੀ ਸਪਸ਼ਟ ਕੀਤਾ ਕਿ ਇਹ ਫੰਡ ਤੁਰੰਤ ਮੁਹੱਈਆ ਨਹੀਂ ਕਰਵਾਏ ਜਾਣਗੇ।




ਮੀਟਿੰਗ ਤੋਂ ਬਾਅਦ ਟਰੂਡੋ ਨੇ ਆਖਿਆ ਕਿ ਇਸ ਸਮੇਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਫੈਡਰਲ ਸਰਕਾਰ ਹੈਲਥ ਕੇਅਰ ਦੇ ਆਪਣੇ ਹਿੱਸੇ ਵਿੱਚ ਵਾਧਾ ਕਰੇ ਤੇ ਪ੍ਰੋਵਿੰਸਾਂ ਦੀ ਹੋਰ ਆਰਥਿਕ ਮਦਦ ਕਰੇ। ਉਨ੍ਹਾਂ ਆਖਿਆ ਕਿ ਅਸੀਂ ਯਕੀਨਨ ਅਜਿਹਾ ਕਰਨਾ ਚਾਹੁੰਦੇ ਹਾਂ। ਇਸ ਲਈ ਆਉਣ ਵਾਲੇ ਮਹੀਨਿਆਂ ਵਿੱਚ ਅਸੀਂ ਇਸ ਆਰਥਿਕ ਮਦਦ ਲਈ ਕੋਈ ਨਾ ਕੋਈ ਰਾਹ ਜ਼ਰੂਰ ਲੱਭਾਂਗੇ।

ਟਰੂਡੋ ਨੇ ਆਖਿਆ ਕਿ ਇਸ ਸਮੇਂ ਸਾਡਾ ਸਾਰਾ ਧਿਆਨ ਤੇ ਜ਼ੋਰ ਮਹਾਂਮਾਰੀ ਤੋਂ ਬਾਹਰ ਨਿਕਲਣ ਵੱਲ ਲੱਗਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਉਹ ਕਈ ਵਾਰੀ ਪ੍ਰੀਮੀਅਰਜ਼ ਨੂੰ ਇਹ ਆਖ ਚੁੱਕੇ ਹਨ ਕਿ ਜਦੋਂ ਤੱਕ ਮਹਾਂਮਾਰੀ ਖਤਮ ਨਹੀਂ ਹੋ ਜਾਂਦੀ ਉਹ ਹੈਲਥ ਕੇਅਰ ਦਾ ਵਾਧੂ ਖਰਚਾ ਝੱਲਣ ਲਈ ਉਨ੍ਹਾਂ ਦੇ ਨਾਲ ਖੜ੍ਹੇ ਹਾਂ।

ਇਸ ਦੌਰਾਨ ਪ੍ਰੀਮੀਅਰਜ਼ ਨੇ ਆਖਿਆ ਕਿ ਇਹ ਚੰਗੀ ਗੱਲ ਹੈ ਕਿ ਟਰੂਡੋ ਵੱਲੋਂ ਕੈਨੇਡਾ ਹੈਲਥ ਟਰਾਂਸਫਰ ਪੇਅਮੈਂਟਸ ਵਿੱਚ ਵਾਧਾ ਕਰਨ ਦਾ ਵਾਅਦਾ ਕੀਤਾ ਗਿਆ ਹੈ ਪਰ ਉਨ੍ਹਾਂ ਨੂੰ ਨਿਰਾਸ਼ਾ ਇਸ ਗੱਲ ਦੀ ਹੈ ਕਿ ਪ੍ਰਧਾਨ ਮੰਤਰੀ ਨੇ ਜਲਦੀ ਇਹ ਫੰਡ ਮੁਹੱਈਆ ਕਰਵਾਉਣ ਤੋਂ ਇਨਕਾਰ ਕੀਤਾ ਹੈ। ਕਿਊਬਿਕ ਦੇ ਪ੍ਰੀਮੀਅਰ ਫਰੈਂਕੋਇਸ ਲੀਗਾਲਟ ਨੇ ਆਖਿਆ ਕਿ ਪ੍ਰੀਮੀਅਰਜ਼ ਦੀ ਸਾਂਝੀ ਮੰਗ ਦੇ ਬਾਵਜੂਦ ਟਰੂਡੋ ਨੇ ਹੈਲਥ ਟਰਾਂਸਫਰਜ਼ ਵਿੱਚ ਫੌਰੀ ਵਾਧਾ ਕਰਨ ਤੋਂ ਟਾਲਾ ਵੱਟ ਲਿਆ। ਉਨ੍ਹਾਂ ਆਖਿਆ ਕਿ ਅਸੀ ਜਾਣਦੇ ਹਾਂ ਕਿ ਫੈਡਰਲ ਸਰਕਾਰ ਨੇ 2020 ਵਿੱਚ ਮਹਾਂਮਾਰੀ ਕਾਰਨ ਭਾਰੀ ਨਿਵੇਸ਼ ਕੀਤਾ ਹੈ ਪਰ ਸਾਨੂੰ ਅਜੇ ਵੀ ਮਦਦ ਦੀ ਹੋਰ ਲੋੜ ਹੈ।

ਟਰੂਡੋ ਨੇ ਆਖਿਆ ਕਿ ਮਹਾਂਮਾਰੀ ਦੌਰਾਨ ਭਾਵੇਂ ਕਿਸੇ ਵਿਅਕਤੀ ਦੀ ਗੱਲ ਹੋਵੇ ਜਾਂ ਕਾਰੋਬਾਰ ਦੀ, ਹਰ 10 ਡਾਲਰ ਵਿੱਚੋਂ ਅੱਠ ਡਾਲਰ ਦੀ ਮਦਦ ਫੈਡਰਲ ਸਰਕਾਰ ਵੱਲੋਂ ਕੀਤੀ ਗਈ ਹੈ। ਸਸਕੈਚਵਾਨ ਦੇ ਪ੍ਰੀਮੀਅਰ ਸਕੌਟ ਮੋਅ ਨੇ ਆਖਿਆ ਕਿ ਭਾਵੇਂ ਹਾਲ ਦੀ ਘੜੀ ਆਰਥਿਕ ਮਦਦ ਨਾ ਮਿਲਣ ਕਾਰਨ ਸਾਨੂੰ ਨਿਰਾਸ਼ਾ ਹੋਈ ਹੈ ਪਰ ਇਸ ਗੱਲ ਦੀ ਤਸੱਲੀ ਵੀ ਹੈ ਕਿ ਪ੍ਰਧਾਨ ਮੰਤਰੀ ਨੇ ਇਹ ਮੰਨਿਆ ਹੈ ਕਿ ਮਹਾਂਮਾਰੀ ਦੌਰਾਨ ਫੈਡਰਲ ਸਰਕਾਰ ਨੂੰ ਪ੍ਰੋਵਿੰਸਾਂ ਨੂੰ ਅਜੇ ਹੋਰ ਫੰਡਿੰਗ ਮੁਹੱਈਆ ਕਰਵਾਉਣ ਦੀ ਲੋੜ ਹੈ। ...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਓਨਟਾਰੀਓ ਵਿੱਚ ਸ਼ਰਾਬ ਦੀ ਰੈਸਟੋਰੈਂਟਸ ਤੋਂ ਟੇਕਆਊਟ ਤੇ ਡਲਿਵਰੀ ਨੂੰ ਕੀਤਾ ਗਿਆ ਪਰਮਾਨੈਂਟ


ਪੰਨਾ 03

ਅਗਲੇ ਹਫਤੇ ਤੱਕ ਓਨਟਾਰੀਓ ਨੂੰ ਘੱਟ ਮਾਤਰਾ ਵਿੱਚ ਹਾਸਲ ਹੋਵੇਗੀ ਫਾਈਜ਼ਰ ਵੈਕਸੀਨ


ਪੰਨਾ 04

## ਓਨਟਾਰੀਓ ਵਿੱਚ ਸੱਭ ਤੋਂ ਪਹਿਲਾਂ ਟੋਰਾਂਟੋ ਤੇ ਓਟਵਾ ਨੂੰ ਦਿੱਤੀ ਜਾਵੇਗੀ ਫਾਈਜ਼ਰ ਵੈਕਸੀਨ




ਓਨਟਾਰੀਓ, 10 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਪਿੱਛੇ ਜਿਹੇ ਫਾਈਜ਼ਰ ਕੰਪਨੀ ਦੀ ਮਨਜ਼ੂਰ ਕੀਤੀ ਗਈ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਪ੍ਰੋਵਿੰਸ ਵਿੱਚ ਸੱਭ ਤੋਂ ਪਹਿਲਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੰਮ ਕਰਨ ਵਾਲੇ ਹੈਲਥ ਕੇਅਰ ਵਰਕਰਜ਼ ਅਤੇ ਟੋਰਾਂਟੋ ਤੇ ਓਟਵਾ ਦੇ ਹਸਪਤਾਲਾਂ ਵਿੱਚ ਹੋਰਨਾਂ ਹਾਈ ਰਿਸਕ ਸੈਟਿੰਗਜ਼ ਵਿੱਚ ਕੰਮ ਕਰਨ ਵਾਲੇ ਸਿਹਤ ਵਰਕਰਜ਼ ਨੂੰ ਦਿੱਤੀ ਜਾਵੇਗੀ।

ਫੋਰਡ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਭਾਵੇਂ ਪ੍ਰੋਵਿੰਸ ਨੂੰ ਘੱਟ ਮਾਤਰਾ ਵਿੱਚ ਵੈਕਸੀਨ ਹਾਸਲ ਹੋਵੇਗੀ ਪਰ ਮੰਗਲਵਾਰ ਤੋਂ ਵੈਕਸੀਨ ਦੇ ਸ਼ੌਟਸ ਯੂਨੀਵਰਸਿਟੀ ਹੈਲਥ ਨੈੱਟਵਰਕ ਤੇ ਦ ਓਟਵਾ ਹੌਸਪਿਟਲ ਵਿੱਚ ਲੱਗਣੇ ਸ਼ੁਰੂ ਹੋ ਜਾਣਗੇ। ਕੋਵਿਡ-19 ਵੈਕਸੀਨ ਡਿਸਟ੍ਰਿਬਿਊਸ਼ਨ ਟਾਸਕ ਫੋਰਸ ਨਾਲ ਮੁਲਾਕਾਤ ਤੋਂ ਬਾਅਦ ਫੋਰਡ ਨੇ ਆਖਿਆ ਕਿ ਵੈਕਸੀਨ ਦੀ ਵੰਡ ਸਬੰਧੀ ਹੋਰ ਵੇਰਵੇ ਕੱਲ੍ਹ ਤੱਕ ਜਾਰੀ ਕਰ ਦਿੱਤੇ ਜਾਣਗੇ। ਉਨ੍ਹਾਂ ਇਹ ਵੀ ਆਖਿਆ ਕਿ ਵੈਕਸੀਨ ਦੀ ਵੰਡ ਸਬੰਧੀ ਸਾਰੇ ਕੰਮ ਦੀ ਦੇਖ ਰੇਖ ਓਟਵਾ ਤੋਂ ਹੀ ਕੀਤੀ ਜਾਵੇਗੀ।

ਇਸ ਦੌਰਾਨ ਜਨਰਲ ਰਿੱਕ ਹਿਲੀਅਰ ਨੇ ਪੁਸ਼ਟੀ ਕੀਤੀ ਕਿ ਓਨਟਾਰੀਓ ਵਿੱਚ ਸੋਮਵਾਰ ਨੂੰ ਫਾਈਜ਼ਰ ਵੈਕਸੀਨ ਦੀ 6000 ਡੋਜ਼ ਪਹੁੰਚ ਜਾਵੇਗੀ। ਟੋਰਾਂਟੋ ਤੇ ਓਟਵਾ ਦੇ ਹਸਪਤਾਲਾਂ ਨੂੰ ਪ੍ਰਤੀ ਹਸਪਤਾਲ 3000 ਡੋਜ਼ ਦੇ ਦਿੱਤੀ ਜਾਵੇਗੀ। ਫਿਰ ਇਹ ਵੈਕਸੀਨ ਪੂਰੇ ਰੀਜਨ ਵਿੱਚ ਵੰਡੀ ਜਾਵੇਗੀ। ਹਿਲੀਅਰ ਨੇ ਆਖਿਆ ਕਿ ਫਾਈਜ਼ਰ ਦੀ ਵੈਕਸੀਨ ਨੂੰ ਘੱਟ ਤਾਪਮਾਨ ਉੱਤੇ ਜਮਾ ਕੇ ਰੱਖਣਾ ਜ਼ਰੂਰੀ ਹੈ ਤੇ ਇੱਕ ਵਿਅਕਤੀ ਨੂੰ ਇਸ ਦੀਆਂ ਦੋ ਡੋਜ਼ਾਂ ਦੇਣੀਆਂ ਵੀ ਜ਼ਰੂਰੀ ਹਨ। ਇਸ ਲਈ 3000 ਓਨਟਾਰੀਓ ਵਾਸੀਆਂ ਨੂੰ ਪਹਿਲੀ ਡੋਜ਼ ਮਿਲਣ ਤੋਂ ਬਾਅਦ 21 ਦਿਨ ਲਈ ਅਗਲੀ ਡੋਜ਼ ਵਾਸਤੇ ਇੰਤਜ਼ਾਰ ਕਰਨਾ ਹੋਵੇਗਾ।

ਹਿਲੀਅਰ ਨੇ ਆਸ ਪ੍ਰਗਟਾਈ ਕਿ ਓਨਟਾਰੀਓ ਨੂੰ ਅੰਦਾਜ਼ਨ ਹੁਣ ਤੇ ਜਨਵਰੀ ਦੇ ਅੰਤ ਤੱਕ 90,000 ਵੈਕਸੀਨ ਮਿਲ ਜਾਵੇਗੀ। ਫਿਰ ਇਸ ਨੂੰ ਓਨਟਾਰੀਓ ਵਿੱਚ 13 ਵੱਖ ਵੱਖ ਹਸਪਤਾਲਾਂ ਵਿੱਚ ਵੰਡ ਦਿੱਤਾ ਜਾਵੇਗਾ।

## ਫੋਰਡ ਸਰਕਾਰ ਵੱਲੋਂ ਮੌਜੂਦਾ ਕੋਵਿਡ-19 ਹੁਕਮਾਂ ਵਿੱਚ ਕੀਤਾ ਗਿਆ 20 ਜਨਵਰੀ ਤੱਕ ਦਾ ਵਾਧਾ



ਓਨਟਾਰੀਓ, 10 ਦਸੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਰੀਓਪਨਿੰਗ ਓਨਟਾਰੀਓ ਐਕਟ (ਆਰ ਓ ਏ) ਤਹਿਤ ਮੌਜੂਦਾ ਕੋਵਿਡ-19 ਹੁਕਮਾਂ ਨੂੰ 20 ਜਨਵਰੀ ਤੱਕ ਵਧਾ ਦਿੱਤਾ ਗਿਆ ਹੈ।

ਵੀਰਵਾਰ ਨੂੰ ਜਾਰੀ ਕੀਤੀ ਗਈ ਇੱਕ ਰਲੀਜ਼ ਵਿੱਚ ਪ੍ਰੋਵਿੰਸ ਨੇ ਆਖਿਆ ਕਿ ਇਨ੍ਹਾਂ ਹੁਕਮਾਂ ਦੇ ਪਸਾਰ ਨਾਲ ਵੈਕਸੀਨਜ਼ ਨੂੰ ਮਨਜ਼ੂਰੀ ਮਿਲਣ ਤੇ ਉਨ੍ਹਾਂ ਦੇ ਵਿਆਪਕ ਪੱਧਰ ਉੱਤੇ ਉਪਲਬਧ ਹੋਣ ਤੱਕ ਹੈਲਥ ਕੇਅਰ ਤੇ ਹੋਰ ਕ੍ਰਿਟੀਕਲ ਸਰਵਿਸਿਜ਼ ਦੀ ਸੁਰੱਖਿਅਤ ਡਲਿਵਰੀ ਨੂੰ ਯਕੀਨੀ ਬਣਾਇਆ ਜਾ ਸਕੇਗਾ। ਸੌਲੀਸਿਟਰ ਜਨਰਲ ਸਿਲਵੀਆ ਜੋਨਜ਼ ਨੇ ਆਖਿਆ ਕਿ ਓਨਟਾਰੀਓ ਵਾਸੀਆਂ ਦੀ ਸਿਹਤ ਤੇ ਭਲਾਈ ਦੀ ਰੱਖਿਆ ਕਰਨਾ ਸਾਡੀ ਮੁੱਖ ਤਰਜੀਹ ਹੈ।

ਉਨ੍ਹਾਂ ਆਖਿਆ ਕਿ ਅਸੀਂ ਸੇਫ ਤੇ ਪ੍ਰਭਾਵਸ਼ਾਲੀ ਢੰਗ ਨਾਲ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਲਾਗੂ ਕਰਨ ਦੀ ਤਿਆਰੀ ਕਰ ਰਹੇ ਹਾਂ ਤੇ ਇਨ੍ਹਾਂ ਹੁਕਮਾਂ ਵਿੱਚ ਵਾਧਾ ਕੀਤੇ ਜਾਣ ਨਾਲ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਜਦੋਂ ਤੱਕ ਸਾਰੇ ਓਨਟਾਰੀਓ ਵਾਸੀ ਵੈਕਸੀਨੇਟ ਨਹੀਂ ਹੋ ਜਾਂਦੇ ਉਦੋਂ ਤੱਕ ਸਾਰੇ ਪ੍ਰਬੰਧ ਪੂਰੀ ਤਰ੍ਹਾਂ ਕਾਇਮ ਰਹਿਣ। ਕਈ ਨਿਯਮਾਂ ਵਿੱਚ ਥੋੜ੍ਹੀ ਬਹੁਤ ਸੋਧ ਵੀ ਕੀਤੀ ਗਈ ਹੈ, ਜਿਵੇਂ ਕਿ ਇੰਡੋਰ ਫਾਰਮਰਜ਼ ਮਾਰਕਿਟ ਨੂੰ ਖੁੱਲ੍ਹਾ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ, ਇੱਥੇ ਗਰੌਸਰੀਜ਼ ਹੀ ਵੇਚੀਆਂ ਜਾਂਦੀਆਂ ਹਨ।

ਪੋਸਟ ਸੈਕੰਡਰੀ ਇੰਸਟੀਚਿਊਸ਼ਨਜ਼ ਨੂੰ ਕੁੱਝ ਪ੍ਰੋਗਰਾਮਾਂ ਲਈ ਆਪਣੀ ਇੰਸਟ੍ਰਕਸ਼ਨਲ ਸਪੇਸ ਦੀ ਸੀਮਾ ਵਧਾ ਕੇ 10 ਤੋਂ 50 ਵਿਅਕਤੀ ਕਰਨ ਦੀ ਵੀ ਖੁੱਲ੍ਹ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਆਰ ਓ ਏ 24 ਜੁਲਾਈ ਨੂੰ ਲਾਗੂ ਕੀਤਾ ਗਿਆ ਸੀ। ਆਰ ਓ ਏ ਤਹਿਤ ਹੁਕਮਾਂ ਨੂੰ ਇੱਕ ਸਮੇਂ ਵਿੱਚ 30 ਦਿਨ ਤੱਕ ਵਧਾਇਆ ਜਾ ਸਕਦਾ ਹੈ। ਪਰ ਆਰ ਓ ਏ ਤੋਂ ਇਹ ਮਤਲਬ ਨਹੀਂ ਹੈ ਕਿ ਲੌਕਡਾਊਨ ਆਰਡਰਜ਼ ਵਿੱਚ ਵੀ ਵਾਧਾ ਮੰਨਿਆ ਜਾਵੇ।

## ਪਬਲਿਕ ਹੈਲਥ ਯੂਨਿਟ ਨੇ ਵਿੰਡਸਰ ਐਸੈਕਸ ਰੀਜਨ ਦੇ ਸਾਰੇ ਸਕੂਲਾਂ ਨੂੰ ਬੰਦ ਕਰਨ ਦੇ ਦਿੱਤੇ ਹੁਕਮ



ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਕੇਸਾਂ ਵਿੱਚ ਵਾਧਾ ਹੋਣ ਕਾਰਨ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਵਿੰਡਸਰ-ਐਸੈਕਸ ਰੀਜਨ ਦੇ ਸਾਰੇ ਸਕੂਲ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਵਿੰਡਸਰ-ਐਸੈਕਸ ਕਾਊਂਟੀ ਹੈਲਥ ਯੂਨਿਟ ਨੇ ਵੀਰਵਾਰ ਨੂੰ ਆਖਿਆ ਕਿ ਸੋਮਵਾਰ ਤੋਂ ਵਿਦਿਆਰਥੀਆਂ ਨੂੰ ਆਨਲਾਈਨ ਲਰਨਿੰਗ ਹੀ ਕਰਵਾਈ ਜਾਵੇਗੀ। ਅਗਲੇ ਸ਼ੁੱਕਰਵਾਰ ਤੱਕ ਇਨ ਕਲਾਸ ਲਰਨਿੰਗ ਲਈ ਸਕੂਲ ਬੰਦ ਰਹਿਣਗੇ। ਉਸ ਤੋਂ ਬਾਅਦ ਸਰਦ ਰੁੱਤ ਦੀਆਂ ਛੁੱਟੀਆਂ ਸ਼ੁਰੂ ਹੋ ਜਾਣਗੀਆਂ। ਇਸ ਰੀਜਨ ਦੇ ਉੱਘੇ ਡਾਕਟਰ ਵਾਜਿਦ ਅਹਿਮਦ ਨੇ ਆਖਿਆ ਕਿ ਕੋਵਿਡ-19 ਦੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਹੀ ਸਕੂਲ ਬੰਦ ਰੱਖਣ ਦੇ ਫੈਸਲੇ ਵਿੱਚ ਵਾਧਾ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਇਹ ਕਦਮ ਸਾਡੀ ਕਮਿਊਨਿਟੀ ਨੂੰ ਸੇਫ ਰੱਖਣ ਲਈ ਚੁੱਕਿਆ ਜਾ ਰਿਹਾ ਹੈ।

...ਬਾਕੀ ਪੰਨਾ 6 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super Visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
416-278-4449
World Gateway Immigration Company since 2010
Get PR, if you are on
- Work permit (LMIA based)
- Open work permit
- Religious work permit
- Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਕੈਨੇਡਾ-ਅਮਰੀਕਾ ਸਰਹੱਦ ਜਲਦ ਖੋਲ੍ਹੇ ਜਾਣ ਦੀ ਕੋਈ ਸੰਭਾਵਨਾ ਨਹੀਂ : ਟਰੂਡੋ



ਓਟਵਾ, 10 ਦਸੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਸਾਫ ਕਰ ਦਿੱਤਾ ਹੈ ਕਿ ਉਹ ਗੈਰ ਲੋੜੀਂਦੇ ਟਰੈਵਲ ਲਈ ਕੈਨੇਡਾ-ਅਮਰੀਕਾ ਸਰਹੱਦ ਖੋਲ੍ਹਣ ਦੇ ਦਬਾਅ ਵਿੱਚ ਨਹੀਂ ਆਉਣ ਵਾਲੇ।

ਅਸੈਂਬਲੀ ਆਫ ਫਰਸਟ ਨੇਸ਼ਨਜ਼ ਨਾਲ ਵਰਚੂਅਲ ਮੀਟਿੰਗ ਵਿੱਚ ਟਰੂਡੋ ਨੇ ਆਖਿਆ ਕਿ ਐਨੀ ਜਲਦੀ ਬਾਰਡਰ ਖੋਲ੍ਹਣਾ ਖਤਰਨਾਕ ਹੋ ਸਕਦਾ ਹੈ। ਅਮਰੀਕੀ ਸਰਕਾਰ ਨਾਲ ਕੀਤੇ ਗਏ ਵਾਅਦੇ ਤਹਿਤ ਬਾਰਡਰ ਨੂੰ 21 ਦਸੰਬਰ ਤੱਕ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਸੀ। ਪਰ ਓਟਵਾ ਵੱਲੋਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਜਦੋਂ ਤੱਕ ਬਾਰਡਰ ਦੇ ਦੱਖਣ ਵੱਲ ਕੋਵਿਡ-19 ਮਾਮਲਿਆਂ ਵਿੱਚ ਇਜਾਫਾ ਹੋਣਾ ਬੰਦ ਨਹੀਂ ਹੁੰਦਾ ਉਦੋਂ ਤੱਕ ਬਾਰਡਰ ਨੂੰ ਬੰਦ ਹੀ ਰੱਖਿਆ ਜਾਵੇਗਾ।

ਟਰੂਡੋ ਨੇ ਆਖਿਆ ਕਿ ਜਲਦਬਾਜ਼ੀ ਵਿੱਚ ਸਰਹੱਦ ਖੋਲ੍ਹਣ ਤੋਂ ਬਾਅਦ ਪਛਤਾਉਣ ਤੋਂ ਵੱਧ ਸ਼ਰਮਿੰਦਗੀ ਵਾਲੀ ਹੋਰ ਕੋਈ ਗੱਲ ਨਹੀਂ ਹੋ ਸਕਦੀ। ਉਨ੍ਹਾਂ ਆਖਿਆ ਕਿ ਭਾਵੇਂ ਚੁਫੇਰਿਓਂ ਕੌਮਾਂਤਰੀ ਟਰੈਵਲ ਸ਼ੁਰੂ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੋਵੇ ਪਰ ਜਦੋਂ ਗੱਲ ਕੈਨੇਡੀਅਨਾਂ ਨੂੰ ਸੇਫ ਰੱਖਣ ਦੀ ਆਉਂਦੀ ਹੈ ਤਾਂ ਉਹ ਹਰ ਕਦਮ ਫੂਕ ਫੂਕ ਕੇ ਰੱਖਣ ਨੂੰ ਪਹਿਲ ਦਿੰਦੇ ਹਨ।

# ਹੈਲਥ ਕੈਨੇਡਾ ਵੱਲੋਂ ਕੋਵਿਡ-19 ਸਬੰਧੀ ਫਾਈਜ਼ਰ ਦੀ ਵੈਕਸੀਨ ਨੂੰ ਮਨਜ਼ੂਰੀ



ਓਟਵਾ, 10 ਦਸੰਬਰ (ਪੋਸਟ ਬਿਊਰੋ) : ਹੈਲਥ ਕੈਨੇਡਾ ਵੱਲੋਂ ਕੋਵਿਡ-19 ਸਬੰਧੀ ਪਹਿਲੀ ਵੈਕਸੀਨ ਦੀ ਵਰਤੋਂ ਲਈ ਹਰੀ ਝੰਡੀ ਦੇ ਦਿੱਤੀ ਗਈ ਹੈ। ਅਜਿਹਾ ਕਰਨ ਵਾਲਾ ਕੈਨੇਡਾ ਦੁਨੀਆ ਦਾ ਤੀਜਾ ਦੇਸ਼ ਬਣ ਗਿਆ ਹੈ।

ਅਮਰੀਕੀ ਡਰੱਗ ਨਿਰਮਾਤਾ ਕੰਪਨੀ ਫਾਈਜ਼ਰ ਦੀ ਵੈਕਸੀਨ ਪਹਿਲੀ ਅਜਿਹੀ ਵੈਕਸੀਨ ਬਣ ਗਈ ਹੈ ਜਿਸ ਨੂੰ ਰਸਮੀ ਤੌਰ ਉੱਤੇ ਵੰਡਣ ਦੀ ਇਜਾਜ਼ਤ ਦਿੱਤੀ ਗਈ ਹੈ। ਹੈਲਥ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਸਾਇੰਸ ਤੇ ਤਕਨਾਲੋਜੀ ਦੀ ਮਿਹਰਬਾਨੀ ਅਤੇ ਗਲੋਬਲ ਸਹਿਯੋਗ ਸਦਕਾ ਪਹਿਲੀ ਕੋਵਿਡ-19 ਵੈਕਸੀਨ ਨੂੰ ਮਨਜ਼ੂਰੀ ਦੇ ਕੇ ਕੈਨੇਡਾ ਕੋਵਿਡ-19 ਖਿਲਾਫ ਆਪਣੇ ਸੰਘਰਸ਼ ਦੇ ਅਹਿਮ ਮੁਕਾਮ ਉੱਤੇ ਪਹੁੰਚ ਗਿਆ ਹੈ।

ਹੈਲਥ ਕੈਨੇਡਾ ਨੂੰ ਮੁਲਾਂਕਣ ਲਈ ਫਾਈਜ਼ਰ ਵੱਲੋਂ 9 ਅਕਤੂਬਰ ਨੂੰ ਅਰਜ਼ੀ ਮਿਲੀ ਸੀ। ਇਸ ਤੋਂ ਬਾਅਦ ਇਸ ਦੇ ਆਜ਼ਾਦਾਨਾ ਮੁਲਾਂਕਣ ਮਗਰੋਂ ਹੈਲਥ ਕੈਨੇਡਾ ਨੇ ਪਾਇਆ ਕਿ ਫਾਈਜ਼ਰ-ਬਾਇਓਐਨਟੈਕ ਵੈਕਸੀਨ ਡਿਪਾਰਟਮੈਂਟ ਦੇ ਸੇਫਟੀ, ਪ੍ਰਭਾਵਸ਼ੀਲਤਾ ਤੇ ਕੁਆਲਟੀ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ ਤੇ ਕੈਨੇਡਾ ਵਿੱਚ ਵਰਤੋਂ ਲਈ ਸਹੀ ਹੈ। ਇਹ ਖਬਰ ਇਸ ਹਫਤੇ ਆਉਣ ਦੀ ਸੰਭਾਵਨਾ ਸੀ ਕਿਉਂਕਿ ਫੈਡਰਲ ਸਰਕਾਰ ਨੇ ਐਲਾਨ ਕੀਤਾ ਸੀ ਕਿ ਕੈਨੇਡਾ ਇਸ ਸਾਲ ਦੇ ਅੰਤ ਤੱਕ ਇਸ ਵੈਕਸੀਨ ਦੀ ਪਹਿਲੀ ਡੋਜ਼ ਹਾਸਲ ਕਰ ਲਵੇਗਾ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਇਸ ਵੈਕਸੀਨ ਦੀ ਪਹਿਲੀ ਖੇਪ ਅਗਲੇ ਹਫਤੇ ਹਾਸਲ ਹੋ ਜਾਵੇਗੀ ਤੇ ਦਸੰਬਰ ਦੇ ਅੰਤ ਤੱਕ ਕੈਨੇਡਾ ਨੂੰ ਫਾਈਜ਼ਰ ਵੈਕਸੀਨ ਦੀ 249,000 ਡੋਜ਼ਾਂ ਮਿਲ ਜਾਣਗੀਆਂ। ਫੈਡਰਲ ਸਿਹਤ ਅਧਿਕਾਰੀਆਂ ਅਨੁਸਾਰ ਇੱਕ ਅੰਦਾਜ਼ੇ ਮੁਤਾਬਕ 40 ਤੋਂ 50 ਫੀ ਸਦੀ ਕੈਨੇਡੀਅਨਾਂ ਨੂੰ ਜੂਨ ਤੱਕ ਇਸ ਵੈਕਸੀਨ ਦੇ ਟੀਕੇ ਲਾ ਦਿੱਤੇ ਜਾਣਗੇ। ਡਿਪਟੀ ਚੀਫ ਪਬਲਿਕ ਹੈਲਥ ਅਧਿਕਾਰੀ ਡਾ. ਹੌਵਰਡ ਨਜੂ ਨੇ ਆਖਿਆ ਕਿ ਆਖਿਰਕਾਰ ਸਾਨੂੰ ਵੀ ਸਕਾਰਾਤਮਕ ਰੌਂਅ ਰੱਖਣ ਦਾ ਕਾਰਨ ਮਿਲਿਆ। ਅਸੀਂ ਵੀ ਇਸ ਗੱਲ ਨੂੰ ਲੈ ਕੇ ਉਤਸ਼ਾਹ ਵਿੱਚ ਹਾਂ ਕਿ ਹੁਣ ਹਾਲਾਤ ਸਾਜ਼ਗਾਰ ਹੋ ਜਾਣਗੇ ਤੇ ਅਸੀਂ ਕੋਵਿਡ-19 ਤੋਂ ਪਹਿਲਾਂ ਵਾਲੇ ਸਮੇਂ ਵਾਂਗ ਆਮ ਜ਼ਿੰਦਗੀ ਜੀਅ ਸਕਾਂਗੇ।

# ਮਿਸੀਸਾਗਾ ਵਿੱਚ ਹਿੱਟ ਐਂਡ ਰਨ ਮਾਮਲੇ ਵਿੱਚ ਮਹਿਲਾ ਦੀ ਹੋਈ ਮੌਤ




ਮਿਸੀਸਾਗਾ, 10 ਦਸੰਬਰ (ਪੋਸਟ ਬਿਊਰੋ) : ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਮਿਸੀਸਾਗਾ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ। ਪੁਲਿਸ ਇਸ ਨੂੰ ਹਿੱਟ ਐਂਡ ਰਨ ਦਾ ਮਾਮਲਾ ਮੰਨ ਰਹੀ ਹੈ।

ਇੱਕ ਕਾਰ ਸਵਾਰ ਵੱਲੋਂ ਸੜਕ ਉੱਤੇ ਜ਼ਖ਼ਮੀ ਪਈ ਮਹਿਲਾ ਨੂੰ ਵੇਖ ਕੇ ਸ਼ਾਮੀਂ 7:45 ਉੱਤੇ ਪੁਲਿਸ ਨੂੰ ਟੌਮਕਨ ਰੋਡ ਤੇ ਮੇਯਰਸਾਈਡ ਡਰਾਈਵ ਉੱਤੇ ਸੱਦਿਆ ਗਿਆ। ਉਸ ਮੋਟਰਿਸਟ ਨੇ ਗੱਡੀ ਵਿੱਚੋਂ ਉੱਤਰ ਕੇ ਸੜਕ ਦੇ ਵਿਚਕਾਰ ਪਈ ਮਹਿਲਾ ਨੂੰ ਸੜਕ ਕਿਨਾਰੇ ਲਿਆਂਦਾ। ਉਸ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ।

ਪੁਲਿਸ ਇਸ ਨੂੰ ਭਾਵੇਂ ਹਿੱਟ ਐਂਡ ਰਨ ਦਾ ਮਾਮਲਾ ਮੰਨ ਰਹੀ ਹੈ ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਉਸ ਦੇ ਜ਼ਖ਼ਮ ਕਿਸੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਹੋਏ ਸਨ ਜਾਂ ਉਨ੍ਹਾਂ ਦੀ ਕੋਈ ਹੋਰ ਵਜ੍ਹਾ ਸੀ।

# ਪੈਨਡੈਮਿਕ ਬੈਨੇਫਿਟਸ ਵਜੋਂ ਹਾਸਲ ਹੋਏ ਹਜ਼ਾਰਾਂ ਡਾਲਰ ਮੋੜਨ ਲਈ ਸੀ ਆਰ ਏ ਨੇ ਕੈਨੇਡੀਅਨਾਂ ਨੂੰ ਦਿੱਤਾ ਨੋਟਿਸ!




ਓਟਵਾ, 10 ਦਸੰਬਰ (ਪੋਸਟ ਬਿਊਰੋ) : ਪਿਛਲੇ ਹਫਤੇ ਕੈਨੇਡਾ ਰੈਵਨਿਊ ਏਜੰਸੀ (ਸੀ ਆਰ ਏ) ਵੱਲੋਂ ਪੱਤਰ ਹਾਸਲ ਹੋਣ ਤੋਂ ਬਾਅਦ ਕੁੱਝ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਉਹ ਸ਼ੌਕ ਵਿੱਚ ਹਨ ਕਿਉਂਕਿ ਉਨ੍ਹਾਂ ਨੂੰ ਏਜੰਸੀ ਵੱਲੋਂ ਆਖਿਆ ਜਾ ਰਿਹਾ ਹੈ ਕਿ ਪੈਨਡੈਮਿਕ ਬੈਨੇਫਿਟਸ ਦੇ ਰੂਪ ਵਿੱਚ ਹਾਸਲ ਹੋਏ ਹਜ਼ਾਰਾਂ ਡਾਲਰ ਉਨ੍ਹਾਂ ਨੂੰ ਮੋੜਨੇ ਹੋਣਗੇ। ਏਜੰਸੀ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਅਜਿਹਾ ਇਸ ਲਈ ਕਰਨਾ ਹੋਵੇਗਾ ਕਿਉਂਕਿ ਕੈਨੇਡਾ ਦੇ ਐਮਰਜੰਸੀ ਰਿਸਪਾਂਸ ਬੈਨੇਫਿਟ ਲਈ ਉਹ ਲੋਕ ਯੋਗ ਹੀ ਨਹੀਂ ਸਨ।

ਸੀ ਆਰ ਏ ਵੱਲੋਂ ਉਨ੍ਹਾਂ ਕੈਨੇਡੀਅਨਾਂ ਨੂੰ 31 ਦਸੰਬਰ ਤੱਕ ਸੀਈਆਰਬੀ (ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ) ਮੋੜਨ ਲਈ ਆਖਿਆ ਜਾ ਰਿਹਾ ਹੈ ਜਿਨ੍ਹਾਂ ਨੂੰ ਇਹ ਪੱਤਰ ਹਾਸਲ ਹੋਏ ਹਨ। ਸੀ ਆਰ ਏ ਦਾ ਕਹਿਣਾ ਹੈ ਕਿ ਅਜਿਹਾ ਕਰਨਾ ਇਸ ਲਈ ਜ਼ਰੂਰੀ ਹੈ ਤਾਂ ਕਿ ਟੈਕਸ ਮੋੜਨ ਸਮੇਂ ਉਨ੍ਹਾਂ ਉੱਤੇ ਇਹ ਗੱਲ ਨਕਾਰਾਤਮਕ ਤੌਰ ਉੱਤੇ ਅਸਰ ਨਾ ਪਾਵੇ। ਜਿਨ੍ਹਾਂ ਨੂੰ ਇਹ ਪੱਤਰ ਹਾਸਲ ਹੋਏ ਹਨ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਸ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਇਨ੍ਹਾਂ ਬੈਨੇਫਿਟਜ਼ ਲਈ ਅਪਲਾਈ ਕਰਦੇ ਸਮੇਂ ਆਪਣੀ ਨੈੱਟ ਆਮਦਨ ਦੀ ਥਾਂ ਆਪਣੀ ਕੁੱਲ ਆਮਦਨ ਭਰੀ ਸੀ। ਉਨ੍ਹਾਂ ਦਾ ਇਹ ਵੀ ਆਖਣਾ ਹੈ ਕਿ ਸਰਕਾਰੀ ਵੈੱਬਸਾਈਟ ਉੱਤੇ ਕਿਤੇ ਵੀ ਇਹ ਜ਼ਿਕਰ ਨਹੀਂ ਸੀ ਕਿ ਆਪਣੀ ਨੈੱਟ ਆਮਦਨ ਦੀ ਵਰਤੋਂ ਕਰਕੇ ਉਹ ਫਾਰਮ ਭਰਨਾ ਸੀ।

ਪਰਸਨਲ ਫਾਇਨਾਂਸ ਉੱਤੇ ਕਿਤਾਬਾਂ ਲਿਖਣ ਵਾਲੀ ਟੋਰਾਂਟੋ ਸਟਾਰ ਦੀ ਸਾਬਕਾ ਫਾਇਨਾਂਸ਼ੀਅਲ ਕਾਲਮਨਿਸਟ ਤੇ ਸੀਬੀਸੀ ਦੀ ਹੋਸਟ ਐਲੀਸਨ ਗ੍ਰਿਫਿਥਸ ਨੇ ਆਖਿਆ ਕਿ ਇਸ ਤਰ੍ਹਾਂ ਦੇ ਪੱਤਰ ਮਿਲਣ ਨਾਲ ਉਸ ਨੂੰ ਕਾਫੀ ਝਟਕਾ ਲੱਗਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਸਾਰੇ ਪੇਪਰਵਰਕ ਉੱਤੇ ਨਜ਼ਰ ਮਾਰੀ ਗਈ, ਇੰਟਰਨੈੱਟ ਉੱਤੇ ਸਾਰੀਆਂ ਸ਼ਰਤਾਂ ਮੁੜ ਪੜ੍ਹੀਆਂ ਗਈਆਂ ਪਰ ਉਨ੍ਹਾਂ ਨੂੰ ਕਿਤੇ ਵੀ ਸਰਕਾਰੀ ਦਸਤਾਵੇਜ਼ ਵਿੱਚ ਨੈੱਟ ਲਫ਼ਜ਼ ਨਹੀਂ ਮਿਲਿਆ। ਆਪਣੇ ਆਪ ਨੂੰ ਫਾਇਨਾਂਸ਼ੀਅਲ ਤੌਰ ਉੱਤੇ ਸਾਖਰ ਮੰਨਣ ਵਾਲੀ ਗ੍ਰਿਫਿਥਸ ਨੇ ਆਪਣੇ ਲਈ, ਆਪਣੇ ਪਤੀ ਲਈ ਤੇ ਆਪਣੀ ਧੀ ਲਈ ਸੀ ਈ ਆਰ ਬੀ ਵਾਸਤੇ ਅਪਲਾਈ ਕੀਤਾ ਸੀ।

ਉਨ੍ਹਾਂ ਆਖਿਆ ਕਿ ਕੈਨੇਡਾ ਸਰਕਾਰ ਦੀ ਵੈੱਬਸਾਈਟ ਉੱਤੇ ਲਿਖਿਆ ਸੀ ਕਿ 2000 ਡਾਲਰ ਦੀ ਮਹੀਨਾਵਾਰ ਅਦਾਇਗੀ ਲਈ ਉਨ੍ਹਾਂ ਦੇ ਪਰਿਵਾਰ ਦੇ ਹਰ ਜੀਅ ਨੇ ਸੈਲਫ ਇੰਪਲੌਇਮੈਂਟ ਜਾਂ ਨੌਕਰੀ ਕਰਕੇ ਪਿਛਲੇ 12 ਮਹੀਨਿਆਂ ਵਿੱਚ 5000 ਡਾਲਰ ਕਮਾਏ ਹੋਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਸੀ ਆਰ ਏ ਤੋਂ ਪੱਤਰ ਹਾਸਲ ਹੋਣ ਤੋਂ ਬਾਅਦ ਉਨ੍ਹਾਂ ਕਈ ਪੇਜ ਮੁੜ ਜਾਂਚੇ ਤੇ ਕੈਨੇਡਾ ਦੀ ਵੈੱਬਸਾਈਟ ਨੂੰ ਖੰਘਾਲਿਆ। ਉੱਥੇ ਉਨ੍ਹਾਂ ਨੂੰ ਨੈੱਟ ਇਨਕਮ ਵਾਲੀ ਸ਼ਰਤ ਦਾ ਪਤਾ ਲੱਗਿਆ। ਪਰ ਅਜੇ ਵੀ ਇਸ ਵੈੱਬਸਾਈਟ ਉੱਤੇ ਨੈੱਟ ਆਮਦਨ ਵਾਲੀ ਸ਼ਰਤ ਕਿਤੇ ਵੀ ਯੋਗਤਾ ਲਈ ਲੋੜੀਂਦੀਆਂ ਸ਼ਰਤਾਂ ਨਾਲ ਦਰਜ ਨਹੀਂ ਹੈ।

ਇਸੇ ਤਰ੍ਹਾਂ ਚਾਰਟਰਡ ਪ੍ਰੋਫੈਸ਼ਨਲ ਐਕਾਊਂਟੈਂਟ ਪੇਦਰਮ ਨਾਸੇਹ ਨੇ ਦੱਸਿਆ ਕਿ ਉਨ੍ਹਾਂ ਨੂੰ ਕਈ ਈਮੇਲਜ਼, ਮੈਸੇਜਿਜ਼ ਤੇ ਫੋਨ ਕਾਲਜ਼ ਆ ਰਹੀਆਂ ਹਨ ਕਿਉਂਕਿ ਉਨ੍ਹਾਂ ਦੇ ਕਲਾਇੰਟਸ ਨੂੰ ਵੀ ਇਸ ਤਰ੍ਹਾਂ ਦੇ ਪੱਤਰ ਸੀਆਰਏ ਵੱਲੋਂ ਹਾਸਲ ਹੋਏ ਹਨ। ਉਨ੍ਹਾਂ ਆਖਿਆ ਕਿ ਹੁਣ ਲੋਕ ਇਸ ਲਈ ਪਰੇਸ਼ਾਨ ਹਨ ਕਿਉਂਕਿ ਉਹ ਆਪਣੀ ਗੁਜ਼ਰ ਬਸਰ ਲਈ ਪੈਸਾ ਖਰਚ ਕਰ ਚੁੱਕੇ ਹਨ। ਕਈ ਲੋਕ ਆਪਣੀਆਂ ਨੌਕਰੀਆਂ ਤੇ ਬਿਜ਼ਨਸ ਗੁਆ ਚੁੱਕੇ ਹਨ ਤੇ ਉਹ ਕਾਫੀ ਘਬਰਾਏ ਹੋਏ ਹਨ। ਸੀਈਆਰਬੀ ਲਈ ਅਪਲਾਈ ਕਰਨ ਵਾਲਿਆਂ ਵਿੱਚੋਂ ਬਹੁਤਿਆਂ ਨੂੰ ਇਹੋ ਲੱਗਿਆ ਕਿ ਕੁੱਲ ਆਮਦਨ ਹੀ ਭਰਨੀ ਹੈ ਕਿਉਂਕਿ ਆਮਦਨ ਦਾ ਫਰਕ ਸਪਸ਼ਟ ਨਹੀਂ ਸੀ ਕੀਤਾ ਗਿਆ।

ਮਿਊਜ਼ੀਸ਼ੀਅਨ ਟੋਨੀ ਕਾਰਲੂਚੀ ਨੇ ਆਖਿਆ ਕਿ ਮਹਾਂਮਾਰੀ ਕਾਰਨ ਉਸ ਦੀ ਇੰਡਸਟਰੀ ਬੰਦ ਪਈ ਹੈ ਤੇ ਉਸ ਨੂੰ ਸੀ ਈ ਆਰ ਬੀ ਦੀ ਲੋੜ ਸੀ। ਪਰ ਹੁਣ ਪੱਤਰ ਮਿਲਣ ਤੋਂ ਬਾਅਦ ਉਹ ਬਹੁਤ ਪਰੇਸ਼ਾਨ ਹੈ। ਉਸ ਨੇ ਆਖਿਆ ਕਿ ਲੱਗਦਾ ਹੈ ਕਿ ਆਖਰੀ ਮਿੰਟ ਨਿਯਮਾਂ ਵਿੱਚ ਫੇਰਬਦਲ ਕੀਤਾ ਗਿਆ। ਦੂਜੇ ਪਾਸੇ ਸੀਆਰਏ ਨੇ ਸਪਸ਼ਟ ਕੀਤਾ ਹੈ ਕਿ 31 ਦਸੰਬਰ ਤੱਕ ਰਕਮ ਮੋੜਨ ਦੀ ਗੱਲ ਟੈਕਸ ਰਿਟਰਨ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਭੰਬਲਭੂਸੇ ਵਾਲੀ ਸਥਿਤੀ ਤੋਂ ਬਚਣ ਲਈ ਕੀਤੀ ਗਈ ਸਿਫਾਰਿਸ਼ ਹੀ ਹੈ ਤੇ ਇਸ ਨੂੰ ਪੇਅਮੈਂਟ ਲਈ ਡੈੱਡਲਾਈਨ ਨਹੀਂ ਮੰਨਿਆ ਜਾਣਾ ਚਾਹੀਦਾ।

ਇਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਦੱਸਿਆ ਕਿ ਮਹਾਂਮਾਰੀ ਦੇ ਦਿਨਾਂ ਵਿੱਚ ਤੇਜ਼ੀ ਨਾਲ ਦਿੱਤੀਆਂ ਗਈਆਂ ਸੀ ਈ ਆਰ ਬੀ ਤੇ ਹੋਰ ਐਮਰਜੰਸੀ ਪੇਅਮੈਂਟਸ ਦੀ ਹੁਣ ਜਾਂਚ ਕੀਤੀ ਜਾ ਰਹੀ ਹੈ ਤੇ ਜਿਨ੍ਹਾਂ ਲੋਕਾਂ ਨੇ ਨੈੱਟ ਆਮਦਨ ਨੂੰ ਲੈ ਕੇ ਅਨਜਾਣੇ ਵਿੱਚ ਕੋਈ ਗਲਤੀ ਕੀਤੀ ਹੈ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਜੁਰਮਾਨਾ ਨਹੀਂ ਲਾਇਆ ਜਾਵੇਗਾ।

# ਛੁਰੇਬਾਜ਼ੀ ਦੀ ਘਟਨਾ ਦੇ ਸਬੰਧ ਵਿੱਚ ਦੋ ਮਹਿਲਾਵਾਂ ਗ੍ਰਿਫਤਾਰ, ਇੱਕ ਪੁਰਸ਼ ਫਰਾਰ



ਓਨਟਾਰੀਓ, 10 ਦਸੰਬਰ (ਪੋਸਟ ਬਿਊਰੋ) : ਵਿਲਸਨ ਐਵਨਿਊ ਤੇ ਐਲਨ ਰੋਡ ਨੇੜੇ ਇੱਕ ਵਿਅਕਤੀ ਉੱਤੇ ਤੇਜ਼ ਧਾਰ ਹਥਿਆਰ ਨਾਲ ਵਾਰ ਕਰਨ ਦੇ ਮਾਮਲੇ ਵਿੱਚ ਦੋ ਮਹਿਲਾਵਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਇੱਕ ਪੁਰਸ਼ ਦੀ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਛੁਰੇਬਾਜ਼ੀ ਦੀ ਘਟਨਾ ਵਾਪਰਨ ਉਪਰੰਤ ਪੁਲਿਸ ਨੂੰ ਸ਼ਾਮੀਂ 5:00 ਵਜੇ ਵਿਲਸਨ ਐਂਡ ਚੈਂਪਲੇਨ ਬੋਲੀਵੀਆਰਡ ਸੱਦਿਆ ਗਿਆ। ਮੌਕੇ ਉੱਤੇ ਪਹੁੰਚ ਕੇ ਪੁਲਿਸ ਨੇ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਾਇਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਮਸ਼ਕੂਕ ਇੱਕ ਗੱਡੀ ਵਿੱਚ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਈਆਂ। ਪਰ ਪੁਲਿਸ ਨੇ ਉਨ੍ਹਾਂ ਨੂੰ ਲੱਭ ਲਿਆ। ਦੋ ਮਹਿਲਾਵਾਂ ਨੂੰ ਤਾਂ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਇੱਕ ਪੁਰਸ਼, ਜੋ ਪੈਦਲ ਹੀ ਫਰਾਰ ਹੋ ਗਿਆ, ਦੀ ਪੁਲਿਸ ਭਾਲ ਕਰ ਰਹੀ ਹੈ।

ਪੁਲਿਸ ਅਧਿਕਾਰੀਆਂ ਵੱਲੋਂ ਇੱਕ ਸਿਆਹ ਨਸਲ ਦੇ ਵਿਅਕਤੀ, ਜਿਸ ਦਾ ਕੱਦ ਪੰਜ ਫੁੱਟ 11 ਇੰਚ ਹੈ ਤੇ ਡੀਲ ਡੌਲ ਤਕੜਾ ਹੈ, ਦੀ ਭਾਲ ਕੀਤੀ ਜਾ ਰਹੀ ਹੈ। ਉਸ ਵਿਅਕਤੀ ਨੇ ਗੂੜ੍ਹੇ ਨੀਲੇ ਰੰਗ ਦੀ ਜੈਕੇਟ ਪਾਈ ਹੋਈ ਹੈ, ਜਿਸ ਦੀ ਹੁੱਡ ਉੱਤੇ ਫਰ ਹੈ ਤੇ ਉਸ ਦੇ ਪੈਰੀਂ ਗੋਲ ਸਲਿੱਪਰਜ਼ ਹਨ।

# ਦਸੰਬਰ ਦੇ ਅੰਤ ਵਿੱਚ ਕੈਨੇਡਾ ਨੂੰ ਮਿਲਣਗੀਆਂ ਕੋਵਿਡ-19 ਵੈਕਸੀਨ ਦੀਆਂ 250,000 ਡੋਜ਼ਾਂ

## ਕੈਨੇਡਾ ਫੈਡਰਲ ਲਿਬਰਲ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਕੈਨੇਡੀਅਨਾਂ ਨੂੰ ਪਹਿਲ ਦੇ ਅਧਾਰ 'ਤੇ ਮਿਲ ਸਕੇਗੀ ਕੋਵਿਡ-19 ਵੈਕਸੀਨ : ਸੋਨੀਆ ਸਿੱਧੂ



ਬਰੈਂਪਟਨ - ਕੈਨੇਡਾ ਸਰਕਾਰ ਵੱਲੋਂ ਕੋਵਿਡ-19 ਵੈਕਸੀਨ ਦੀ ਪਹਿਲੀ ਖੇਪ ਇਸ ਮਹੀਨੇ ਦੇ ਅੰਤ ਤੱਕ ਕੈਨੇਡਾ ਪਹੁੰਚੇਗੀ। ਇਹ ਵੈਕਸੀਨ ਫਾਈਜ਼ਰ-ਬਾਇਓ ਐਨਟੈਕ ਕੰਪਨੀ ਦੀ ਹੋਵੇਗੀ ਅਤੇ 2,49000 ਵੈਕਸੀਨਾਂ ਦੀ ਇਹ ਪਹਿਲੀ ਖੇਪ ਇਸੇ ਮਹੀਨੇ ਮਹੀਨੇ ਦੌਰਾਨ ਕੈਨੇਡਾ 'ਚ ਪਹੁੰਚ ਜਾਵੇਗੀ। ਕੈਨੇਡਾ ਸਰਕਾਰ ਨੇ ਇਸ ਗੱਲ ਦੀ ਵੀ ਪੁਸ਼ਟੀ ਕਰ ਦਿੱਤੀ ਹੈ ਕਿ ਅਜਿਹੀਆਂ ਹੀ ਹੋਰ ਖੇਪਾਂ 2021 'ਚ ਵੀ ਆਉਣੀਆਂ ਜਾਰੀ ਰਹਿਣਗੀਆਂ। ਇਸ ਹਫਤੇ ਫਾਈਜ਼ਰ ਕੰਪਨੀ ਵੱਲੋਂ ਕੁੱਲ ਕੈਨੇਡਾ ਦੀਆਂ 14 ਸਾਈਟਾਂ 'ਤੇ ਟੀਕਾਕਰਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ ਜਿਹੜੀ ਵੀ ਵੈਕਸੀਨ ਕੈਨੇਡਾ ਦੀ ਹੈਲਥ ਏਜੰਸੀ ਵੱਲੋਂ ਐਪਰੂਵ ਕੀਤੀ ਜਾਵੇਗੀ, ਉਸਨੂੰ ਪਹਿਲ ਦੇ ਆਧਾਰ 'ਤੇ ਕੈਨੇਡੀਅਨਜ਼ ਤੱਕ ਪਹੁੰਚਾਇਆ ਜਾਵੇਗਾ।

ਉਹਨਾਂ ਨੇ ਕਿਹਾ ਕਿ ਕੋਵਿਡ-19 ਦੌਰਾਨ ਵਿੱਤੀ ਸਹਾਇਤਾ ਤੋਂ ਲੈਕੇ ਸਿਹਤ ਸੁਰੱਖਿਆ ਤੱਕ ਕੈਨੇਡਾ ਸਰਕਾਰ ਹਰ ਕਦਮ 'ਤੇ ਕੈਨੇਡੀਅਨਜ਼ ਦੇ ਨਾਲ ਖੜ੍ਹੀ ਰਹੀ ਹੈ। ਹੁਣ, ਜਦੋਂ ਕੋਵਿਡ-19 ਵੈਕਸੀਨ ਦੀ ਗੱਲ ਕਰੀਏ ਤਾਂ ਇਹ ਕੈਨੇਡਾ ਫੈਡਰਲ ਲਿਬਰਲ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਹੀ ਨਤੀਜਾ ਹੈ ਕਿ ਹੁਣ ਕੈਨੇਡੀਅਨਾਂ ਨੂੰ ਜਲਦ ਤੋਂ ਜਲਦ ਕੋਵਿਡ-19 ਵੈਕਸੀਨ ਮਿਲ ਸਕੇਗੀ। ਦਸੰਬਰ ਦੇ ਅੰਤ ਵਿਚ ਕੈਨੇਡਾ ਨੂੰ ਕੋਵਿਡ-19 ਵੈਕਸੀਨ ਦੀਆਂ 250,000 ਡੋਜ਼ਾਂ ਮਿਲਣਗੀਆਂ ਅਤੇ ਅਜਿਹੀਆਂ ਹੀ ਹੋਰ ਕਈ ਮਿਲੀਅਨ ਡੋਜ਼ਾਂ ਹੋਰ ਇੱਥੇ ਪਹੁੰਚਣ ਵਾਲੀਆਂ ਹਨ।

ਸੋਨੀਆ ਸਿੱਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਾਈਜ਼ਰ ਤੋਂ ਇਲਾਵਾ, 6 ਹੋਰ ਕੰਪਨੀਆਂ ਜਿਵੇਂ ਕਿ ਮੋਡਰਨਾ, ਐਸਟਰਾਜੈਨੇਕਾ-ਆਕਸਫੋਰਡ, ਜਾਨਸਨ ਐਂਡ ਜਾਨਸਨ ਵੀ ਸੰਭਾਵੀ ਵੈਕਸੀਨ ਉਮੀਦਵਾਰਾਂ ਦੀ ਸੂਚੀ 'ਚ ਸ਼ਾਮਲ ਹਨ।

ਹਾਲਾਂਕਿ, ਇਸ ਰਾਹਤ ਭਰੀ ਖਬਰ ਦੇ ਨਾਲ ਹੀ ਉਹਨਾਂ ਨੇ ਬਰੈਂਪਟਨ ਸਾਊਥ ਦੇ ਵਸਨੀਕਾਂ ਨੂੰ ਅਪੀਲ ਵੀ ਕੀਤੀ ਕਿ ਅਜੇ ਖ਼ਤਰਾ ਟਲਿਆ ਨਹੀਂ ਹੈ, ਸੋ ਸਿਹਤ ਮਾਹਰਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਰਹੋ ਤਾਂ ਜੋ ਅਸੀਂ ਰਲ-ਮਿਲ ਕੇ ਇਸ ਮਹਾਂਮਾਰੀ ਨੂੰ ਹਰਾ ਸਕੀਏ।

# ਯੌਰਕ ਨੂੰ ਲਾਕਡਾਊਨ ਤੋਂ ਬਾਹਰ ਰੱਖਣ ਦੇ ਹੱਕ ਵਿੱਚ ਹਨ ਮਾਰਖਮ ਦੇ ਮੇਅਰ



ਮਾਰਖਮ, 10 ਦਸੰਬਰ (ਪੋਸਟ ਬਿਊਰੋ) : ਮਾਰਖਮ ਦੇ ਮੇਅਰ ਦਾ ਕਹਿਣਾ ਹੈ ਕਿ ਪ੍ਰੋਵਿੰਸ ਵੱਲੋਂ ਯੌਰਕ ਰੀਜਨ ਨੂੰ ਰੈੱਡ ਕੰਟਰੋਲ ਜ਼ੋਨ ਵਿੱਚ ਰੱਖਣ ਦੇ ਫੈਸਲੇ ਦਾ ਉਹ ਸਮਰਥਨ ਕਰਦੇ ਹਨ ਪਰ ਉਹ ਚਾਹੁੰਦੇ ਹਨ ਕਿ ਕੋਵਿਡ-19 ਨੂੰ ਨਿਯੰਤਰਿਤ ਰੱਖਣ ਲਈ ਕੁੱਝ ਹੋਰ ਪਾਬੰਦੀਆਂ ਲਾਈਆਂ ਜਾਂਦੀਆਂ।

ਫਰੈਂਕ ਸਕਾਰਪਿੱਤੀ ਨੇ ਪ੍ਰੋਵਿੰਸ ਦੇ ਸਿਹਤ ਅਧਿਕਾਰੀਆਂ ਨੂੰ ਕੀਤੀ ਵਿਸ਼ੇਸ਼ ਦਰਖ਼ੁਆਸਤ ਵਿੱਚ ਆਖਿਆ ਕਿ ਯੌਰਕ ਨੂੰ ਲਾਕਡਾਊਨ ਵਿੱਚ ਨਾ ਰੱਖਿਆ ਜਾਵੇ। ਉਨ੍ਹਾਂ ਆਖਿਆ ਕਿ ਯੌਰਕ ਵਿੱਚ ਇਨਫੈਕਸ਼ਨ ਦੀ ਦਰ 6.6 ਫੀ ਸਦੀ ਹੈ ਪਰ ਪਰ ਇਸ ਡਾਟਾ ਤੋਂ ਇਹੋ ਸਾਹਮਣੇ ਆਇਆ ਹੈ ਕਿ ਨਿੱਕੇ ਕਾਰੋਬਾਰਾਂ ਜਿਵੇਂ ਕਿ ਰੈਸਟੋਰੈਂਟਸ ਵਿੱਚ ਕੋਵਿਡ-19 ਦਾ ਪਸਾਰ ਨਾਂਹ ਬਰਾਬਰ ਹੈ। ਉਨ੍ਹਾਂ ਆਖਿਆ ਕਿ ਵੱਡੇ ਰੀਟੇਲਰਜ਼ ਤੇ ਸ਼ਾਪਿੰਗ ਮਾਲਜ਼ ਵਿੱਚ ਸਖ਼ਤੀ ਕਰਕੇ ਕੋਵਿਡ-19 ਦੇ ਪਸਾਰ ਨੂੰ ਰੋਕਿਆ ਜਾ ਸਕਦਾ ਹੈ।

ਇਸ ਨਾਲ ਨਵੀਆਂ ਪਾਬੰਦੀਆਂ ਨਾਲ ਨਿੱਕੇ ਕਾਰੋਬਾਰਾਂ ਤੇ ਰੈਸਟੋਰੈਂਟਸ ਆਦਿ ਨੂੰ ਆਪਰੇਟ ਕਰਨ ਦੀ ਖੁੱਲ੍ਹ ਦਿੱਤੀ ਜਾ ਸਕਦੀ ਹੈ। ਸਾਨੂੰ ਵੀ ਇਹੋ ਲੱਗਦਾ ਹੈ ਕਿ ਨਿੱਕੇ ਰੀਟੇਲਰਜ਼ ਬਹੁਤ ਹੀ ਫੂਕ ਫੂਕ ਕੇ ਕਦਮ ਰੱਖ ਰਹੇ ਹਨ ਤੇ ਉਨ੍ਹਾਂ ਦੀ ਐਨੀ ਮਦਦ ਤਾਂ ਜ਼ਰੂਰ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਉਹ ਯੌਰਕ ਦੇ ਮੈਡੀਕਲ ਆਫੀਸਰ ਆਫ ਹੈਲਥ ਕਰੀਮ ਕੁਰਜ਼ੀ ਦਾ ਵੀ ਸਮਰਥਨ ਕਰਦੇ ਹਨ, ਜਿਨ੍ਹਾਂ ਨੇ ਇਹ ਭਰੋਸਾ ਪ੍ਰਗਟਾਇਆ ਹੈ ਕਿ ਰੀਜਨ ਨੂੰ ਲਾਕਡਾਊਨ ਵਿੱਚ ਰੱਖਣ ਦੀ ਕੋਈ ਲੋੜ ਨਹੀਂ ਹੈ।

# ਓਨਟਾਰੀਓ ਵਿੱਚ ਸ਼ਰਾਬ ਦੀ ਰੈਸਟੋਰੈਂਟਸ ਤੋਂ ਟੇਕਆਊਟ ਤੇ ਡਲਿਵਰੀ ਨੂੰ ਕੀਤਾ ਗਿਆ ਪਰਮਾਨੈਂਟ



ਓਨਟਾਰੀਓ, 10 ਦਸੰਬਰ (ਪੋਸਟ ਬਿਊਰੋ): ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਰੈਸਟੋਰੈਂਟ ਤੋਂ ਸ਼ਰਾਬ ਦੀ ਟੇਕਆਊਟ ਤੇ ਡਲਿਵਰੀ ਸਬੰਧੀ ਹੁਕਮਾਂ ਨੂੰ ਸਥਾਈ ਤੌਰ ਉੱਤੇ ਲਾਗੂ ਕਰ ਦਿੱਤਾ ਗਿਆ ਹੈ।

ਅਲਕੋਹਲ ਐਂਡ ਗੇਮਿੰਗ ਕਮਿਸ਼ਨ ਆਫ ਓਨਟਾਰੀਓ ਨੇ ਮਾਰਚ ਵਿੱਚ ਇਹ ਐਲਾਨ ਕੀਤਾ ਸੀ ਕਿ ਜਿਨ੍ਹਾਂ ਬਾਰਜ਼ ਤੇ ਰੈਸਟੋਰੈਂਟਸ ਕੋਲ ਪਹਿਲਾਂ ਤੋਂ ਹੀ ਲੀਕਰ ਲਾਇਸੰਸ ਹਨ ਉਹ ਸ਼ਰਾਬ ਵੇਚ ਸਕਣਗੇ। ਇਨ੍ਹਾਂ ਵਿੱਚ ਤੀਜੀ ਪਾਰਟੀ ਐਪ ਰਾਹੀਂ ਸ਼ਰਾਬ ਦੀ ਵਿੱਕਰੀ ਦੀ ਵੀ ਖੁੱਲ੍ਹ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਬਾਰਜ਼ ਤੇ ਰੈਸਟੋਰੈਂਟਸ ਨੂੰ ਕੋਵਿਡ-19 ਮਹਾਂਮਾਰੀ ਕਾਰਨ ਕਾਫੀ ਸੰਘਰਸ਼ ਕਰਨਾ ਪੈ ਰਿਹਾ ਹੈ। ਕੋਵਿਡ-19 ਦੇ ਮਾਮਲਿਆਂ ਵਿੱਚ ਹੋਏ ਵਾਧੇ ਕਾਰਨ ਟੋਰਾਂਟੋ ਤੇ ਪੀਲ ਰੀਜਨ ਵਿੱਚ ਇੰਡੋਰ ਤੇ ਆਊਟਡੋਰ ਡਾਈਨਿੰਗ ਬੰਦ ਹੋਣ ਕਾਰਨ ਵੀ ਇਨ੍ਹਾਂ ਬਾਰਜ ਤੇ ਰੈਸਟੋਰੈਂਟਸ ਦਾ ਮਾੜਾ ਹਾਲ ਹੈ।

ਪ੍ਰੋਵਿੰਸ ਵੱਲੋਂ ਜਾਰੀ ਕੀਤੀ ਗਈ ਰਲੀਜ਼ ਵਿੱਚ ਅਟਾਰਨੀ ਜਨਰਲ ਡੱਗ ਡਾਊਨੀ ਨੇ ਆਖਿਆ ਕਿ ਅਸੀਂ ਲੋਕਲ ਰੈਸਟਰੈਂਟਸ, ਬਾਰਜ਼ ਤੇ ਹੋਰ ਕਾਰੋਬਾਰੀ ਅਦਾਰਿਆਂ ਨੂੰ ਸਮਰਥਨ ਦੇਣ ਲਈ ਮਹਾਂਮਾਰੀ ਦੇ ਸ਼ੁਰੂ ਹੋਣ ਸਮੇਂ ਲਏ ਗਏ ਫੈਸਲੇ ਉੱਤੇ ਹੀ ਅਮਲ ਕਰ ਰਹੇ ਹਾਂ। ਇਸ ਲਈ ਅਸੀਂ ਵਰਕਰਜ਼ ਤੇ ਨਿੱਕੇ ਕਾਰੋਬਾਰੀਆਂ ਦੀ ਮਦਦ ਲਈ ਇਹ ਫੈਸਲਾ ਲਿਆ ਹੈ ਤਾਂ ਕਿ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਦੀ ਘੱਟ ਮਾਰ ਸਹਿਣੀ ਪਵੇ।

ਇਹ ਵੀ ਆਖਿਆ ਗਿਆ ਕਿ ਟੇਕਆਊਟ ਤੇ ਡਲਿਵਰੀ ਲਈ ਸ਼ਰਾਬ ਦੀ ਮਾਤਰਾ ਕਿੰਨੀ ਖਰੀਦੀ ਜਾ ਸਕਦੀ ਹੈ ਇਸ ਬਾਰੇ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਗਈ ਹੈ ਪਰ ਨਿਯਮ ਮੁਤਾਬਕ ਡਰਿੰਕਸ ਸੀਲਬੰਦ ਤੇ ਬੰਦ ਕੰਟੇਨਰਜ਼ ਵਿੱਚ ਹੀ ਵੇਚੇ ਜਾ ਸਕਦੇ ਹਨ। ਇਹ ਵੀ ਆਖਿਆ ਗਿਆ ਹੈ ਕਿ ਇਸ ਤਰ੍ਹਾਂ ਦੀ ਵਿੱਕਰੀ ਸਵੇਰੇ 9:00 ਵਜੇ ਤੋਂ 11:00 ਵਜੇ ਤੱਕ ਹੋ ਸਕਦੀ ਹੈ।

# ਵੈਕਸੀਨ ਨਾ ਲੈਣ ਵਾਲਿਆਂ ਨੂੰ ਕਰਨਾ ਹੋਵੇਗਾ ਪਾਬੰਦੀਆਂ ਦਾ ਸਾਹਮਣਾ : ਐਲੀਅਟ



ਓਨਟਾਰੀਓ, 10 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੀ ਸਿਹਤ ਮੰਤਰੀ ਨੇ ਸਪਸ਼ਟ ਕੀਤਾ ਹੈ ਕਿ ਵੈਕਸੀਨੇਟ ਕੀਤੇ ਜਾਣ ਵਾਲੇ ਲੋਕਾਂ ਨੂੰ ਫਰਡ ਸਰਕਾਰ ਵੱਲੋਂ ਕੋਈ ਅਜਿਹਾ ਸਬੂਤ ਮੁਹੱਈਆ ਕਰਵਾਇਆ ਜਾਵੇਗਾ ਜਿਸ ਨੂੰ ਦਿਖਾ ਕੇ ਉਹ ਟਰੈਵਲ ਕਰ ਸਕਣਗੇ ਤੇ ਜਾਂ ਫਿਰ ਕਿਸੇ ਖਾਸ ਕਾਰੋਬਾਰੀ ਅਦਾਰਿਆਂ ਜਿਵੇਂ ਕਿ ਮੂਵੀ ਥਿਏਟਰ ਆਦਿ ਵਿੱਚ ਦਾਖਲ ਹੋ ਸਕਣਗੇ।

ਕ੍ਰਿਸਟੀਨ ਐਲੀਅਟ ਨੇ ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਇਹ ਗੱਲ ਆਖੀ। ਉਨ੍ਹਾਂ ਆਖਿਆ ਕਿ ਸਰਕਾਰ ਦਾ ਇਹ ਟੀਚਾ ਹੈ ਕਿ ਵੈਕਸੀਨ ਦੀ ਡੋਜ਼ ਦਿੱਤੇ ਜਾਣ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਸੱਭ ਨੂੰ ਇਸ ਵੈਕਸੀਨ ਬਾਰੇ ਸਿੱਖਿਅਤ ਕੀਤਾ ਜਾਵੇ ਹਾਲਾਂਕਿ ਇਹ ਲਾਜ਼ਮੀ ਨਹੀਂ ਹੈ। ਐਲੀਅਟ ਨੇ ਆਖਿਆ ਕਿ ਜੇ ਕੁੱਝ ਵਿਅਕਤੀ ਵੈਕਸੀਨ ਨਾ ਲੈਣ ਦਾ ਫੈਸਲਾ ਕਰਦੇ ਹਨ ਤਾਂ ਉਨ੍ਹਾਂ ਨੂੰ ਕੁੱਝ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਐਲੀਅਟ ਨੇ ਆਖਿਆ ਕਿ ਦੋ ਤਰ੍ਹਾਂ ਦੇ ਲੋਕ ਹਨ ਇੱਕ ਤਾਂ ਉਹ ਜਿਹੜੇ ਕਿਸੇ ਵੀ ਹਾਲ ਵੈਕਸੀਨ ਨਹੀਂ ਲੈਣੀ ਚਾਹੁੰਦੇ। ਦੂਜਾ ਉਹ ਜਿਹੜੇ ਵੈਕਸੀਨ ਤਾ ਹਾਸਲ ਕਰਨੀ ਚਾਹੁੰਦੇ ਹਨ ਪਰ ਇਹ ਉਦੋਂ ਤੱਕ ਉਡੀਕ ਕਰਨੀ ਚਾਹੁੰਦੇ ਹਨ ਜਦੋਂ ਤੱਕ ਇਹ ਪਤਾ ਨਾ ਲੱਗ ਜਾਵੇ ਕਿ ਹੋਰਨਾਂ ਨੂੰ ਦਿੱਤੀ ਜਾ ਰਹੀ ਵੈਕਸੀਨ ਦਾ ਕਿਹੋ ਜਿਹਾ ਅਸਰ ਹੋ ਰਿਹਾ ਹੈ। ਇਸੇ ਲਈ ਸਾਨੂੰ ਲੋਕਾਂ ਨੂੰ ਜਾਗਰੂਕ ਕਰਨ ਲਈ ਕੈਂਪੇਨ ਚਲਾਏ ਜਾਣ ਦੀ ਲੋੜ ਲੱਗਦੀ ਹੈ। ਇਸ ਨਾਲ ਲੋਕ ਇਹ ਫੈਸਲਾ ਕਰ ਪਾਉਣਗੇ ਕਿ ਉਨ੍ਹਾਂ ਨੇ ਵੈਕਸੀਨ ਹਾਸਲ ਕਰਨ ਵਾਲਾ ਬਣਨਾ ਹੈ ਜਾਂ ਫਿਰ ਅਜਿਹਾ ਨਹੀਂ ਕਰਨਾ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਫੈਡਰਲ ਸਰਕਾਰ ਵੱਲੋਂ ਇਹ ਜਾਣਕਾਰੀ ਦਿੱਤੀ ਗਈ ਸੀ ਕਿ ਕੈਨੇਡਾ ਨੂੰ ਵੈਕਸੀਨ ਦੀਆਂ 200,000 ਡੋਜ਼ਾਂ ਹਾਸਲ ਹੋਣਗੀਆਂ। ਹੈਲਥ ਕੈਨੇਡਾ ਵੱਲੋਂ ਅਜੇ ਇਸ ਡਰੱਗ ਨੂੰ ਮਨਜ਼ੂਰੀ ਦਿੱਤੀ ਜਾਣੀ ਬਾਕੀ ਹੈ ਪਰ ਟਰੂਡੋ ਨੇ ਆਖਿਆ ਕਿ ਉਹ ਕੈਨੇਡੀਅਨਾਂ ਨੂੰ ਇਹ ਭਰੋਸਾ ਦੇਣਾ ਚਾਹੁੰਦੇ ਹਨ ਕਿ ਇਸ ਦੇਸ਼ ਵਿੱਚ ਦਾਖਲ ਹੋਣ ਵਾਲੀ ਹਰ ਵੈਕਸੀਨ ਸੇਫ ਤੇ ਪ੍ਰਭਾਵਸ਼ਾਲੀ ਹੋਵੇਗੀ।

## ਜਨਵਰੀ ਵਿੱਚ ਐਟਲਾਂਟਿਕ ਕੈਨੇਡਾ ਲਈ ਆਪਣੀਆਂ ਸੇਵਾਵਾਂ ਵਿੱਚ ਕਟੌਤੀ ਕਰੇਗੀ ਏਅਰ ਕੈਨੇਡਾ

ਓਟਵਾ, 10 ਦਸੰਬਰ (ਪੋਸਟ ਬਿਊਰੋ) : ਐਟਲਾਂਟਿਕ ਕੈਨੇਡਾ ਦੇ ਏਅਰਪੋਰਟਸ ਦਾ ਕਹਿਣਾ ਹੈ ਕਿ ਏਅਰ ਕੈਨੇਡਾ ਵੱਲੋਂ ਉਨ੍ਹਾਂ ਨੂੰ ਇਹ ਸਾਫ ਕਰ ਦਿੱਤਾ ਗਿਆ ਹੈ ਕਿ ਨਵੇਂ ਸਾਲ ਵਿੱਚ ਇਸ ਰੀਜਨ ਵਿੱਚ ਬਹੁਤੀਆਂ ਸੇਵਾਵਾਂ ਵਿੱਚ ਕਟੌਤੀ ਕੀਤੀ ਜਾਵੇਗੀ। ਇਹ ਫੈਸਲਾ ਕੋਵਿਡ-19 ਦੀ ਸੈਕਿੰਡ ਵੇਵ ਨੂੰ ਵੇਖਦਿਆਂ ਹੋਇਆਂ ਲਿਆ ਗਿਆ ਹੈ।

ਇਹ ਵੀ ਦੱਸਿਆ ਗਿਆ ਕਿ ਏਅਰ ਕੈਨੇਡਾ ਅਗਲੇ ਨੋਟਿਸ ਤੱਕ ਸਿਡਨੀ, ਨੋਵਾ ਸਕੋਸ਼ੀਆ, ਸੇਂਟ ਜੌਹਨ, ਨਿਊ ਬ੍ਰੰਜ਼ਵਿੱਕ ਦੇ ਨਾਲ ਨਾਲ ਡੀਅਰ ਲੇਕ, ਐਨਐਲ, ਸ਼ਾਰਲੇਟਾਊਨ, ਫਰੈਡਰਿਕਟਨ ਤੇ ਹੈਲੀਫੈਕਸ ਲਈ 11 ਜਨਵਰੀ ਤੱਕ ਪ੍ਰਭਾਵੀ ਸਾਰੀਆਂ ਫਲਾਈਟਾਂ ਮੁਲਤਵੀ ਕਰਨ ਜਾ ਰਹੀ ਹੈ। ਇਹ ਕਦਮ ਉਦੋਂ ਚੁੱਕਣ ਦਾ ਫੈਸਲਾ ਕੀਤਾ ਗਿਆ ਜਦੋਂ ਦੇਸ਼ ਦੀ ਸੱਭ ਤੋਂ ਵੱਡੀ ਏਅਰਲਾਈਨ ਨੇ ਜੂਨ ਵਿੱਚ ਇਹ ਐਲਾਨ ਕੀਤਾ ਕਿ ਉਹ ਐਟਲਾਂਟਿਕ ਕੈਨੇਡਾ ਵਿਚਲੇ 11 ਰੂਟਾਂ ਨੂੰ ਅਣਮਿੱਥੇ ਸਮੇਂ ਲਈ ਸਸਪੈਂਡ ਕਰਨ ਜਾ ਰਹੀ ਹੈ ਤੇ ਇਸ ਤੋਂ ਇਲਾਵਾ ਬਾਥਰਸਟ, ਨਿਊ ਬਰੰਜ਼ਵਿੱਕ ਤੇ ਵਾਬੁਸ਼, ਐਨਐਲ ਸਟੇਸ਼ਨਾਂ ਨੂੰ ਬੰਦ ਕਰਨ ਦਾ ਵੀ ਫੈਸਲਾ ਕੀਤਾ ਗਿਆ।

ਏਅਰ ਕੈਨੇਡਾ ਨੇ ਆਖਿਆ ਕਿ ਅਜਿਹੇ ਚੁਣੌਤੀਆਂ ਭਰੇ ਮਾਹੌਲ ਵਿੱਚ ਕੰਮ ਕਰਨਾ ਲਗਾਤਾਰ ਮੁਸ਼ਕਲ ਹੁੰਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸਰਕਾਰ ਵੱਲੋਂ ਵੀ ਕੋਈ ਵਿੱਤੀ ਮਦਦ ਨਹੀਂ ਮਿਲ ਰਹੀ। ਅਕਤੂਬਰ ਵਿੱਚ ਵੈਸਟਜੈੱਟ ਏਅਰਲਾਈਨਜ਼ ਨੇ ਆਪਣੀਆਂ 80 ਫੀ ਸਦੀ ਐਟਲਾਂਟਿਕ ਕੈਨੇਡਾ ਜਾਣ ਵਾਲੀਆਂ ਉਡਾਨਾਂ ਮੁਲਤਵੀ ਕਰਨ ਦਾ ਐਲਾਨ ਕੀਤਾ ਸੀ। ਏਅਰਲਾਈਨਜ਼ ਨੂੰ ਸੇਵਾਵਾਂ ਵਿੱਚ ਕਟੌਤੀ ਇਸ ਲਈ ਵੀ ਕਰਨੀ ਪੈ ਰਹੀ ਹੈ ਕਿਉਂਕਿ ਯਾਤਰੀਆਂ ਦੀ ਮੰਗ ਘਟੀ ਹੈ। ਏਅਰ ਕੈਨੇਡਾ ਨੂੰ ਕਈ ਜਹਾਜ਼ ਮਾਲ-ਅਸਬਾਬ ਦੀ ਢੋਆ ਢੁਆਈ ਵਿੱਚ ਲਾਉਣੇ ਪਏ ਹਨ।

# ਜੀਟੀਏ ਵਿੱਚ ਬਰਫਬਾਰੀ ਦੀ ਸੰਭਾਵਨਾ

### ਯੌਰਕ ਤੇ ਦਰਹਾਮ ਲਈ ਟਰੈਵਲ ਐਲਰਟ ਜਾਰੀ



ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਅੱਜ ਸਵੇਰੇ ਬਰਫਬਾਰੀ ਹੋਣ ਦੀ ਸੰਭਾਵਨਾ ਹੈ ਤੇ ਡਰਾਈਵਿੰਗ ਲਈ ਹਾਲਾਤ ਵੀ ਬਹੁਤੇ ਵਧੀਆ ਨਹੀਂ ਰਹਿਣਗੇ। ਖਾਸਤੌਰ ਉੱਤੇ ਸ਼ਹਿਰ ਦੇ ਉੱਤਰੀ ਤੇ ਪੂਰਬੀ ਹਿੱਸੇ ਵਿੱਚ ਭਾਰੀ ਬਰਫਬਾਰੀ ਹੋ ਸਕਦੀ ਹੈ।

ਵੈਸੇ ਤਾਂ ਜੀਟੀਏ ਦੇ ਸਾਰੇ ਹਿੱਸਿਆਂ ਵਿੱਚ ਹੀ ਦੋ ਤੋਂ ਚਾਰ ਸੈਂਟੀਮੀਟਰ ਤੱਕ ਬਰਫਬਾਰੀ ਹੋ ਸਕਦੀ ਹੈ ਪਰ ਉੱਤਰ ਵੱਲ ਹੋਰ ਬਰਫਬਾਰੀ ਹੋ ਸਕਦੀ ਹੈ। ਯੌਰਕ ਤੇ ਦਰਹਾਮ ਰੀਜਨਜ਼ ਲਈ ਵਿੰਟਰ ਟਰੈਵਲ ਐਡਵਾਈਜ਼ਰੀ ਪ੍ਰਭਾਵੀ ਰਹੇਗੀ। ਕਈ ਘੰਟਿਆਂ ਲਈ ਟਰੈਵਲ ਵਿੱਚ ਵਿਘਨ ਪੈ ਸਕਦਾ ਹੈ। ਸੜਕਾਂ ਸਲਿੱਪਰੀ ਹੋਣ ਤੇ ਵਿਜ਼ੀਬਿਲਿਟੀ ਦੀ ਘਾਟ ਕਾਰਨ ਡਰਾਈਵਰਾਂ ਨੂੰ ਮੁਸ਼ਕਲ ਆ ਸਕਦੀ ਹੈ।

ਦਿਨ ਚੜ੍ਹਦਿਆਂ ਚੜ੍ਹਦਿਆਂ ਮੀਂਹ ਤੇ ਬਰਫਬਾਰੀ ਮਿਕਸ ਹੋਣ ਕਾਰਨ ਤਾਪਮਾਨ ਵੱਧ ਸਕਦਾ ਹੈ। ਟੋਰਾਂਟੋ ਤੇ ਬਾਕੀ ਜੀਟੀਏ ਵਿੱਚ ਸਨੋਅ ਸਵੇਰੇ 8:00 ਵਜੇ ਖ਼ਤਮ ਹੋ ਜਾਵੇਗੀ। ਬਾਕੀ ਸਾਰਾ ਦਿਨ ਬੱਦਲ ਛਾਏ ਰਹਿਣਗੇ ਤੇ ਵਿੱਚੋਂ ਵਿੱਚੋਂ ਬੌਛਾਰਾਂ ਪੈ ਸਕਦੀਆਂ ਹਨ। ਪੱਛਮ ਵੱਲੋਂ ਤੇਜ਼ ਹਵਾਵਾਂ ਵੀ ਚੱਲ ਸਕਦੀਆਂ ਹਨ।

## ਟੋਰਾਂਟੋ ਦੇ ਸਕੂਲਾਂ ਵਿੱਚ ਕੋਵਿਡ-19 ਸਬੰਧੀ ਏਸਿੰਪਟੋਮੈਟਿਕ ਟੈਸਟਿੰਗ ਜਾਰੀ



ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ) : ਦੋ ਈਸਟ ਯੌਰਕ ਸਕੂਲਾਂ ਵਿੱਚ ਆਊਟਬ੍ਰੇਕ ਹੋਣ ਤੋਂ ਬਾਅਦ ਚਲਾਏ ਗਏ ਪ੍ਰੋਗਰਾਮ ਤਹਿਤ ਕੋਵਿਡ-19 ਟੈਸਟ ਕਰਵਾਉਣ ਵਾਲੇ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਹਜ਼ਾਰਾਂ ਵਿਦਿਆਰਥੀ ਆਪਣੀ ਨਤੀਜਿਆਂ ਦੀ ਉਡੀਕ ਕਰ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀ ਡੀ ਐਸ ਬੀ) ਦੇ ਚਾਰ ਸਕੂਲਾਂ ਵਿੱਚ ਇਸ ਸਮੇਂ ਏਸਿੰਪਟੋਮੈਟਿਕ ਟੈਸਟਿੰਗ ਚੱਲ ਰਹੀ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਸਕੂਲਾਂ ਵਿੱਚ ਵੀ ਇਹ ਪ੍ਰੋਗਰਾਮ ਚੱਲੇਗਾ। ਜਿਨ੍ਹਾਂ ਸਕੂਲਾਂ ਵਿੱਚ ਇਹ ਪ੍ਰੋਗਰਾਮ ਚੱਲ ਰਿਹਾ ਹੈ ਉਹ ਥੌਰਨਕਲਿੱਫ ਪਾਰਕ ਵਿੱਚ ਮੌਜੂਦ ਹਨ ਅਤੇ ਇਹ ਇਲਾਕਾ ਇਸ ਸਮੇਂ ਕੋਵਿਡ-19 ਹੌਟਸਪੌਟ ਬਣਿਆ ਹੋਇਆ ਹੈ। ਮਾਰਕ ਗਾਰਨਿਊ ਕਾਲਜੀਏਟ ਇੰਸਟੀਚਿਊਟ ਤੇ ਵੈਲੀ ਪਾਰਕ ਮਿਡਲ ਸਕੂਲ, ਡੌਨ ਮਿੱਲਜ਼ ਰੋਡ ਤੇ ਓਵਰਲੀਆ ਉੱਤੇ ਸਥਿਤ ਹਨ। ਵੈਲੀ ਪਾਰਕ ਦੇ ਵਿਦਿਆਰਥੀਆਂ ਦੇ ਲਏ ਗਏ 200 ਟੈਸਟ ਦੇ ਨਤੀਜੇ ਨੈਗੇਟਿਵ ਆਏ ਹਨ। ਏਸਿੰਪਟੋਮੈਟਿਕ ਟੈਸਟਿੰਗ ਇਸ ਤੋਂ ਪਹਿਲਾਂ ਥੌਰਨਕਲਿੱਫ ਪਾਰਕ ਪਬਲਿਕ ਸਕੂਲ ਵਿੱਚ ਕੀਤੀ ਗਈ ਹੈ ਤੇ ਇੱਥੇ 26 ਕੋਵਿਡ-19 ਪਾਜ਼ੀਟਿਵ ਮਾਮਲੇ ਪਾਏ ਗਏ ਹਨ। ਨਤੀਜਤਨ ਇਸ ਸਕੂਲ ਨੂੰ ਬੰਦ ਕਰ ਦਿੱਤਾ ਗਿਆ ਹੈ। ਥੌਰਨਕਲਿੱਫ ਪਾਰਕ ਦੇ ਨਾਲ ਹੀ ਸਥਿਤ ਇੱਕ ਹੋਰ ਸਕੂਲ ਫਰੇਜ਼ਰ ਮਸਟਰਡ ਅਰਲੀ ਲਰਨਿੰਗ ਸੈਂਟਰ ਨੂੰ ਅਹਿਤਿਆਤਨ ਬੰਦ ਕਰ ਦਿੱਤਾ ਗਿਆ ਹੈ।

ਸੋਮਵਾਰ ਤੋਂ ਟੋਰਾਂਟ ਤੇ ਪੀਲ ਰੀਜਨ ਵਿੱਚ ਕੋਵਿਡ-19 ਦੇ ਸਬੰਧ ਵਿੱਚ ਸਖ਼ਤ ਦਿਸ਼ਾ ਨਿਰਦੇਸ਼ ਕੱਲ੍ਹ ਤੋਂ ਪ੍ਰਭਾਵੀ ਹੋ ਚੁੱਕੇ ਹਨ। ਜਿਸ ਵਿਦਿਆਰਥੀ ਵਿੱਚ ਵਾਇਰਸ ਦਾ ਇੱਕ ਵੀ ਲੱਛਣ ਨਜ਼ਰ ਆ ਰਿਹਾ ਹੈ ਉਸ ਨੂੰ ਘਰ ਵਿੱਚ ਹੀ ਆਈਸੋਲੇਟ ਹੋਣ ਲਈ ਆਖਿਆ ਜਾ ਰਿਹਾ ਹੈ।

## ਸਰਦ ਰੁੱਤ ਦੀਆਂ ਛੁੱਟੀਆਂ ਲਈ ਦੋ ਮਹੀਨੇ ਵਾਸਤੇ ਓਨਟਾਰੀਓ ਵਿਧਾਨਸਭਾ ਦੀ ਕਾਰਵਾਈ ਕੀਤੀ ਗਈ ਖਾਰਜ



ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ) : ਸਰਦ ਰੁੱਤ ਦੀਆਂ ਛੁੱਟੀਆਂ ਲਈ ਓਨਟਾਰੀਓ ਵਿਧਾਨਸਭਾ ਦੀ ਕਾਰਵਾਈ ਫਰਵਰੀ 2021 ਲਈ ਖਾਰਜ ਕਰ ਦਿੱਤੀ ਗਈ ਹੈ।

ਇਸ ਸਬੰਧ ਵਿੱਚ ਮਤਾ ਸਰਕਾਰ ਦੇ ਹਾਊਸ ਲੀਡਰ ਪਾਲ ਕੈਲੈਂਡਰਾ ਵੱਲੋਂ ਮੰਗਲਵਾਰ ਰਾਤ ਨਿਰਧਾਰਤ ਸ਼ਡਿਊਲ ਤੋਂ ਦੋ ਦਿਨ ਪਹਿਲਾਂ ਪੇਸ਼ ਕੀਤਾ ਗਿਆ। ਕੁਈਨ ਪਾਰਕ ਵਿਖੇ ਮੈਂਬਰਜ਼ ਆਫ ਪ੍ਰੋਵਿੰਸ਼ੀਅਲ ਪਾਰਲੀਆਮੈਂਟ ਨਵੇਂ ਸੈਸ਼ਨ ਲਈ 16 ਫਰਵਰੀ ਨੂੰ ਪਰਤਣਗੇ। ਇੱਕ ਨਿਊਜ਼ ਰਲੀਜ਼ ਵਿੱਚ ਓਨਟਾਰੀਓ ਸਰਕਾਰ ਨੇ ਸੈਸ਼ਨ ਸਫਲ ਹੋਣ ਦਾ ਐਲਾਨ ਕਰਦਿਆਂ ਆਪਣੀਆਂ ਕੁੱਝ ਪ੍ਰਾਪਤੀਆਂ ਗਿਣਾਈਆਂ ਜਿਵੇਂ ਕਿ 36 ਬਿੱਲਜ਼ ਨੂੰ ਪਾਸ ਕੀਤਾ ਜਾਣਾ ਤੇ ਨਵੇਂ ਬਜਟ ਦਾ ਪੇਸ਼ ਕੀਤਾ ਜਾਣਾ।

ਕੈਲੈਂਡਰਾ ਨੇ ਇੱਕ ਬਿਆਨ ਵਿੱਚ ਆਖਿਆ ਕਿ ਸਾਲ 2020 ਦੀ ਸ਼ੁਰੂਆਤ ਅਸੀਂ ਵੱਖਰੇ ਨਜ਼ਰੀਏ ਨਾਲ ਕੀਤੀ ਸੀ ਤੇ ਇਸ ਦਾ ਅੰਤ ਵੱਖਰੀ ਤਰ੍ਹਾਂ ਹੋਣ ਜਾ ਰਿਹਾ ਹੈ ਪਰ ਸਾਡੀਆਂ ਤਰਜੀਹਾਂ ਵਿੱਚ ਕੋਈ ਬਦਲਾਵ ਨਹੀਂ ਆਇਆ। ਅਸੀਂ ਹਮੇਸ਼ਾਂ ਸਾਰੇ ਓਨਟਾਰੀਓ ਵਾਸੀਆਂ ਦੇ ਪੱਖ ਉੱਤੇ ਹੀ ਕੰਮ ਕੀਤਾ ਹੈ। ਉਨ੍ਹਾਂ ਆਖਿਆ ਕਿ ਅਸੀਂ ਕੋਵਿਡ-19 ਖਿਲਾਫ ਸੰਘਰਸ਼ ਜਾਰੀ ਰੱਖਾਂਗੇ ਤੇ ਪ੍ਰੋਵਿੰਸ਼ੀਅਲ ਅਰਥਚਾਰੇ ਨੂੰ ਮਜ਼ਬੂਤ ਕਰਾਂਗੇ। ਪ੍ਰੋਵਿੰਸ ਦੇ ਹਰ ਵਿਅਕਤੀ, ਪਰਿਵਾਰ ਤੇ ਵਰਕਰ ਲਈ ਭਵਿੱਖ ਨੂੰ ਹੋਰ ਖੁਸ਼ਹਾਲ ਬਣਾਉਣ ਦੀ ਕੋਸ਼ਿਸ਼ ਕਰਾਂਗੇ। ਵਿਰੋਧੀ ਧਿਰ ਦੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਕੋਵਿਡ-19 ਦੀ ਸੈਕਿੰਡ ਵੇਵ ਦੇ ਸਿਖਰ ਉੱਤੇ ਵਿਧਾਨ ਸਭਾ ਦੀ ਕਾਰਵਾਈ ਖਾਰਜ ਕਰਨ ਦੀ ਕੀ ਲੋੜ ਸੀ। ਐਮੀਪੀਪੀਜ਼ ਨੂੰ ਵਿਧਾਨ ਸਭਾ ਵਿੱਚ ਕਾਰਵਾਈ ਚੱਲਦੀ ਰੱਖ ਕੇ ਕੋਵਿਡ ਦੇ ਪਸਾਰ ਨੂੰ ਰੋਕਣ ਤੇ ਜ਼ਿੰਦਗੀਆਂ ਬਚਾਉਣ ਲਈ ਹੋਰ ਉਪਰਾਲੇ ਕਰਨੇ ਚਾਹੀਦੇ ਸਨ। ਇਸ ਦੇ ਨਾਲ ਹੀ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਰੋਕ ਕੇ ਰੱਖੇ ਗਏ 12 ਬਿਲੀਅਨ ਡਾਲਰ ਨੂੰ ਲੋਕਾਂ ਦੀ ਭਲਾਈ ਲਈ ਵਰਤਣਾ ਚਾਹੀਦਾ ਸੀ। ਹੋਰ ਕੋਸ਼ਿਸ਼ਾਂ ਨੂੰ ਛੱਡ ਕੇ ਘਰ ਚਲੇ ਜਾਣਾ ਤੇ ਉੱਥੇ ਰਹਿ ਕੇ ਵੈਕਸੀਨ ਦਾ ਇੰਤਜ਼ਾਰ ਕਰਨਾ ਕੋਈ ਚੰਗਾ ਸੈਕਿੰਡ ਵੇਵ ਪਲੈਨ ਨਹੀਂ ਹੈ।

## ਅਸੁਖਾਵੇਂ ਹਾਲਾਤ ਦੇ ਬਾਵਜੂਦ ਛੁੱਟੀਆਂ ਲਈ ਦੇਸ਼ ਭਰ ਵਿੱਚ ਸਕਾਰਾਤਮਕਤਾ ਵਾਲਾ ਮਾਹੌਲ



ਓਟਵਾ, 10 ਦਸੰਬਰ (ਪੋਸਟ ਬਿਊਰੋ) : ਕੈਨੇਡਾ ਭਰ ਵਿੱਚ ਸਿਹਤ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਛੁੱਟੀਆਂ ਸਮੇਂ ਇੱਕਠ ਨਾ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ ਪਰ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਕੁੱਝ ਲੋਕ ਸੁਣ ਹੀ ਨਹੀਂ ਰਹੇ।

ਐਂਗਸ ਰੀਡ ਇੰਸਟੀਚਿਊਟ ਵੱਲੋਂ ਜਾਰੀ ਨਵੇਂ ਡਾਟਾ ਵਿੱਚ ਪਾਇਆ ਗਿਆ ਕਿ ਕੈਨੇਡੀਅਨਾਂ ਵਿੱਚੋਂ ਬਹੁਤਿਆਂ ਵੱਲੋਂ ਅਜੇ ਵੀ ਛੁੱਟੀਆਂ ਦੌਰਾਨ ਆਪਣੇ ਘਰਦਿਆਂ ਤੋਂ ਇਲਾਵਾ ਹੋਰ ਲੋਕਾਂ ਨੂੰ ਮਿਲਣ ਜਾਣ ਦੀ ਯੋਜਨਾ ਬਣਾਈ ਜਾ ਰਹੀ ਹੈ। ਸਰਵੇਖਣ ਵਿੱਚ ਪਾਇਆ ਗਿਆ ਕਿ 30 ਫੀ ਸਦੀ ਕੈਨੇਡੀਅਨ ਆਪਣੇ ਦੋਸਤਾਂ ਤੇ ਪਰਿਵਾਰਕ ਮੈਂਬਰਾਂ ਨਾਲ ਰਲ ਕੇ ਛੁੱਟੀਆਂ ਮਨਾਉਣ ਦਾ ਵਿਚਾਰ ਕਰ ਰਹੇ ਹਨ ਤੇ 10 ਫੀ ਸਦੀ ਦਾ ਕਹਿਣਾ ਹੈ ਕਿ ਉਹ ਆਪਣੀਆਂ ਕਮਿਊਨਿਟੀਜ਼ ਤੋਂ ਬਾਹਰ ਟਰੈਵਲ ਕਰਕੇ ਛੁੱਟੀਆਂ ਮਨਾਉਣਗੇ।

ਓਨਟਾਰੀਓ ਵਿੱਚ 27 ਫੀ ਸਦੀ ਨੇ ਆਖਿਆ ਕਿ ਉਹ ਦੋਸਤਾਂ ਤੇ ਪਰਿਵਾਰਕ ਮੈਂਬਰਾਂ ਕੋਲ ਜਾਣਗੇ ਤੇ 8 ਫੀ ਸਦੀ ਨੇ ਆਖਿਆ ਕਿ ਉਹ ਟਰੈਵਲ ਕਰਨਗੇ। ਡਾਟਾ ਵਿੱਚ ਇਹ ਵੀ ਪਾਇਆ ਗਿਆ ਕਿ 30 ਫੀ ਸਦੀ ਓਨਟਾਰੀਓ ਵਾਸੀਆਂ ਨੇ ਪਿਛਲੇ ਕੁੱਝ ਹਫਤਿਆਂ ਤੋਂ ਆਪਣੇ ਘਰਾਂ ਤੋਂ ਬਾਹਰ ਸਮਾਂ ਨਹੀਂ ਬਿਤਾਇਆ। 57 ਫੀ ਸਦੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਅਰਸੇ ਦੌਰਾਨ ਇੱਕ ਜਾਂ ਪੰਜ ਲੋਕਾਂ ਨਾਲ ਸਮਾਂ ਬਿਤਾਇਆ ਹੈ। 14 ਫੀ ਸਦੀ ਨੇ ਆਖਿਆ ਕਿ ਪਿੱਛਲੇ ਹਫਤਿਆਂ ਵਿੱਚ ਉਨ੍ਹਾਂ ਛੇ ਜਾਂ ਇਸ ਤੋਂ ਵੱਧ ਲੋਕਾਂ ਨਾਲ ਰਲ ਕੇ ਸਮਾਂ ਬਿਤਾਇਆ ਹੈ।

ਇਹ ਅੰਕੜੇ ਕੋਵਿਡ-19 ਦੀ ਸੱਭ ਤੋਂ ਵੱਧ ਮਾਰ ਸਹਿ ਰਹੇ ਅਲਬਰਟਾ ਤੇ ਕਿਊਬਿਕ ਵਿੱਚ ਸੱਭ ਤੋਂ ਵੱਧ ਹਨ। 35 ਫੀ ਸਦੀ ਦੇ ਨੇੜੇ ਤੇੜੇ ਲੋਕਾਂ ਵੱਲੋਂ ਛੁੱਟੀਆਂ ਅਜੇ ਵੀ ਹੋਰਨਾਂ ਨਾਲ ਬਿਤਾਉਣ ਦੀ ਯੋਜਨਾ ਉਲੀਕੀ ਜਾ ਰਹੀ ਹੈ। ਸਰਵੇਖਣ ਵਿੱਚ ਇਹ ਵੀ ਪਾਇਆ ਗਿਆ ਕਿ 80 ਫੀ ਸਦੀ ਕੈਨੇਡੀਅਨ ਕਿਸੇ ਦੇ ਬਿਮਾਰ ਹੋਣ ਨੂੰ ਲੈ ਕੇ ਚਿੰਤਤ ਹਨ। ਅਸੁਖਾਵੇਂ ਹਾਲਾਤ ਦੇ ਬਾਵਜੂਦ ਦੇਸ਼ ਭਰ ਵਿੱਚ ਸਕਾਰਾਤਮਕਤਾ ਵਾਲਾ ਮਾਹੌਲ ਹੈ।

## ਜਸਟਿਨ ਟਰੂਡੋ ਦੀ ਟਿਪਣੀ ਤੋਂ ਖਿਝੇ ਭਾਰਤ ਨੇ ਕੈਨੇਡੀਅਨ ਹਾਈ ਕਮਿਸ਼ਨਰ ਤਲਬ ਕੀਤਾ

### * ਅੰਦਰੂਨੀ ਮਾਮਲਿਆਂ ਵਿੱਚ ਦਖਲ ਵਿਰੁੱਧ ਨਾਰਾਜ਼ਗੀ



ਨਵੀਂ ਦਿੱਲੀ, 10 ਦਸੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਚੱਲਦੇ ਸਰਕਾਰ ਵਿਰੋਧੀ ਕਿਸਾਨ ਪ੍ਰਦਰਸ਼ਨ ਬਾਰੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਹੋਰ ਨੇਤਾਵਾਂ ਦੀਆਂ ਟਿਪਣੀਆਂ ਉੱਤੇਭਾਰਤ ਸਰਕਾਰ ਨੇ ਨਾਰਾਜ਼ਗੀ ਜ਼ਾਹਰ ਕੀਤੀ ਤੇ ਇਸ ਬਾਰੇ ਕੈਨੇਡਾ ਦੇ ਦਿੱਲੀ ਵਿਚਲੇ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਹੈ।

ਇਸ ਸੰਬੰਧ ਵਿੱਚ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ "ਕਿਸਾਨਾਂ ਦੇ ਮੁੱਦਿਆਂ ਉੱਤੇ ਕੈਨੇਡੀਅਨ ਨੇਤਾਵਾਂ ਦੀ ਟਿੱਪਣੀ ਸਾਡੇ ਅੰਦਰੂਨੀ ਮਾਮਲਿਆਂ ਵਿੱਚ 'ਨਾਸਹਿਣਯੋਗ ਦਖਲ' ਹੈ। ਜੇ ਇਹ ਜਾਰੀ ਰਿਹਾ ਤਾਂ ਦੁਵੱਲੇ ਸੰਬੰਧ ਲਈ ਬੁਰੀ ਤਰ੍ਹਾਂ ਨੁਕਸਾਨਦੇਹ ਹੋਵੇਗਾ। ਕੈਨੇਡੀਅਨ ਨੇਤਾਵਾਂ ਵੱਲੋਂ ਕਿਸਾਨ ਮੁੱਦੇ ਉੱਤੇ ਕੀਤੀਆਂ ਟਿਪਣੀਆਂ ਨੇ ਕੈਨੇਡਾ ਵਿਚਲੇ ਸਾਡੇ ਮਿਸ਼ਨ ਸਾਹਮਣੇ ਭੀੜ ਇਕੱਠੀ ਕਰਨ ਲਈ ਉਤਸ਼ਾਹਤ ਕੀਤਾ ਹੈ, ਜੋ ਸੁਰੱਖਿਆ ਦਾ ਮੁੱਦਾ ਬਣਦਾ ਹੈ।"

ਭਾਰਤ ਵਿੱਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਬਾਰੇਪਿਛਲੇ ਮੰਗਲਵਾਰ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਹੋਰ ਨੇਤਾਵਾਂ ਵੱਲੋਂ ਕੀਤੀਆਂ ਟਿੱਪਣੀਆਂ ਉੱਤੇਭਾਰਤ ਨੇ ਸਖਤ ਪ੍ਰਤੀਕ੍ਰਿਆ ਗਈ ਤੇ ਉਨ੍ਹਾਂ ਨੂੰ 'ਗੁੰਮਰਾਹਕੁੰਨ ਸੂਚਨਾ' ਅਤੇ 'ਅਣ-ਉਚਿਤ' ਅਧਾਰ ਵਾਲੀਆਂਕਿਹਾ ਹੈ,ਕਿਉਂਕਿ ਕਿਸੇ ਲੋਕਤੰਤਰੀ ਦੇਸ਼ ਦਾ ਕੇਸ ਅੰਦਰੂਨੀ ਮਾਮਲਿਆਂ ਦੇ ਨਾਲ ਸੰਬੰਧ ਰੱਖਦਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ ਕਿ 'ਭਾਰਤ ਦੇ ਕਿਸਾਨਾਂ ਨਾਲ ਸਬੰਧਤ ਕੈਨੇਡੀਅਨ ਨੇਤਾਵਾਂ ਦੀਆਂ ਕੁਝ ਅਜਿਹੀਆਂ ਟਿੱਪਣੀਆਂ ਅਸੀਂਵੇਖੀਆਂ ਹਨ, ਜੋ ਗੁੰਮਰਾਹਕੁੰਨ ਜਾਣਕਾਰੀ ਉੱਤੇ ਅਧਾਰਤ ਹਨ। ਇਹ ਟਿੱਪਣੀਆਂ ਗਲਤ ਹਨ, ਖ਼ਾਸਕਰ ਜਦੋਂ ਉਹ ਲੋਕਤੰਤਰੀ ਦੇਸ਼ ਦੇ ਅੰਦਰੂਨੀ ਮਾਮਲਿਆਂ ਨਾਲ ਸਬੰਧਤ ਹਨ।'

ਵਰਨਣ ਯੋਗ ਹੈ ਕਿ ਜਸਟਿਨ ਟਰੂਡੋ ਨੇ ਭਾਰਤ ਵਿੱਚ ਅੰਦੋਲਨ ਕਰਨ ਵਾਲੇ ਕਿਸਾਨਾਂ ਦੀ ਹਮਾਇਤ ਵਿੱਚ ਪਿਛਲੇ ਸੋਮਵਾਰ ਨੂੰ ਕਿਹਾ ਸੀ ਕਿ ਕੈਨੇਡਾ ਹਮੇਸ਼ਾਂ ਸ਼ਾਂਤਮਈ ਪ੍ਰਦਰਸ਼ਨਾਂ ਦੇ ਅਧਿਕਾਰ ਦੀ ਰੱਖਿਆ ਕਰੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ 551ਵੀਂ ਜਯੰਤੀ ਮੌਕੇ ਉੱਤੇ ਇਕ ਆਨਲਾਈਨ ਪ੍ਰੋਗਰਾਮ ਵਿੱਚ ਟਰੂਡੋ ਨੇ ਆਖਿਆ ਸੀ ਕਿ 'ਸਥਿਤੀ ਬੜੀ ਚਿੰਤਾ ਜਨਕ ਹੈ ਤੇ ਅਸੀਂ ਪਰਿਵਾਰ ਤੇ ਦੋਸਤਾਂ ਬਾਰੇ ਚਿੰਤਤ ਹਾਂ। ਅਸੀਂ ਜਾਣਦੇ ਹਾਂ ਕਿ ਬਹੁਤ ਸਾਰੇ ਲੋਕਾਂ ਲਈ ਇਹ ਸੱਚਾਈ ਹੈ। ਮੈਂ ਤੁਹਾਨੂੰ ਯਾਦ ਦਿਵਾਉਂਦਾ ਹਾਂ, ਕਨੈਡਾ ਹਮੇਸ਼ਾ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੇ ਹੱਕ ਦੀ ਰਾਖੀ ਲਈ ਖੜਾ ਰਹੇਗਾ।'

## ਪ੍ਰਿੰਸੀਪਲ ਸਰਵਣ ਸਿੰਘ ਨੈਸ਼ਨਲ ਸਪੋਰਟਸ ਅਵਾਰਡ ਮੋੜਨਗੇ



-ਪ੍ਰਿੰ. ਸਰਵਣ ਸਿੰਘ-

ਬਰੈਂਪਟਨ-ਭਾਰਤ ਸਰਕਾਰ ਵੱਲੋਂ ਭਾਰਤੀ ਕਿਸਾਨ ਅੰਦੋਲਨ ਪ੍ਰਤੀ ਅਪਨਾਏ ਅੜੀਅਲ ਰਵੱਈਏ ਵਿਰੁਧ ਰੋਸ ਪਰਗਟ ਕਰਦਿਆਂ ਪੰਜਾਬੀ ਦੇ ਇੰਟਰਨੈਸ਼ਨਲ ਖੇਡ ਲੇਖਕ ਸਰਵਣ ਸਿੰਘ ਪਿੰਡ ਚਕਰ ਨੇ ਭਾਰਤੀ ਖੇਡ ਸਾਹਿਤ ਦਾ ਨੈਸ਼ਨਲ ਅਵਾਰਡ ਮੋੜਨ ਦਾ ਐਲਾਨ ਕੀਤਾ ਹੈ। ਜੇਕਰ ਕੇਂਦਰ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਨਹੀਂ ਮੰਨਦੀ ਅਤੇ ਕਾਲੇ ਕਾਨੂੰਨ ਵਾਪਸ ਨਹੀਂ ਲੈਂਦੀ ਤਾਂ ਉਨ੍ਹਾਂ ਦੇ ਸੁਤੰਤਰਤਾ ਸੰਗਰਾਮੀ ਬਾਬਾ ਪਾਲਾ ਸਿੰਘ ਨੂੰ ਮਿਲਿਆ ਤਾਮਰ ਪੱਤਰ ਵੀ ਉਹ ਰਾਸ਼ਟਰਪਤੀ ਨੂੰ ਮੋੜ ਦੇਣਗੇ। ਬਾਬਾ ਪਾਲਾ ਸਿੰਘ ਦੇ ਪਰਿਵਾਰ ਨੇ ਕਿਸਾਨ ਜਥੇਬੰਦੀਆਂ ਦੀ ਤਨ ਮਨ ਧਨ ਨਾਲ ਹਮਾਇਤ ਕਰਨ ਦੀ ਹਾਮੀ ਭਰੀ ਹੈ।

## ਯੂਨਾਈਟਿਡ ਕਿੰਗਡਮ ਵਿੱਚ ਕੋਵਿਡ-19 ਵੈਕਸੀਨ ਦੀ ਦਿੱਤੀ ਗਈ ਪਹਿਲੀ ਡੋਜ਼



ਲੰਡਨ, 10 ਦਸੰਬਰ (ਪੋਸਟ ਬਿਊਰੋ) : ਬ੍ਰਿਟਿਸ਼ ਹੈਲਥ ਅਧਿਕਾਰੀਆਂ ਵੱਲੋਂ ਵੱਡੀ ਪੱਧਰ ਉੱਤੇ ਟੈਸਟ ਕੀਤੀ ਜਾ ਚੁੱਕੀ ਕੋਵਿਡ-19 ਸਬੰਧੀ ਵੈਕਸੀਨ , ਜਿਸ ਦਾ ਆਜ਼ਾਦਾਨਾਂ ਤੌਰ ਉੱਤੇ ਮੁਲਾਂਕਣ ਕੀਤਾ ਜਾ ਚੁੱਕਿਆ ਹੈ, ਦੀਆਂ ਪਹਿਲੀਆਂ ਡੋਜ਼ਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਨਾਲ ਗਲੋਬਲ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਦੀ ਸ਼ੁਰੂਆਤ ਹੋ ਗਈ ਹੈ ਤੇ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਹੁਣ ਹੋਰ ਵੈਕਸੀਨਜ਼ ਨੂੰ ਵੀ ਮਨਜ਼ੂਰੀ ਮਿਲ ਜਾਵੇਗੀ।

ਸੱਭ ਤੋਂ ਪਹਿਲਾ ਸ਼ੌਟ ਯੂਨੀਵਰਸਿਟੀ ਹੌਸਪਿਟਲ ਕੋਵੈਂਟਰੀ ਵਿਖੇ ਅਗਲੇ ਹਫਤੇ 91 ਸਾਲਾਂ ਦੀ ਹੋਣ ਜਾ ਰਹੀ ਮਾਰਗਰੈਟ ਕੀਨਨ ਨੂੰ ਦਿੱਤਾ ਗਿਆ। ਇਹ ਦੇਸ਼ ਦੇ ਉਨ੍ਹਾਂ ਚੰਦ ਹਸਪਤਾਲਾਂ ਵਿੱਚੋਂ ਇੱਕ ਹੈ ਜਿੱਥੇ ਇਸ ਪ੍ਰੋਗਰਾਮ ਦੇ ਸ਼ੁਰੂਆਤੀ ਪੜਾਅ ਨੂੰ ਚਲਾਇਆ ਜਾ ਰਿਹਾ ਹੈ। ਇਸ ਨੂੰ ਵੀ-ਡੇਅ ਦਾ ਨਾਂ ਵੀ ਦਿੱਤਾ ਗਿਆ ਹੈ। ਇਸ ਮੌਕੇ ਕੀਨਨ ਨੇ ਆਖਿਆ ਕਿ ਕੋਵਿਡ-19 ਲਈ ਵੈਕਸੀਨੇਟ ਕੀਤੀ ਜਾਣ ਵਾਲੀ ਪਹਿਲੀ ਸ਼ਖ਼ਸ ਬਣ ਕੇ ਉਸ ਨੂੰ ਕਾਫੀ ਖੁਸ਼ੀ ਹੋ ਰਹੀ ਹੈ।

ਪਹਿਲੀਆਂ 800,000 ਡੋਜ਼ਾਂ 80 ਸਾਲ ਤੋਂ ਉੱਪਰ ਦੇ ਉਨ੍ਹਾਂ ਵਿਅਕਤੀਆਂ ਨੂੰ ਦਿੱਤੀਆਂ ਜਾਣਗੀਆਂ ਜਿਨ੍ਹਾਂ ਨੂੰ ਜਾਂ ਤਾਂ ਹਸਪਤਾਲ ਵਿੱਚ ਰੱਖਣਾ ਪਿਆ ਤੇ ਜਾਂ ਫਿਰ ਜਿਨ੍ਹਾਂ ਕੋਲ ਪਹਿਲਾਂ ਹੀ ਆਊਟਪੇਸ਼ੈਂਟ ਅਪੁਆਇਟਮੈਂਟਸ ਹਨ। ਇਸ ਦੇ ਨਾਲ ਹੀ ਨਰਸਿੰਗ ਹੋਮ ਦੇ ਵਰਕਰਜ਼ ਨੂੰ ਵੀ ਪਹਿਲ ਦੇ ਆਧਾਰ ਉੱਤੇ ਇਹ ਵੈਕਸੀਨ ਦਿੱਤੀ ਜਾਵੇਗੀ। ਹੋਰਨਾਂ ਨੂੰ ਆਪਣੀ ਵਾਰੀ ਦੀ ਉਡੀਕ ਕਰਨੀ ਹੋਵੇਗੀ। ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਜਨਤਾ ਨੂੰ ਹਲੀਮੀ ਤੋਂ ਕੰਮ ਲੈਣ ਦੀ ਅਪੀਲ ਕੀਤੀ ਜਾ ਰਹੀ ਹੈ ਕਿਉਂਕਿ ਸੱਭ ਤੋਂ ਪਹਿਲਾਂ ਉਨ੍ਹਾਂ ਨੂੰ ਹੀ ਵੈਕਸੀਨ ਦਿੱਤੀ ਜਾਵੇਗੀ ਜਿਨ੍ਹਾਂ ਨੂੰ ਵਾਇਰਸ ਦੀ ਚਪੇਟ ਵਿੱਚ ਆਉਣ ਦਾ ਖਤਰਾ ਸੱਭ ਤੋਂ ਜ਼ਿਆਦਾ ਹੈ।

ਅਪੁਆਇੰਟਮੈਂਟਸ ਅਰੇਂਜ ਕਰਨ ਲਈ ਮੈਡੀਕਲ ਸਟਾਫ ਲੋਕਾਂ ਨਾਲ ਸੰਪਰਕ ਕਰੇਗਾ ਤੇ ਬਹੁਤਿਆਂ ਨੂੰ ਅਗਲੇ ਸਾਲ ਉਦੋਂ ਤੱਕ ਉਡੀਕ ਕਰਨੀ ਹੋਵੇਗੀ ਜਦੋਂ ਤੱਕ ਲੋੜੀਂਦੀ ਮਾਤਰਾ ਵਿੱਚ ਵੈਕਸੀਨ ਨਹੀਂ ਆ ਜਾਂਦੀ।




# ਅਗਲੇ ਹਫਤੇ ਤੱਕ ਓਨਟਾਰੀਓ ਨੂੰ ਘੱਟ ਮਾਤਰਾ ਵਿੱਚ ਹਾਸਲ ਹੋਵੇਗੀ ਫਾਈਜ਼ਰ ਵੈਕਸੀਨ



ਓਨਟਾਰੀਓ, 10 ਦਸੰਬਰ (ਪੋਸਟ ਬਿਊਰੋ) : ਹੈਲਥ ਕੈਨੇਡਾ ਵੱਲੋਂ ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਓਨਟਾਰੀਓ ਨੂੰ 14 ਦਸੰਬਰ ਤੱਕ ਇਸ ਵੈਕਸੀਨ ਦੀ ਬਹੁਤ ਘੱਟ ਮਾਤਰਾ ਹਾਸਲ ਹੋਵੇਗੀ । ਇਹ ਖੁਲਾਸਾ ਓਨਟਾਰੀਓ ਦੀ ਸਿਹਤ ਮੰਤਰੀ ਦੇ ਬੁਲਾਰੇ ਵੱਲੋਂ ਕੀਤਾ ਗਿਆ।

ਕ੍ਰਿਸਟੀਨ ਐਲੀਅਟ ਦੇ ਆਫਿਸ ਵੱਲੋਂ ਬੁੱਧਵਾਰ ਨੂੰ ਇਸ ਖਬਰ ਦੀ ਪੁਸ਼ਟੀ ਕੀਤੀ ਗਈ ਤੇ ਦੱਸਿਆ ਗਿਆ ਕਿ ਇਸ ਵੈਕਸੀਨ ਨੂੰ ਪ੍ਰੋਵਿੰਸ ਭਰ ਵਿੱਚ ਕਿਵੇਂ ਵੰਡਿਆ ਜਾਵੇਗਾ ਇਸ ਦੀ ਜਾਣਕਾਰੀ ਜਲਦ ਹੀ ਮੁਹੱਈਆ ਕਰਵਾਈ ਜਾਵੇਗੀ। ਇੱਕ ਬਿਆਨ ਵਿੱਚ ਸਿਹਤ ਮੰਤਰੀ ਦੇ ਬੁਲਾਰੇ ਨੇ ਆਖਿਆ ਕਿ ਕੋਵਿਡ-19 ਵੈਕਸੀਨ ਲਈ ਤਿਆਰ ਕੀਤੀ ਗਈ ਡਿਸਟ੍ਰਿਬਿਊਸ਼ਨ ਟਾਸਕ ਫੋਰਸ ਲਗਾਤਾਰ ਮੁਲਾਕਾਤ ਕਰ ਰਹੀ ਹੈ ਤੇ ਫਾਈਜ਼ਰ ਵੈਕਸੀਨ ਦੀ ਸ਼ੁਰੂਆਤੀ ਡਲਿਵਰੀ ਕਿਸ ਤਰ੍ਹਾਂ ਕੀਤੀ ਜਾਣੀ ਹੈ ਇਸ ਬਾਰੇ ਸਰਕਾਰ ਨੂੰ ਸਲਾਹ ਦੇ ਰਹੀ ਹੈ।

ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਫੈਡਰਲ ਸਰਕਾਰ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਵੈਕਸੀਨ ਵੰਡੇਗੀ। ਸਾਡੀ ਆਬਾਦੀ ਦੇ ਆਧਾਰ ਉੱਤੇ ਸਾਨੂੰ ਅੰਦਾਜ਼ਨ 40 ਫੀ ਸਦੀ ਵੈਕਸੀਨ ਹਾਸਲ ਹੋ ਸਕਦੀ ਹੈ। ਇਹ ਬਿਆਨ ਉਸ ਸਮੇਂ ਆਇਆ ਜਦੋਂ ਹੈਲਥ ਕੈਨੇਡਾ ਵੱਲੋਂ ਵਰਤੋਂ ਤੇ ਵੰਡ ਲਈ ਫਾਈਜ਼ਰ ਵੈਕਸੀਨ ਨੂੰ ਹਰੀ ਝੰਡੀ ਦੇ ਦਿੱਤੀ ਗਈ। ਫਾਈਜ਼ਰ ਵੈਕਸੀਨ ਨੂੰ ਮਨਜ਼ੂਰੀ ਦੇਣ ਵਾਲਾ ਕੈਨੇਡਾ ਤੀਜਾ ਦੇਸ਼ ਬਣ ਗਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਇਸ ਵੈਕਸੀਨ ਦੀ ਪਹਿਲੀ ਖੇਪ ਅਗਲੇ ਹਫਤੇ ਆ ਜਾਵੇਗੀ ਤੇ ਦਸੰਬਰ ਦੇ ਅੰਤ ਤੱਕ ਕੈਨੇਡਾ ਵਿੱਚ ਫਾਈਜ਼ਰ ਵੈਕਸੀਨ ਦੀਆਂ 249,000 ਡੋਜ਼ਾਂ ਪਹੁੰਚ ਜਾਣਗੀਆਂ।

ਸੋਮਵਾਰ ਨੂੰ ਫੋਰਡ ਸਰਕਾਰ ਵੱਲੋਂ ਕੋਵਿਡ-19 ਵੈਕਸੀਨ ਦੀ ਵੰਡ ਸਬੰਧੀ ਯੋਜਨਾ ਦਾ ਖੁਲਾਸਾ ਕੀਤਾ ਗਿਆ ਸੀ। ਸਰਕਾਰ ਨੇ ਦੱਸਿਆ ਸੀ ਕਿ ਸੱਭ ਤੋਂ ਪਹਿਲਾਂ ਇਹ ਵੈਕਸੀਨ ਫਰੰਟਲਾਈਨ ਵਰਕਰਜ਼, ਅਸੈਂਸ਼ੀਅਲ ਕੇਅਰਗਿਵਰਜ਼ ਤੇ ਪ੍ਰੋਵਿੰਸ ਦੇ ਕਈ ਲਾਂਗ ਟਰਮ ਕੇਅਰ ਹੋਮਜ਼ ਦੇ ਸਟਾਫ ਨੂੰ ਦਿੱਤੀ ਜਾਵੇਗੀ। ਪ੍ਰੀਮੀਅਰ ਡੱਗ ਫੋਰਡ ਨੇ ਉਸ ਸਮੇਂ ਸੰਕੇਤ ਦਿੱਤਾ ਸੀ ਕਿ ਮਾਸ ਇਮਿਊਨਾਈਜ਼ੇਸ਼ਨ ਤੋਂ ਅਜੇ ਪ੍ਰੋਵਿੰਸ ਬਹੁਤ ਦੂਰ ਹੈ।

## ਅੱਜ ਨਾਮਾ

ਉਹੀ ਮੰਤਰੀ ਮੂਹਰੇ ਆ ਫੇਰ ਆਇਆ,
ਜਿਹੜਾ ਬੇੜੀਆਂ ’ਚ ਵੱਟੇ ਪਾਏ ਮੀਆਂ।
ਨਵੀਂ ਗੱਲ ਨਹੀਂ ਉਹਨੇ ਸੀ ਕੋਈ ਕੀਤੀ,
ਨੁਕਤੇ ਪਹਿਲੇ ਆ ਫੇਰ ਦੁਹਰਾਏ ਮੀਆਂ।
ਭਾਜੀ ਮੋੜਨ ਨੂੰ ਬਿਨਾ ਕੁਝ ਦੇਰ ਕੀਤੇ,
ਮੂਹਰੇ ਆਗੂ ਕਿਸਾਨਾਂ ਦੇ ਆਏ ਮੀਆਂ।
ਨੁਕਤੇ ਮੰਤਰੀ ਦੇ ਸਾਰੇ ਈ ਰੱਦ ਕਰ ਕੇ,
ਵਾਰਤਾ ਵਾਲੇ ਆ ਸੱਦੇ ਠੁਕਰਾਏ ਮੀਆਂ।
ਗੱਡੀ ਚੱਲੀ ਨਹੀਂ ਚਾਰ ਵੀ ਕਦਮ ਅੱਗੇ,
ਰਹੀ ਆ ਓਥੇ ਦੀ ਓਥੇ ਹੀ ਖੜੀ ਮੀਆਂ।
ਕਰ ਕੇ ਅੜੀ ਜੇ ਕੇਂਦਰ ਸਰਕਾਰ ਬੈਠੀ,
ਛੱਡਣੀ ਨਹੀਂ ਕਿਸਾਨਾਂ ਵੀ ਅੜੀ ਮੀਆਂ।

**ਤੀਸ ਮਾਰ ਖਾਂ**

# ਭਾਰਤ ਸਰਕਾਰ ਦਾ ਕਿਸਾਨਾਂ ਨੂੰ ‘ਪ੍ਰਸਤਾਵ ਉੱਤੇ ਇਤਰਾਜ਼ਾਂ ਬਾਰੇ ਵੀ ਗੱਲਬਾਤ’ ਲਈ ਸੱਦਾ

### * ਮੀਡੀਆ ਕਾਨਫਰੰਸ ਦੇ ਰਾਹੀਂ ਸੱਦਾ ਦਿੱਤਾ ਗਿਆ

ਨਵੀਂ ਦਿੱਲੀ, 10 ਦਸੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਚੱਲਦੇ ਕਿਸਾਨ ਸੰਘਰਸ਼ ਬਾਰੇ ਅੱਜ ਵੀਰਵਾਰ ਨੂੰਕੇਂਦਰ ਦੇਖੇਤੀਬਾਵੀ ਮੰਤਰੀ ਨਰਿੰਦਰ ਸਿੰਘ ਤੋਮਰ ਅਤੇ ਰੇਲਵੇ ਮੰਤਰੀ ਪਿਊਸ਼ ਗੋਇਲ ਨੇ ਮੀਡੀਆ ਕਾਨਫਰੰਸ ਕਰ ਕੇ ਕਿਹਾ ਕਿ ਤਿੰਨ ਨਵੇਂ ਖੇਤੀ ਕਾਨੂੰਨਾਂ ਵਿੱਚ ਸੋਧ ਕਰਨ ਲਈ ਕਿਸਾਨ ਆਗੂਆਂ ਨੂੰ ਸਰਕਾਰ ਵੱਲੋਂ ਭੇਜੇ ਗਏ ਪ੍ਰਸਤਾਵ ਉੱਤੇ ਜੇਉਨ੍ਹਾਂ ਨੂੰ ਕੋਈ ਵੀ ਇਤਰਾਜ਼ ਹੈ ਤਾਂ ਸਰਕਾਰ ਇਸ ਬਾਰੇ ਗੱਲ ਕਰਨ ਲਈ ਫਿਰ ਤਿਆਰ ਹੈ।

ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਅਤੇ ਰੇਲਵੇ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਸਰਕਾਰ ਖੁੱਲ੍ਹੇ ਮਨ ਨਾਲ ਕਿਸਾਨਾਂ ਨਾਲ ਗੱਲਬਾਤ ਕਰੇਗੀ। ਇਸ ਮੌਕੇ ਉਨ੍ਹਾਂ ਨੇ ਫਿਰ ਕਿਹਾ ਕਿ ਖੇਤੀ ਕਾਨੂੰਨਾਂ ਕਿਸਾਨਾਂ ਦੇ ਭਲੇ ਲਈ ਬਣਾਏ ਹਨ।ਉਨ੍ਹਾਂ ਕਿਹਾ ਕਿ ਪਾਰਲੀਮੈਂਟ ਦੇ ਸੈਸ਼ਨ ਦੌਰਾਨ ਸਰਕਾਰ ਨੇ ਖੇਤੀ ਨਾਲ ਸਬੰਧਤ ਤਿੰਨ ਕਾਨੂੰਨ ਪੇਸ਼ ਕੀਤੇ ਤਾਂਇਨ੍ਹਾਂ ਉੱਤੇਪਾਰਲੀਮੈਂਟ ਵਿਚ ਸਾਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਪੱਖ ਰੱਖਿਆ ਸੀ। ਇਸ ਦੇ ਬਾਅਦ ਇਨ੍ਹਾਂ ਬਿੱਲਾਂ ਨੂੰ ਲੋਕ ਸਭਾ ਅਤੇ ਰਾਜ ਸਭਾ ਵਿੱਚ ਪਾਸ ਕੀਤਾ ਗਿਆ ਸੀ ਅਤੇ ਵਿਚਾਰ ਵਟਾਂਦਰੇ ਦੌਰਾਨ ਸਾਰੇ ਪਾਰਲੀਮੈਂਟ ਮੈਂਬਰਾਂ ਨੇ ਵਿਚਾਰ ਪ੍ਰਗਟ ਕੀਤੇ ਸਨ, ਜਿਸ ਦੇ ਬਾਅਦ ਇਹ ਤਿੰਨੇ ਕਾਨੂੰਨ ਅੱਜ ਪੂਰੇ ਦੇਸ਼ ਵਿੱਚ ਲਾਗੂ ਹਨ। ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਮੰਡੀ ਤੋਂ ਅਜ਼ਾਦ ਕਰਾਉਣਾ ਚਾਹੁੰਦੀ ਹੈ ਤਾਂ ਕਿ ਉਹ ਲੋਕ ਆਪਣੀ ਫਸਲ ਨੂੰ ਕਿਤੇ ਵੀ, ਆਪਣੀ ਮਰਜ਼ੀ ਦੀ ਕੀਮਤ ਉੱਤੇ, ਮੰਡੀ ਦੀ ਹੱਦਤੋਂ ਬਾਹਰ ਵੇਚ ਸਕਣ। ਤੋਮਰ ਨੇ ਕਿਹਾ ਕਿ ਤਿੰਨੇ ਖੇਤੀਬਾੜੀ ਕਾਨੂੰਨ ਕਿਸਾਨਾਂ ਦੀ ਆਮਦਨ ਵਧਾਉਣ ਲਈ ਹਨ, ਜਿਸ ਦੌਰਾਨ ਫਸਲ ਦੀ ਕੀਮਤ ਦੇ ਸਮੇਂ ਸਿਰ ਭੁਗਤਾਨ ਦਾ ਪ੍ਰਬੰਧ ਕੀਤਾ ਗਿਆ ਅਤੇ ਕਿਸਾਨਾਂ ਦੀ ਜ਼ਮੀਨ ਸੁਰੱਖਿਅਤ ਕਰਨ ਦਾ ਧਿਆਨ ਰੱਖਿਆ ਗਿਆ ਹੈ। ਉਨ੍ਹਾਂ ਕਿਹਾ



ਕਿਇਨ੍ਹਾਂ ਕਾਨੂੰਨ ਵਿੱਚ ਕਿਸਾਨਾਂ ਨੂੰ ਮਾਰਕੀਟ ਦੇ ਬਾਹਰ ਜਾਣ ਦੀ ਵੀ ਛੋਟ ਦਿੱਤੀ ਗਈ ਹੈ।

ਦੋਵਾਂ ਮੰਤਰੀਆਂ ਨੇ ਕਿਹਾ ਕਿ ਸਰਕਾਰ ਕਾਨੂੰਨ ਦੇ ਉਨ੍ਹਾਂ ਪ੍ਰਬੰਧਾਂ ਬਾਰੇ ਖੁੱਲ੍ਹ ਕੇ ਵਿਚਾਰ ਲਈ ਸਹਿਮਤ ਹੈ, ਜਿਨ੍ਹਾਂ ਦੇ ਬਾਰੇ ਕਿਸਾਨਾਂ ਨੇ ਇਤਰਾਜ਼ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੇ ਇਹ ਕਿਹਾ ਹੈ ਕਿ ਇਹ ਕਾਨੂੰਨ ਜਾਇਜ਼ ਨਹੀਂ, ਪਰ ਅਸੀਂ ਦੱਸਦੇ ਹਾਂ ਕਿ ਇਸ ਕਾਨੂੰਨ ਨਾਲ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਪ੍ਰਭਾਵਤ ਨਹੀਂਹੁੰਦੀ ਅਤੇ ਅਸੀਂ ਪ੍ਰਸਤਾਵ ਦਿੱਤਾ ਹੈ ਕਿ ਕੋਈ ਰਾਜ ਸਰਕਾਰ ਨਿੱਜੀ ਮੰਡੀਆਂ ਦਾ ਸਿਸਟਮ ਨੂੰ ਵੀ ਲਾਗੂ ਕਰ ਸਕਦੀ ਹੈ।’ ਖੇਤੀ ਮੰਤਰੀ ਨੇ ਕਿਹਾ ਕਿ ਸਾਡੇ ਐਕਟ ਵਿਚ ਇਹ ਦਰਜ ਸੀ ਕਿ ਖਰੀਦ ਸਿਰਫ ਪੈਨ ਕਾਰਡ ਨਾਲ ਕੀਤੀ ਜਾ ਸਕਦੀ ਹੈ, ਪਰ ਇਸ ਬਾਰੇ ਵੀ ਮੁੜ ਵਿਚਾਰ ਹੋ ਸਕਦੀ ਹੈ। ਉਨ੍ਹਾਂ ਕਿਹਾ, ਜਦ ਤੱਕ ਖੇਤੀਬਾੜੀ ਅਤੇ ਕਿਸਾਨ ਅਤੇ ਪਿੰਡ ਸਵੈ-ਨਿਰਭਰ ਨਹੀਂ ਹੁੰਦੇ, ਉਦੋਂ ਤੱਕ ਖੇਤੀ ਖੇਤਰ ਨਹੀਂ ਉੱਠ ਸਕਦਾ ਤੇ ਸਾਡਾ ਟੀਚਾ ਹੈ ਕਿ ਕਿਸਾਨਾਂ ਨੂੰ ਸਵੈ-ਨਿਰਭਰ ਬਣਾਇਆ ਜਾਵੇ।

## ਜੋਅ ਬਾਇਡਨ ਦੇ ਪੁੱਤਰ ਹੰਟਰ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਜਾਰੀ

ਵਾਸ਼ਿੰਗਟਨ, 10 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਦੇ ਪੁੱਤਰ ਹੰਟਰ ਬਾਇਡਨ ਦੇ ਖ਼ਿਲਾਫ਼ ਟੈਕਸ ਚੋਰੀ ਦੇ ਕੇਸ ਵਿਚ ਫੈਡਰਲ ਏਜੰਸੀ ਨੇ ਜਾਂਚ ਤੇਜ਼ ਕਰਦੇ ਹੋਏ ਉਸ ਨੂੰ ਸੰਮਨ ਜਾਰੀ ਕੀਤਾ ਹੈ। ਇਸ ਜਾਂਚ ਦੀ ਪੁਸ਼ਟੀ ਹੰਟਰ ਬਾਇਡਨ ਨੇ ਖ਼ੁਦ ਵੀ ਇਕ ਬਿਆਨ ਜਾਰੀ ਕਰਕੇ ਕੀਤੀ ਹੈ।

ਫੈਡਰਲ ਜਾਂਚ ਏਜੰਸੀ ਦੇ ਸੂਤਰਾਂ ਮੁਤਾਬਕ ਹੰਟਰ ਬਾਇਡਨ ਦੇ ਖ਼ਿਲਾਫ਼ ਜਾਂਚ ਵਿਚ ਪੁੱਛਗਿੱਛ ਚੱਲ ਰਹੀ ਹੈ ਅਤੇ ਉਸ ਨੂੰ ਸੰਮਨ ਜਾਰੀ ਹੋਇਆ ਹੈ। ਨਿਆਂ ਵਿਭਾਗ ਦੀ ਇਹ ਜਾਂਚ ਇਕ ਸਾਲ ਪਹਿਲਾਂਤੋਂ ਚੱਲ ਰਹੀ ਹੈ, ਜਦੋਂ ਹਾਲੇ ਤੱਕ ਜੋਅ ਬਾਇਡਨ ਡੈਮੋਕ੍ਰੇਟ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਮੂਹਰੇਵੀ ਨਹੀਂ ਆਏ ਸਨ। ਇਸ ਜਾਂਚ ਦੇ ਬਾਰੇ ਜਾਣਕਾਰੀ ਪਹਿਲਾਂ ਅਮਰੀਕਾ ਦੇ ਡੈਲਾਵੇਅਰ ਵਿਚਲੇ ਅਟਾਰਨੀ ਦਫ਼ਤਰ ਤੋਂ ਮਿਲੀ ਸੀਲ

ਬੀਤੇਬੁੱਧਵਾਰ ਇਸਜਾਂਚ ਦੇ ਸਬੰਧ ਵਿਚ ਨਵੇਂ ਚੁਣੇ ਰਾਸ਼ਟਰਪਤੀ ਦੇ ਅਸਥਾਈ ਦਫ਼ਤਰ ਤੋਂ ਹੰਟਰ ਬਾਇਡਨ ਨੇ ਬਿਆਨ ਜਾਰੀ ਕੀਤਾ ਤੇ ਕਿਹਾ ਕਿ ਉਨ੍ਹਾਂ ਨੂੰ ਇਸ ਜਾਂਚ ਦਾਪਤਾ ਹੈ ਤੇ ਉਹ ਕੇਸ ਨੂੰ ਕਾਨੂੰਨੀ ਰੂਪ ਤੋਂ ਬਹੁਤ ਹੀ ਪੇਸ਼ੇਵਰ ਤਰੀਕੇ ਨਾਲ ਦੇਖ ਰਹੇ ਹਨ। ਉਨ੍ਹਾਂ ਇਹ ਸਪੱਸ਼ਟ ਨਹੀਂ ਕੀਤਾ ਕਿ ਕਿਹੜੇ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਦਾ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਸ ਦੀ ਪਾਰਟੀ ਲੰਬੇ ਸਮੇਂ ਤੋਂ ਦੋਸ਼ ਲਾਉਂਦੀ ਰਹੀ ਹੈ ਕਿ ਹੰਟਰ ਬਾਇਡਨ ਨੇ ਜੋਅ ਬਾਇਡਨ ਦੇ ਉਪ ਰਾਸ਼ਟਰਪਤੀ ਹੋਣ ਸਮੇਂ ਯੂਕਰੇਨ ਦੀ ਕੰਪਨੀ ਵਿਚ ਆਪਣੇ ਪਿਤਾ ਦੇ ਪ੍ਰਭਾਵ ਦੀ ਵਰਤੋਂਕਰ ਕੇ ਲਾਭ ਕਮਾਇਆ ਤੇ ਟੈਕਸ ਹੇਰਾਫੇਰੀ ਕੀਤੀ ਸੀ।ਇਹ ਕੇਸਓਦੋਂ ਸਾਹਮਣੇ ਆਇਆ ਹੈ,ਜਦੋਂ ਜੋਅ ਬਾਇਡਨ 20 ਜਨਵਰੀ ਨੂੰ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣ ਵਾਲੇ ਹਨ ਤੇ ਉਨ੍ਹਾਂ ਦੀ ਟੀਮ ਸੱਤਾ ਤਬਦੀਲੀ ਦੀ ਪ੍ਰਕਿਰਿਆ ਵਿਚ ਲੱਗੀ ਹੋਈ ਹੈ। ਇਸ ਟੀਮ ਨੇ ਹੰਟਰ ਬਾਇਡਨ ਦੇ ਕੇਸ ਵਿਚ ਕਿਹਾ ਹੈ ਕਿ ਜੋਅ ਬਾਇਡਨ ਆਪਣੇ ਪੁੱਤਰ ਉੱਤੇ ਬਹੁਤ ਮਾਣ ਕਰਦੇ ਹਨ। ਹੰਟਰ ਉੱਤੇ ਮਾੜੀ ਨੀਤ ਨਾਲ ਲਾਏ ਗਏ ਦੋਸ਼ਾਂ ਦੀ ਜਾਂਚ ਦਾ ਉਹ ਮੁਕਾਬਲਾ ਕਰਨਗੇ ਅਤੇ ਉਸ ਪਿੱਛੋਂ ਹੋਰ ਮਜ਼ਬੂਤੀ ਨਾਲ ਸਾਹ-ਮਣੇ ਆਉਣਗੇ।

# ਕਿਸਾਨ ਜਥੇਬੰਦੀਆਂ ਨੇ ਸਰਕਾਰ ਦੀ ਪੇਸ਼ਕਸ਼ ਫਿਰ ਠੁਕਰਾਈ

### * ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਪੂਰੇ ਦੇਸ਼ ਦੇ ਰੇਲ ਟ੍ਰੈਕ ਰੋਕੇ ਜਾਣਗੇ * ਰਾਕੇਸ਼ ਟਿਕੈਤ ਨੇ ਕਿਹਾ: ਕਾਨੂੰਨ ਵਾਪਸ ਲਓ, ਨਹੀਂ ਤਾਂ ਡਟੇ ਰਹਾਂਗੇ

ਨਵੀਂ ਦਿੱਲੀ, 10 ਦਸੰਬਰ, (ਪੋਸਟ ਬਿਊਰੋ)- ਦਿੱਲੀ ਦੇ ਬਾਹਰ ਸਿੰਘੂ ਬਾਰਡਰ ਤੋਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਅੱਜ ਇੱਕ ਮੀਡੀਆ ਕਾਨਫਰੰਸ ਦੌਰਾਨ ਆਪਣਾਸੰਘਰਸ਼ ਹੋਰ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਸਾਫ ਕਿਹਾ ਹੈ ਕਿ ਕਾਨੂੰਨ ਰੱਦ ਕੀਤੇ ਜਾਣ ਅਤੇ ਜੇ ਸਰਕਾਰ ਨੇ ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂਉਹ ਸਾਰੇ ਦੇਸ਼ ਦੇ ਰੇਲਵੇ ਟਰੈਕ ਜਾਮ ਕਰਨਗੇ। ਉਨ੍ਹਾਂ ਕਿਹਾ ਕਿ ਅਗਲੀ ਗੱਲਬਾਤ ਖੇਤੀ ਕਾਨੂੰਨ ਰੱਦ ਹੋਣਤੋਂ ਬਾਅਦ ਹੀ ਕੀਤੀ ਜਾਵੇਗੀ।

ਅੱਜ ਭਾਰਤ ਦੇ ਖੇਤੀਬਾੜੀ ਮੰਤਰੀ ਅਤੇ ਰੇਲ ਮੰਤਰੀ ਦੀ ਪ੍ਰੈਸ ਕਾਨਫਰੰਸ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੇ ਕਿਹਾ, ‘ਅਸੀਂ 10 ਦਸੰਬਰ ਤੱਕ ਵਾਸਤੇ ਅਲਟੀਮੇਟਮ ਦਿੱਤਾ ਸੀ ਕਿ ਜੇ ਪ੍ਰਧਾਨ ਮੰਤਰੀ ਸਾਡੀ ਗੱਲ ਨਹੀਂ ਸੁਣਦੇ ਅਤੇ ਕਾਨੂੰਨ ਨੂੰ ਰੱਦ ਨਹੀਂ ਕਰਦੇ ਤਾਂ ਅਸੀਂਸਾਰੇ ਰੇਲਵੇ ਟਰੈਕ ਜਾਮ ਕਰਾਂਗੇ।’ ਅੱਜ ਦੀ ਬੈਠਕ ਵਿਚ ਇਹ ਫੈਸਲਾ ਕਰ ਲਿਆ ਹੈ ਕਿ ਦੇਸ਼ ਦੇ ਸਾਰੇ ਲੋਕ ਰੇਲਵੇ ਲਾਈਨਾਂ ਉੱਤੇ ਉਤਰਨਗੇ।



ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮੰਨ ਲਿਆ ਹੈ ਕਿ ‘ਵਪਾਰੀਆਂ ਦੇ ਹਿੱਤਾਂਲਈਕਾਨੂੰਨ ਬਣਾਏ ਗਏ ਹਨ। ਖੇਤੀਬਾੜੀ ਰਾਜ ਸਰਕਾਰਾਂ ਦਾ ਵਿਸ਼ਾ ਹੋਣ ਕਰ ਕੇ ਕੇਂਦਰ ਸਰਕਾਰ ਨੂੰ ਇਸ ਦਾ ਕਾਨੂੰਨ ਬਣਾਉਣ ਦਾ ਅਧਿਕਾਰ ਹੀਨਹੀਂ।’ ਰਾਜੇਵਾਲ ਨੇ ਕਿਹਾ ਕਿ ‘ਕੇਂਦਰ ਸਰਕਾਰ ਨੂੰ ਕਿਸਾਨਾਂ ਦੀ ਚਿੰਤਾ ਨਹੀਂ, ਬਸ ਟ੍ਰੇਡਰ ਤੇ ਕਾਰਪੋਰੇਟ ਘਰਾਣਿਆਂ ਦੀ ਚਿੰਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਪਿਊਸ਼ ਗੋਇਲ ਦੀ ਅੱਜ ਦੀ ਪ੍ਰੈਸ ਕਾਨਫਰੰਸ ਤੋਂ ਵੀ ਇਹੋ ਸਾਬਤ ਹੁੰਦਾ ਹੈ।’ ਉਨ੍ਹਾਂ ਕਿਹਾ ਕਿ ‘ਮੋਦੀ ਸਰਕਾਰ ਹਿਟਲਰੀ ਨੀਤੀ ਉੱਤੇ ਚੱਲ ਰਹੀ ਹੈ। ਜੇ ਸਰਕਾਰ ਸਾਨੂੰ ਹਟਾਉਣ ਦਾਕੋਈ ਸਖ਼ਤ ਫੈਸਲਾ ਲਵੇ ਤਾਂ ਅਸੀਂ ਤਿਆਰ ਹਾਂ। ਕੇਂਦਰ ਦੇ ਮੰਤਰੀ ਮਗਰਮੱਛ ਦੇ ਹੰਝੂ ਵਹਾਉਂਦੇ ਹਨ ਕਿ ਕਿਸਾਨ ਠੰਡ ਵਿੱਚ ਦਿਨ ਰਾਤ ਸੜਕਾਂ ਉੱਤੇ ਕੱਟਣ ਨੂੰ ਮਜਬੂਰ ਹੈ। ਜੇ ਏਨਾ ਦਰਦ ਹੈ ਤਾਂ ਕਿਸਾਨ ਦੋ ਮਹੀਨਿਆਂਤੋਂ ਪੰਜਾਬ ਵਿੱਚ ਅੰਦੋਲਨ ਕਰ ਰਹੇ ਸੀ, ਕੇਂਦਰ ਦੇ ਮੰਤਰੀਆਂ ਨੂੰ ਉਸੇ ਵੇਲੇ ਕਾਨੂੰਨ ਰੱਦ ਕਰ ਦੇਣੇ ਚਾਹੀਦੇ ਸਨ।’ ਰਾਜੇਵਾਲ ਨੇ ਸਾਫ ਕਿਹਾ;‘ਅਸੀਂ ਛੇ ਮਹੀਨੇ ਏਥੇ ਬੈਠੇ ਰਹਿ ਸਕਦੇ ਹਾਂ। ਅਸੀਂ ਠੰਢੀਆਂ ਰਾਤਾਂ ਵਿੱਚ ਵੀ ਖੇਤਾਂ ਵਿੱਚ ਕੰਮ ਕਰਦੇ ਹਾਂ।’ ਕਿਸਾਨ ਲੀਡਰਾਂ ਨੇ ਦਾਅਵਾ ਕੀਤਾ ਹੈ ਕਿ ਸਰਕਾਰ ਦੇ ਤਾਜ਼ਾ ਕਾਨੂੰਨ ਦੇ ਹਿਸਾਬ ਨਾਲ ਤਾਂ ਆਮ ਲੋਕਾਂ ਨੂੰ ਵੀ ਖਾਣ ਵਾਸਤੇ 9000 ਰੁਪਏ ਕੁਇੰਟਲ ਕਣਕ ਮਿਲੇਗੀ।’

ਅੱਜ ਖੇਤੀਬਾੜੀ ਤੇ ਰੇਲਮੰਤਰੀ ਦੀਸਾਂਝੀ ਮੀਡੀਆ ਕਾਨਫਰੰਸ ਦੇ ਜਵਾਬ ਵਿੱਚ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ‘ਅਸੀਂਖੇਤੀਬਾੜੀ ਮੰਤਰੀ ਨੂੰ ਸੁਣ ਰਹੇ ਸੀ, ਉਨ੍ਹਾਂ ਨੇ ਕੋਈ ਵੀ ਨਵੀਂ ਗੱਲ ਨਹੀਂ ਕਹੀ, ਅਸੀਂ ਉਨ੍ਹਾਂ ਵਾਲੀ ਸੋਧਨੂੰ ਮੰਨਣ ਲਈ ਤਿਆਰ ਨਹੀਂ। ਅਸੀਂ ਇੱਥੋਂ ਓਦੋਂ ਤੱਕ ਨਹੀਂ ਜਾਵਾਂਗੇ,ਜਦੋਂ ਤੱਕ ਇਹ ਕਾਨੂੰਨ ਰੱਦ ਨਹੀਂ ਕੀਤੇ ਜਾਂਦੇ।’ਮੀਡੀਆ ਕਾਨਫਰੰਸ ਦੌਰਾਨ ਰਾਕੇਸ਼ ਟਿਕੈਤ ਨੇ ਕਿਹਾ ਕਿ ਅਸੀਂ ਮੰਗ ਕੀਤੀ ਸੀ ਕਿ ਐੱਮ ਐੱਸ ਪੀ ਉੱਤੇ ਕਾਨੂੰਨ ਬਣਾਓ, ਪਰ ਸਰਕਾਰ ਨੇ ਨਹੀਂ ਬਣਾਇਆ, ਜਦੋਂ ਕਿ ਪੂਰੇ ਦੇਸ਼ ਦਾ ਕਿਸਾਨ ਇਹੀ ਚਾਹੁੰਦਾ ਹੈ। ਇਸ ਸਰਕਾਰ ਦੇ ਰਾਜ ਵਿੱਚ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਵੀ ਲਾਗੂ ਨਹੀਂਹੋਈ। ਉਨ੍ਹਾ ਨੇ ਕਿਹਾ ਕਿ ਜੇ ਸਰਕਾਰ 80 ਫੀਸਦੀ ਬਦਲਾਓ ਕਰਨ ਨੂੰ ਰਾਜ਼ੀ ਹੋ ਰਹੀ ਹੈ ਤਾਂ ਸਮਝਿਆ ਜਾ ਸਕਦਾ ਹੈ ਕਿ ਇਹ ਕਾਨੂੰਨ ਕਿੰਨੇ ਖ਼ਰਾਬ ਹੋਣਗੇ।

## ਨਵੇਂ ਖੇਤੀ ਕਾਨੂੰਨਾਂ ਖਿਲਾਫ ਭਾਜਪਾ ਰਾਜ ਵਾਲਾ ਹਿਮਾਚਲ ਪ੍ਰਦੇਸ਼ ਵੀ ਉੱਠਿਆ

### * ਹਿਮਾਚਲ ਦੇ ਕਿਸਾਨਾਂ ਨੇ ਦਿੱਲੀ ਮੋਰਚੇ ਲਈ ਜੱਥਾ ਤੋਰਿਆ



ਸ਼ਿਮਲਾ, 10 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਸਰਕਾਰ ਦੇ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਨੇ ਹਿਮਾਚਲ ਪ੍ਰਦੇਸ਼ ਦੇ ਕਿਸਾਨਾਂ ਦੀਆਂ ਚਿੰਤਾ ਵੀ ਵਧਾ ਦਿੱਤੀ ਅਤੇ ਇਸ ਰਾਜ ਦੇ ਕਿਸਾਨ ਵੀ ਇਨ੍ਹਾਂ ਖੇਤੀ ਕਾਨੂੰਨਾਂ ਖਿਲਾਫ ਖੜੇ ਹੋ ਗਏ ਹਨ। ਇਸ ਲਈ ਹਿਮਾਚਲ ਪ੍ਰਦੇਸ਼ ਤੋਂ ਬਾਗਬਾਨੀ ਕਰਨ ਵਾਲੇ ਕਿਸਾਨਾਂ ਨੇ ਇਸ ਅੰਦੋਲਨ ਦੇ ਸਮਰਥਨ ਲਈ ਦਿੱਲੀ ਵੱਲ ਕੂਚ ਸ਼ੁਰੂ ਕਰ ਦਿੱਤਾ ਹੈ। ਸੰਘਰਸ਼ ਲਈ ਤੁਰੇਇਨ੍ਹਾਂ ਕਿਸਾਨਾਂ ਦੀ ਚਿੰਤਾ ਮੁੱਖ ਤੌਰ ਉੱਤੇ ਸੇਬਾਂ ਬਾਰੇ ਹੈ।

ਇਸ ਸੰਬੰਧ ਵਿੱਚ ਹਿਮਾਚਲ ਫਰੂਟ, ਫਲਾਵਰ ਤੇ ਸਬਜ਼ੀ ਉਤਪਾਦਨ ਐਸੋਸੀਏਸ਼ਨ ਦੇ ਪ੍ਰਧਾਨ ਹਰੀਸ਼ ਚੌਹਾਨ ਨੇ ਮੰਗ ਕੀਤੀ ਹੈ ਕਿ ਹਿਮਾ-ਚਲ ਪ੍ਰਦੇਸ਼ ਵਾਸਤੇ ਘੱਟੋ-ਘੱਟ ਸਮੱਰਥਨ ਮੁੱਲ (ਐੱਮ ਐੱਸ ਪੀ) ਯਕੀਨੀ ਕੀਤਾ ਜਾਵੇ, ਕਿਉਂਕਿ ਇਹ ਰਾਜ ਜ਼ਿਆਦਾਤਰ ਬਾਗਬਾਨੀ ਉੱਤੇ ਨਿਰਭਰ ਹੈ। ਜੇ ਘੱਟੋ-ਘੱਟ ਸਮਰਥਨ ਮੁੱਲ ਖ਼ਤਮ ਕੀਤਾ ਜਾਂਦਾ ਹੈ ਅਤੇ ਏਪੀ ਐੱਮ ਸੀ (ਮੰਡੀਆ ਦਾ ਅਜੋਕ ਪ੍ਰਬੰਧ) ਨੂੰ ਖ਼ਤਰਾ ਪੈਦਾ ਹੁੰਦਾ ਹੈ ਤਾਂ ਇਸ ਨਾਲ ਇਸ ਰਾਜ ਦੇ ਬਾਗਬਾਨਾਂ ਤੇ ਕਿਸਾਨਾਂ ਨੂੰ ਬਹੁਤ ਵੱਡਾ ਨੁਕਸਾਨ ਹੋਏਗਾ।ਹਿਮਾਚਲ ਪ੍ਰਦੇਸ਼ ਕਿਸਾਨ ਸਭਾ ਦੇ ਪ੍ਰਧਾਨ ਕੁਲਦੀਪ ਤੰਵਰ ਨੇ ਕਿਹਾ ਹੈ ਕਿ ਸਰਕਾਰ ਏਪੀ ਐੱਮ ਸੀ ਅਤੇ ਐੱਮ ਐੱਸ ਪੀ ਨੂੰ ਖ਼ਤਮ ਕਰਨਾ ਚਾਹੁੰਦੀ ਹੈ, ਜਿਸ ਦਾ ਸਿੱਧਾ ਲਾਭ ਅਡਾਨੀ-ਅੰਬਾਨੀ ਨੂੰ ਹੋਵੇਗਾ ਅਤੇ ਇਹ ਵੱਡੇ ਕਾਰਪੋਰੇਟ ਘਰਾਣੇ ਕਿਸਾਨਾਂ ਦੀ ਫਸਲ ਉੱਤੇ ਕਬਜ਼ਾ ਕਰ ਲੈਣਗੇ। ਇਨ੍ਹਾਂ ਨਵੇਂ ਕਾਨੂੰਨਾਂ ਨਾਲ ਹਿਮਾਚਲ ਪ੍ਰਦੇਸ਼ ਦੇ 40 ਲੱਖ ਮੀਟ੍ਰਿਕ ਟਨ ਫਲ ਅਤੇ ਸਬਜ਼ੀ ਪੈਦਾ ਕਰਨ ਵਾਲਿਆਂ ਉੱਤੇ ਖ਼ਤਰਾ ਮੰਡਰਾ ਰਿਹਾ ਹੈ।

## ਪੱਛਮੀ ਬੰਗਾਲ ਵਿੱਚ ਭਾਜਪਾ ਪ੍ਰਧਾਨ ਨੱਢਾ ਦੇ ਕਾਫ਼ਲੇ’ਤੇ ਹਮਲਾ, ਕਈ ਜ਼ਖ਼ਮੀ

### * ਕੇਂਦਰੀ ਗ੍ਰਹਿ ਮੰਤਰੀ ਨੇ ਗਵਰਨਰ ਤੋਂ ਰਿਪੋਰਟ ਮੰਗੀ

ਕੋਲਕਾਤਾ, 10 ਦਸੰਬਰ, (ਪੋਸਟ ਬਿਊਰੋ)- ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਦੇ ਇੱਕ ਕਾਫਲੇ ਉੱਤੇਅੱਜ ਵੀਰਵਾਰ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਵਰਕਰਾਂ ਨੇ ਹਮਲਾ ਕਰ ਦਿੱਤਾ। ਭਾਜਪਾ ਦਾਇਹ ਕਹਿਣਾ ਹੈ ਕਿ ਇਸ ਹਮਲੇ ਵਿਚ ਪਾਰਟੀ ਜਨਰਲ ਸਕੱਤਰ ਕੈਲਾਸ਼ ਵਿਜੇਵਰਗੀਆ ਸਮੇਤ ਕਈ ਨੇਤਾ ਜ਼ਖ਼ਮੀ ਹੋਏ ਹਨ। ਉਨ੍ਹਾਂ ਨੇ ਇਸ ਹਮਲੇ ਲਈ ਟੀ ਐੱਮ ਸੀ ਨੂੰ ਜ਼ਿੰਮੇਵਾਰ ਕਿਹਾ ਹੈ, ਜਦਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਨੂੰ ‘ਭਾਜਪਾ ਦੀ ਨੌਟੰਕੀ’ ਕਰਾਰ ਦਿੱਤਾ ਹੈ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਨੇ ਜੇ ਪੀ ਨੱਢਾ ਦੇ ਪੱਛਮੀ ਬੰਗਾਲ ਦੌਰੇ ਦੌਰਾਨ ਗੰਭੀਰ ਸੁਰੱਖਿਆ ਖਾਮੀਆਂਬਾਰੇ ਸੂਬਾ ਸਰਕਾਰ ਤੋਂ ਰਿਪੋਰਟ ਤਲਬ ਕਰ ਲਈ ਹੈ।

ਪੱਛਮੀ ਬੰਗਾਲ ਵਿੱਚਭਾਜਪਾ ਪ੍ਰਧਾਨ ਜੇਪੀ ਨੱਢਾ ਦੇ ਕਾਫਲੇ ਉੱਤੇ ਹੋਏ ਹਮਲੇ ਤੋਂ ਬਾਅਦ ਭਾਜਪਾਅਤੇ ਟੀ ਐੱਮ ਸੀ ਵਿਚਾਲੇ ਦੂਸ਼ਣਬਾਜ਼ੀ ਦਾ ਦੌਰ ਸ਼ੁਰੂ ਹੋ ਗਿਆ ਹੈ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰਾਲੇ ਨੇ ਗਵਰਨਰ ਓ ਪੀ ਧਨਕੜ ਤੋਂਇਸ ਹਮਲੇ ਦੇਬਾਰੇ ਰਿਪੋਰਟ ਮੰਗ ਲਈ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਟਵੀਟ ਕਰਕੇ ਕਿਹਾ ਕਿ ਬੰਗਾਲ ਵਿੱਚਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਉੱਤੇ ਹੋਇਆ ਹਮਲਾ ਨਿੰਦਣਯੋਗ ਹੈ। ਉਨ੍ਹਾਂ ਕਿ ਕੇਂਦਰ ਸਰਕਾਰ ਇਸ ਹਮਲੇ ਨੂੰ ਪੂਰੀ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਪੱਛਮੀ ਬੰਗਾਲ ਸਰਕਾਰ ਨੂੰ ਇਸ ਹਿੰਸਾ ਲਈ ਸੂਬੇ ਦੀ ਸ਼ਾਂਤੀ ਪਸੰਦ ਜਨਤਾ ਨੂੰ ਜਵਾਬ ਦੇਣਾ ਹੋਵੇਗਾ। ਇਸ ਹਮਲੇ ਨਾਲ ਨਰਾਜ਼ ਹੋਏ ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਹਮਲੇ ਨੂੰ ਹੈਰਾਨੀਜਨਕ ਕਰਾਰ ਦਿੱਤਾ ਤੇ ਦੋਸ਼ ਲਾਇਆ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਹਿੱਲ ਚੁੱਕੀ ਹੈ ਤੇ ਗੁੰਡਾ ਰਾਜਚੱਲ ਰਿਹਾ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਨਵੇਂ ਪਾਰਲੀਮੈਂਟ ਭਵਨ ਦੀ ਨੀਂਹ ਰੱਖੀ

### * ਨਵਾਂ ਭਵਨ ਆਤਮ ਨਿਰਭਰ ਭਾਰਤ ਦਾ ਗਵਾਹ ਬਣੇਗਾ : ਮੋਦੀ

ਨਵੀਂ ਦਿੱਲੀ, 10 ਦਸੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਦੇਸ਼ ਦੇ ਨਵੇਂ ਪਾਰਲੀਮੈਂਟ ਭਵਨ ਦਾ ਭੂਮੀ ਪੂਜਨ ਕਰ ਕੇਨੀਂਹ ਪੱਥਰ ਰੱਖਿਆ ਅਤੇ ਕਿਹਾ ਕਿ ਪੁਰਾਣੇ ਪਾਰਲੀਮੈਂਟ ਭਵਨ ਨੇ ਆਜ਼ਾਦੀ ਮਿਲਣ ਪਿੱਛੋਂਦੇਸ਼ ਨੂੰ ਦਿਸ਼ਾ ਦਿੱਤੀ ਸੀ ਅਤੇ ਨਵਾਂ ਭਵਨ ਆਤਮਨਿਰਭਰ ਭਾਰਤ ਦੇ ਨਿਰਮਾਣ ਦਾ ਗਵਾਹ ਬਣੇਗਾ। ਉਨ੍ਹਾਂ ਕਿਹਾ ਕਿ ਪੁਰਾਣੇ ਪਾਰਲੀਮੈਂਟ ਭਵਨ ਵਿਚ ਦੇਸ਼ ਦੀਆਂ ਲੋੜਾਂ ਦੀ ਪੂਰਤੀ ਲਈ ਕੰਮ ਹੋਇਆ ਤਾਂ ਵਿਸ਼ਵਾਸ ਹੈ ਕਿ ਨਵੇਂ ਭਵਨ ਵਿਚ 21ਵੀਂ ਸਦੀ ਦੇ ਭਾਰਤ ਦੀਆਂ ਉਮੀਦਾਂ ਦੀ ਪੂਰਤੀ ਕੀਤੀ ਜਾਵੇਗੀ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ‘ਅੱਜ 130 ਕਰੋੜ ਤੋਂਵੱਧ ਭਾਰਤੀਆਂ ਲਈ ਮਾਣ ਦਾ ਦਿਨ ਹੈ ਤੇਅਸੀਂ ਇਸ ਇਤਿਹਾਸਕ ਪਲ ਦੇ ਗਵਾਹ ਬਣ ਰਹੇ ਹਾਂ। ਇਹ ਨਵਾਂਪਾਰਲੀਮੈਂਟ ਭਵਨ ਦੇਸ਼ ਦੇ ਨਵੇਂ ਅਤੇ ਪੁਰਾਣੇਪਣ ਦੀ ਸਹਿ-ਹੋਂਦ ਦੀਮਿਸਾਲ ਹੈ। ਇਹ ਸਮੇਂ ਅਤੇ ਲੋੜ ਮੁਤਾਬਕ ਖੁਦ ਅੰਦਰ ਬਦਲਾਅ ਕਰਨ ਦੀ ਕੋਸ਼ਿਸ਼ ਹੈ।’ਇਸ ਮੌਕੇਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਕੇਂਦਰੀ ਮੰਤਰੀ ਰਵੀ ਪ੍ਰਸਾਦ, ਲੋਕ ਸਭਾ ਸਪੀਕਰ ਓਮ ਬਿੜਲਾ ਤੇ ਕਈ ਦੇਸ਼ਾਂ ਦੇ ਰਾਜਦੂਤ ਵੀ ਨੀਂਹ ਪੱਥਰ ਰੱਖਣ ਦੇ ਸਮਾਗਮ ਵਿੱਚ ਸ਼ਾਮਲ ਹੋਏ।

ਭਾਰਤ ਦੇ ਨਵੇਂ ਪਾਰਲੀਮੈਂਟ ਭਵਨ ਦੀ ਉਸਾਰੀ ਅਕਤੂਬਰ 2022 ਤਕ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ ਤਾਂ ਕਿ ਆਜ਼ਾਦੀ ਦੀ 75ਵੀਂ ਵਰ੍ਹੇਗੰਢਮੌਕੇ ਨਵੇਂ ਭਵਨ ਵਿਚ ਪਾਰਲੀਮੈਂਟ ਸੈਸ਼ਨ ਹੋ ਸਕੇ। ਨਵੇਂ ਪਾਰਲੀਮੈਂਟ ਭਵਨ ਵਿਚ ਲੋਕ ਸਭਾ ਦਾ ਹਾਲ ਅੱਜ ਵਾਲੇ ਹਾਲ ਤੋਂ ਤਿੰਨ ਗੁਣਾ ਵੱਡਾ ਹੋਵੇਗਾ ਅਤੇ ਰਾਜਸਭਾ ਦਾ ਹਾਲ ਵੀ ਵੱਡਾ ਕੀਤਾ ਗਿਆ ਹੈ।



ਕੁੱਲ 64500 ਵਰਗ ਮੀਟਰ ਦੇ ਖੇਤਰ ਵਿਚ ਟਾਟਾ ਪ੍ਰੋਜੈਕਟਸ ਲਿਮਟਿਡ ਨਵੇਂ ਪਾਰਲੀਮੈਂਟ ਭਵਨ ਦੀ ਉਸਾਰੀ ਕਰੇਗਾ, ਜਿਸ ਦਾ ਡਿਜ਼ਾਈਨ ਪਲਾਨਿੰਗ ਐਂਡ ਮੈਨੇਜਮੈਂਟ ਪ੍ਰਾਈਵੇਟ ਲਿਮਟਿਡ ਨੇਬਣਾਇਆ ਹੈ। ਇਸ ਬਾਰੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੇ ਅਧਿਕਾਰੀਆਂ ਅਨੁਸਾਰ ਨਵੇਂ ਪਾਰਲੀਮੈਂਟ ਭਵਨ ਨੂੰ ਅਗਲੇ ਸੌ ਸਾਲਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਜਾਵੇਗਾ ਤਾਂ ਜੋ ਭਵਿੱਖ ਵਿਚ ਪਾਰਲੀਮੈਂਟ ਮੈਂਬਰਾਂ ਦੀ ਗਿਣਤੀ ਵਧਣ ਨਾਲ ਮੁਸ਼ਕਲ ਨਾ ਹੋਵੇ। ਮੰਤਰਾਲਾ ਦੇ ਮੁਤਾਬਕ ਨਵਾਂ ਪਾਰਲੀਮੈਂਟ ਭਵਨ ਸੋਲਰ ਊਰਜਾ ਤੰਤਰ ਤੇ ਅਤਿ-ਆਧੁਨਿਕ ਤਕਨੀਕੀ ਸਹੂਲਤਾਂ ਵਾਲਾ ਹੋਵੇਗਾ ਅਤੇ ਮੌਜੂਦਾ ਪਾਰਲੀਮੈਂਟ ਭਵਨ ਦੇ ਨਾਲ ਨਵੇਂ ਪਾਰਲੀਮੈਂਟ ਭਵਨ ਨੂੰ ਅਤਿ-ਆਧੁਨਿਕ ਸੁਰੱਖਿਆ ਸਹੂਲਤਾਂ ਨਾਲ ਲੈੱਸ ਕੀਤਾ ਜਾਵੇਗਾ। ਇਸ ਵਿਚ ਇਕ ਸੰਵਿਧਾਨ ਹਾਲ ਵੀ ਬਣਾਇਆ ਜਾਵੇਗਾ, ਜਿਹੜਾ ਆਮ ਜਨਤਾ ਦੇ ਲਈ ਖੁੱਲ੍ਹਾ ਹੋਵੇਗਾ। ਇਸ ਇਮਾਰਤ ਨੂੰ ਭੂਚਾਲ ਵਿਰੋਧੀ ਵੀ ਬਣਾਇਆ ਗਿਆ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training





ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



# ਸੰਪਾਦਕੀ

## ਬਰੈਂਪਟਨ ਬੱਜਟ ਦਾ ਲੇਖਾ ਜੋਖਾ

ਸਿਟੀ ਆਫ਼ ਬਰੈਂਪਟਨ ਕਾਊਂਸਲ ਨੇ ਪਰਸੋਂ 1.2 ਬਿਲੀਅਨ ਡਾਲਰਾਂ ਦੇ 2021 ਬੱਜਟ ਨੂੰ ਪਾਸ ਕਰ ਦਿੱਤਾ ਹੈ। ਜੇ ਇਸਨੂੰ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਵੇਖਿਆ ਜਾਵੇ ਤਾਂ ਆਉਣ ਵਾਲੇ ਸਾਲ ਵਿੱਚ ਸਿਟੀ ਵੱਲੋਂ ਸ਼ਹਿਰ ਨਿਵਾਸੀਆਂ ਦੇ ਟੈਕਸ ਡਾਲਰਾਂ ਦਾ 16% ਸਕੂਲ ਬੋਰਡਾਂ (ਪ੍ਰੋਵਿੰਸ ਆਫ਼ ਉਂਟੇਰੀਓ) ਨੂੰ ਦਿੱਤਾ ਜਾਵੇਗਾ, 39% ਹਿੱਸਾ ਰੀਜਨ ਆਫ਼ ਪੀਲ ਦੇ ਹਿੱਸੇ ਜਾਵੇਗਾ ਜਦੋਂ ਕਿ 45% ਟੈਕਸ ਡਾਲਰ ਬਰੈਂਪਟਨ ਸਿਟੀ ਦੇ ਕੋਲ ਰਹਿਣਗੇ। ਇਹਨਾਂ 45% ਵਿੱਚੋਂ ਸਿਟੀ ਦਾ ਸੱਭ ਤੋਂ ਵੱਡਾ ਖਰਚਾ 10% ਕੈਪੀਟਲ ਬੁਨਿਆਦੀ ਢਾਂਚੇ ਲਈ ਫੰਡਿੰਗ ਵਾਸਤੇ, 8.6% ਟਰਾਂਜ਼ਿਟ ਲਈ, 8.7% ਫਾਇਰ/ਐਮਰਜੰਸੀ ਸੇਵਾਵਾਂ ਲਈ ਅਤੇ 6.6% ਪਬਲਿਕ ਵਰਕਸ ਲਈ ਉੱਤੇ ਖਰਚ ਹੋਵੇਗਾ। ਜਦੋਂ ਗੱਲ ਬਰੈਂਪਟਨ ਦੇ ਟੈਕਸ ਡਾਲਰਾਂ ਨਾਲ ਸਕੂਲ ਬੋਰਡਾਂ ਨੂੰ ਫੰਡ ਕਰਨ ਦੀ ਆਉਂਦੀ ਹੈ ਤਾਂ ਚੇਤੇ ਰੱਖਣਾ ਬਣਦਾ ਹੈ ਕਿ ਪੀਲ ਰੀਜਨ ਵਿੱਚ ਪ੍ਰੋਵਿੰਸ ਦੇ ਹੋਰ ਹਿੱਸਿਆਂ ਨਾਲੋਂ ਪ੍ਰਤੀ ਵਿੱਦਿਆਰਥੀ ਇੱਕ ਹਜ਼ਾਰ ਡਾਲਰ ਸਾਲਾਨਾ ਘੱਟ ਮਿਲਦੇ ਹਨ। ਇਸਤੋਂ ਸਾਡੇ ਸਕੂਲਾਂ ਵਿੱਚ ਵਿੱਦਿਆ ਲਈ ਉਪਲਬਧ ਸ੍ਰੋਤਾਂ ਦੀ ਸਥਿਤੀ ਬਾਰੇ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਵਿੱਦਿਆ ਦੀ ਗੱਲ ਕਰਦੇ ਹੋਏ ਦਿਲਚਸਪ ਤੱਥ ਇਹ ਵੀ ਹੈ ਕਿ ਇਸ ਸਾਲ ਬੱਜਟ ਵਿੱਚ ਯੂਨੀਵਰਸਿਟੀ ਬਾਰੇ ਕਿਸੇ ਦਿਲ ਲੁਭਾਊ ਨਿਵੇਸ਼ ਦਾ ਇੰਤਜ਼ਾਮ ਨਹੀਂ ਕੀਤਾ ਗਿਆ ਹੈ ਸਿਵਾਏ ਇਸਦੇ ਕਿ ਡਾਊਨ ਟਾਊਨ ਵਿੱਚ ਅਲਗੋਮਾ ਯੂਨੀਵਰਸਿਟੀ ਵੱਲੋਂ ਖੋਲੇ ਗਏ ਦੁਕਾਨਨੁਮਾ ਕੈਂਪਸ ਨੂੰ ਵਧੇਰੇ ਕੋਰਸ ਲਾਗੂ ਕਰਨ ਲਈ 2.4 ਮਿਲੀਅਨ ਡਾਲਰ ਨਿਰਧਾਰਤ ਕੀਤੇ ਗਏ ਹਨ। ਇਹਨਾਂ ਚੰਦ ਕੁ ਡਾਲਰਾਂ ਨਾਲ ਬਰੈਂਪਟਨ ਦੇ ਯੂਨੀਵਰਸਿਟੀ ਲਿਆਉਣ ਦੇ ਸੁਫ਼ਨੇ ਨੂੰ ਕਿੰਨੇ ਕੁ ਖੰਭ ਲਾਏ ਜਾ ਸਕੱਣਗੇ? ਸ਼ਾਇਦ ਸੋਚਿਆ ਹੋਵੇਗਾ ਕਿ ਕੋਵਿਡ 19 ਦੇ ਸ਼ੋਰ ਸ਼ਰਾਬੇ ਵਿੱਚ ਅਗਲੇ ਸਾਲ ਯੂਨੀਵਰਸਿਟੀ ਦੀ ਗੱਲ ਕਿਸਨੇ ਕਰਨੀ ਹੈ? ਉਂਜ ਬੱਜਟ ਇਸ ਗੱਲ ਦਾ ਬਹੁਤ ਪ੍ਰਮਾਣਤਾ ਨਾਲ ਜ਼ਿਕਰ ਕਰਦਾ ਹੈ ਕਿ ਸ਼ਹਿਰ ਵਿੱਚ ਇੱਕ ਲੱਖ ਪੰਜਤਾਲੀ ਹਜ਼ਾਰ ਨਿਵਾਸੀਆਂ ਕੋਲ ਯੂਨੀਵਰਸਿਟੀ ਡਿਗਰੀਆਂ ਹਨ। ਪਰ ਬੱਜਟ ਇਹ ਗੱਲ ਬਿਲਕੁਲ ਨਹੀਂ ਦੱਸਦਾ ਕਿ ਬਰੈਂਪਟਨ ਦੇ ਬਹੁ ਗਿਣਤੀ ਯੂਨੀਵਰਸਿਟੀ ਡਿਗਰੀਧਾਰੀ ਵਿਦੇਸ਼ਾਂ ਵਿੱਚੋਂ ਪੜ ਕੇ ਆਏ ਪਰਵਾਸੀ ਹਨ ਜਦੋਂ ਕਿ ਸਾਡਾ ਫ਼ਿਕਰ ਇੱਥੇ ਦੀ ਜੰਮਪਲ ਅਗਲੀ ਪੀੜੀ ਦੇ ਨੌਜਵਾਨ ਹੋਣੇ ਚਾਹੀਦੇ ਹਨ।

ਬਰੈਂਪਟਨ ਸ਼ਹਿਰ ਦੀ ਜਨਸੰਖਿਆ ਵਿੱਚ ਲਾਮਿਸਾਲ ਇੱਕ ਅਵਸਰ ਹੋਣ ਦੇ ਨਾਲ ਨਾਲ ਇੱਕ ਵੱਡੀ ਚੁਣੌਤੀ ਹੈ। 1986 ਤੋਂ 2011 ਦਰਮਿਆਨ ਸ਼ਹਿਰ ਦੀ ਆਬਾਦੀ ਵਿੱਚ 280% ਵਾਧਾ ਦਰਜ਼ ਕੀਤਾ ਗਿਆ। ਸਾਲਾਨਾ ਦੇ ਆਧਾਰ ਉੱਤੇ ਸ਼ਹਿਰ ਦੀ ਜਨਸੰਖਿਆ ਵਿੱਚ ਵਾਧੇ ਦੀ ਦਰ 4.2% ਰਹੀ ਹੈ ਜਦੋਂ ਕਿ ਰੁਜ਼ਗਾਰ ਵਿੱਚ ਵਾਧਾ ਸਿਰਫ਼ 3.7% ਹੋਇਆ ਹੈ। 3.7% ਵਾਧਾ ਵੀ ਰੁਜ਼ਗਾਰ ਦੀ ਗੁਣਵੱਤਾ ਵੱਲ ਇਸ਼ਾਰਾ ਨਹੀਂ ਕਰਦਾ ਕਿਉਂਕਿ ਬਰੈਂਪਟਨ ਵਿੱਚ ਖੋਲੇ ਗਏ ਵੱਡੇ ਵੱਡੇ ਵੇਅਰਹਾਊਸਾਂ ਵਿੱਚ ਮਿਲਦੇ ਰੁਜ਼ਗਾਰ ਨੂੰ ਜੇ ਰੁਜ਼ਗਾਰ ਆਖਣਾ ਹੈ ਤਾਂ ਇੱਕ ਲੱਖ ਪੰਜਤਾਲੀ ਹਜ਼ਾਰ ਯੂਨੀਵਰਸਿਟੀ ਹੋਲਡਰਾਂ ਦੀ ਹੱਤਕ ਨਹੀਂ ਤਾਂ ਹੋਰ ਕੀ ਹੈ। ਸਿਟੀ ਬੱਜਟ ਵਿੱਚ ਗੁਣਵੱਤਾ ਵਾਲੇ ਰੁਜ਼ਗਾਰ ਪੈਦਾ ਕਰਨ ਬਾਰੇ ਗੱਲ ਤੱਕ ਨਹੀਂ ਕੀਤੀ ਗਈ ਹੈ। 297 ਪੰਨਿਆਂ ਵਾਲੇ ਬੱਜਟ ਵਿੱਚ ਸਿਰਫ਼ 9 ਥਾਵਾਂ ਉੱਤੇ ਰੁਜ਼ਗਾਰ ਸ਼ਬਦ ਵਰਤਿਆ ਗਿਆ ਹੈ ਪਰ ਹਰ ਥਾਂ ਉੱਤੇ ਰੁਜ਼ਗਾਰ ਸ਼ਬਦ ਕਿਸੇ ਅਣਬਿਆਨੇ ਪਰੀਪੇਖ ਵਿੱਚ ਲਿਖਿਆ ਗਿਆ ਹੈ ਪਰ ਇਸ ਵਾਸਤੇ ਯੋਜਨਾਵਾਂ ਦਾ ਉਲੇਖ ਜਾਂ ਡਾਲਰ ਦਾਂ ਨਿਰਧਾਰਤ ਕੀਤਾ ਜਾਣਾ ਖੋਤੇ ਦੇ ਸਿਰ ਤੋਂ ਸਿੰਗਾਂ ਵਾਗੂੰ ਗਾਇਬ ਹੈ।

ਸਿਟੀ ਵੱਲੋਂ ਜਾਰੀ ਪਰੈੱਸ ਰੀਲੀਜ਼ ਵਿੱਚ ਪ੍ਰਾਪਰਟੀ ਟੈਕਸ ਵਿੱਚ 0% ਇਜ਼ਾਫ਼ਾ ਕਰਨ ਦਾ ਦਾਅਵਾ ਕੀਤਾ ਗਿਆ। ਜਦੋਂ ਤੁਸੀਂ ਅੰਦਰ ਝਾਤੀ ਮਾਰੋ ਤਾਂ 2021 ਟੈਕਸ ਬਿੱਲ ਇੰਪੈਕਟ ਸਿਰਲੇਖ ਤਹਿਤ 0.9% ਵਾਧੇ ਸਮੇਤ ਰੀਜਨ ਆਫ਼ ਪੀਲ ਨੂੰ ਦੇਣ ਵਾਲੇ ਟੈਕਸ ਵਿੱਚ 1.4% ਇਜ਼ਾਫਾ ਕਰਨਾ ਦੱਸਿਆ ਗਿਆ ਹੈ। ਇਸ ਤਰੀਕੇ ਹਰ ਮਕਾਨ ਮਾਲਕ ਨੂੰ 2.5% ਟੈਕਸ ਵੱਧ ਅਦਾ ਕਰਨੇ ਹੋਣਗੇ। ਬਰੈਂਪਟਨ ਨੂੰ ਦਰਪੇਸ਼ ਬੇਸਮੈਂਟਾਂ ਦੇ ਮਸਲੇ ਬਾਰੇ ਬੱਜਟ ਵਿੱਚ ਜ਼ਿਕਰ ਤੱਕ ਨਹੀਂ ਹੈ।

ਜਿੱਥੇ ਤੱਕ ਸਿਟੀ ਵੱਲੋਂ ਖਰਚ ਕੀਤੇ ਜਾਣ ਵਾਲੇ ਡਾਲਰਾਂ ਦਾ ਸੁਆਲ ਹੈ, ਉਹਨਾਂ ਵਿੱਚੋਂ ਕੁੱਲ ਡਾਲਰਾਂ ਦਾ 57.2% ਹਿੱਸਾ 3780 ਮੁਲਾਜ਼ਮਾਂ ਦੀ ਫੌਜ ਨੂੰ ਦਿੱਤੀਆਂ ਜਾਣ ਵਾਲੀਆਂ ਤਨਖਾਹਾਂ, ਭੱਤੇ ਆਦਿ ਖਾ ਜਾਣਗੇ। ਇੱਕ ਪਾਸੇ ਕੈਨੇਡਾ ਭਰ ਵਿੱਚ 15 ਲੱਖ ਤੋਂ ਵੱਧ ਲੋਕਾਂ ਦੀਆਂ ਇੱਕਲੇ ਕੋਵਿਡ 19 ਕਾਰਣ ਨੌਕਰੀਆਂ ਚਲੀਆਂ ਗਈਆਂ ਅਤੇ ਬਿਜਨਸਾਂ ਦਾ ਘਾਣ ਹੋਇਆ, ਬਰੈਂਪਟਨ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ 2.5% ਵਾਧਾ ਕਰਨ ਦਾ ਵਾਅਦਾ ਕੀਤਾ ਗਿਆ ਹੈ। ਚੇਤੇ ਰਹੇ ਕਿ ਉਂਟੇਰੀਓ ਸਰਕਾਰ ਨੇ ਕੋਵਿਡ 19 ਆਉਣ ਤੋਂ ਪਹਿਲਾਂ ਹੀ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵਾਧਾ 1% ਉੱਤੇ ਸੀਮਤ ਕਰ ਦਿੱਤਾ ਸੀ।

ਬੱਜਟ ਬਾਰੇ ਇੱਕ ਦਿਲਚਸਪ ਗੱਲ ਹੋਰ। ਜਨਸੰਖਿਆ ਵਜੋਂ ਕੈਨੇਡਾ ਦੇ ਦੂਜੇ ਸੱਭ ਤੋਂ ਵੱਧ ਤੇਜ ਰਫ਼ਤਾਰ ਨਾਲ ਵੱਧਣ ਵਾਲੇ, ਦੇਸ਼ ਦੇ ਨੌਵੇਂ ਅਤੇ ਉਂਟੇਰੀਓ ਦੇ ਦੂਜੇ ਵੱਡੇ ਇਸ ਸ਼ਹਿਰ ਦੇ ਪਰਸੋਂ ਪਾਸ ਕੀਤੇ ਬੱਜਟ ਨੂੰ ਬਰੈਂਪਟਨ ਗਾਰਡੀਅਨ ਤੋਂ ਆਰੰਭ ਹੋ ਕੇ ਕਿਸੇ ਵੀ ਨਾਮਵਰ ਅਖ਼ਬਾਰ ਨੇ ਕਵਰ ਨਹੀਂ ਕੀਤਾ ਹੈ। ਕੀ ਇਸਨੂੰ ਜਾਣ ਬੁੱਝ ਅੱਖੋਂ ਪਰੋਖੇ ਕਰਨ ਵਾਲੀ ਅਣਗਹਿਲੀ ਕਿਹਾ ਜਾਵੇ ਜਾਂ ਨਸਲੀ ਵਿਤਕਰਾ? ਵੈਸੇ ਜੇ ਗੱਲ ਕੋਵਿਡ ਦੀ ਹੋਵੇ ਤਾਂ ਬਰੈਂਪਟਨ ਦੀਆਂ ਖ਼ਬਰਾਂ ਦੁਨੀਆ ਭਰ ਛਾ ਜਾਂਦੀਆਂ ਹਨ ਪਰ ਜਦੋਂ ਗੱਲ ਵਿਕਾਸ ਲਈ ਡਾਲਰਾਂ ਦੀ ਹੋਵੇ ਤਾਂ ਚੁੱਪ ਦਾ ਰਾਜ ਛਾ ਜਾਂਦਾ ਹੈ। ਬੱਜਟ 2021 ਮੁਬਾਰਕ ਹੋਵੇ।

## ਟਰੂਡੋ ਨੇ ਪ੍ਰੋਵਿੰਸਾਂ ਨੂੰ ਹੋਰ ਹੈਲਥ ਕੇਅਰ ਫੰਡ ਮੁਹੱਈਆ ਕਰਵਾਉਣ ਦਾ ਕੀਤਾ ਵਾਅਦਾ

...ਪੰਨਾ 1 ਦਾ ਬਾਕੀ

ਨੋਵਾ ਸਕੋਸ਼ੀਆ ਦੇ ਪ੍ਰੀਮੀਅਰ ਸਟੀਫਨ ਮੈਕਨੀਲ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਜਦੋਂ ਹੈਲਥ ਕੇਅਰ ਫੰਡਿੰਗ ਵਿੱਚ ਫੈਡਰਲ ਸਰਕਾਰ ਦੇ ਹਿੱਸੇ ਵਿੱਚ ਵਾਧਾ ਕਰਨ ਦਾ ਮੁੱਦਾ ਵਿਚਾਰਿਆ ਜਾਣਾ ਹੁੰਦਾ ਹੈ ਤਾਂ ਉਹ ਸਾਰੇ ਪ੍ਰੀਮੀਅਰਜ਼ ਦੀ ਹਾਜ਼ਰੀ ਵਿੱਚ ਵਿਚਾਰਿਆ ਜਾਵੇ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਇੱਕ ਬਿਆਨ ਜਾਰੀ ਕਰਕੇ ਕੈਨੇਡਾ ਹੈਲਥ ਟਰਾਂਸਫਰ ਵਿੱਚ ਵਾਧਾ ਨਾ ਕੀਤੇ ਜਾਣ ਉੱਤੇ ਨਿਰਾਸ਼ਾ ਪ੍ਰਗਟਾਈ। ਬੀਸੀ ਦੇ ਪ੍ਰੀਮੀਅਰ ਜੌਹਨ ਹੌਰਗਨ ਨੇ ਆਖਿਆ ਕਿ ਉਨ੍ਹਾਂ ਨੂੰ ਵੀ ਇਨ੍ਹਾਂ ਫੰਡਾਂ ਦੀ ਜਲਦ ਟਰਾਂਸਫਰ ਦੀ ਆਸ ਸੀ ਪਰ ਨਵੇਂ ਸਾਲ ਵਿੱਚ ਉਹ ਹੈਲਥ ਕੇਅਰ ਨਾਲ ਜੁੜੀਆਂ ਮੂਲ ਦਿੱਕਤਾਂ ਦੇ ਸਬੰਧ ਵਿੱਚ ਰਲ ਕੇ ਕੰਮ ਕਰਨ ਦੀ ਆਸ ਕਰਦੇ ਹਨ।

ਇਸ ਵਰਚੂਅਲ ਮੀਟਿੰਗ ਵਿੱਚ ਟਰੂਡੋ ਨੇ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਲਾਗੂ ਕਰਨ ਲਈ ਪ੍ਰੋਵਿੰਸਾਂ ਨਾਲ ਰਲ ਕੇ ਕੰਮ ਕਰਨ ਦਾ ਕਰਾਰ ਵੀ ਕੀਤਾ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਕੈਨੇਡਾ ਦੇ ਲਾਂਗ ਟਰਮ ਕੇਅਰ ਹੋਮਜ਼ ਦੇ ਹਾਲਾਤ ਨੂੰ ਸੁਧਾਰਨ ਲਈ ਫੰਡਾਂ ਵਿੱਚ ਸੁਧਾਰ ਕਰਨ ਦਾ ਵਾਅਦਾ ਵੀ ਕੀਤਾ। ਟਰੂਡੋ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਪ੍ਰੋਵਿੰਸਾਂ ਨੂੰ ਕੋਵਿਡ-19 ਵੈਕਸੀਨਜ਼ ਮੁਹੱਈਆ ਕਰਵਾਉਣ ਦਾ ਸਾਰਾ ਖਰਚਾ ਫੈਡਰਲ ਸਰਕਾਰ ਚੁੱਕੇਗੀ।

## ਪਬਲਿਕ ਹੈਲਥ ਯੂਨਿਟ ਨੇ ਵਿੰਡਸਰ ਐਸੈਕਸ ਰੀਜਨ ਦੇ ਸਾਰੇ ਸਕੂਲਾਂ ਨੂੰ ਬੰਦ ਕਰਨ ਦੇ ਦਿੱਤੇ ਹੁਕਮ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਵਿੰਡਸਰ-ਐਸੈਕਸ ਕਾਊਂਟੀ ਹੈਲਥ ਯੂਨਿਟ ਇਸ ਇਲਾਕੇ ਦੇ ਸਾਰੇ ਸਕੂਲ ਬੋਰਡਜ਼ ਨਾਲ ਰਲ ਕੇ ਕੰਮ ਕਰ ਰਹੀ ਹੈ ਤਾਂ ਕਿ ਕੋਵਿਡ-19 ਮਹਾਂਮਾਰੀ ਦੌਰਾਨ ਪੜ੍ਹਾਈ ਦਾ ਹਰਜਾ ਨਾ ਹੋਵੇ। ਅਹਿਮਦ ਨੇ ਆਖਿਆ ਕਿ ਸਕੂਲ ਅਧਿਆਪਕਾਂ ਤੇ ਸਟਾਫ ਲਈ ਖੁੱਲ੍ਹੇ ਰਹਿਣਗੇ। ਇਸ ਦੇ ਨਾਲ ਹੀ ਫੁੱਲ ਟਾਈਮ ਡੇਅਕੇਅਰ ਵੀ ਖੁੱਲ੍ਹੇ ਰਹਿਣਗੇ। ਵਿੰਡਸਰ ਐਸੈਕਸ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨੇ ਆਖਿਆ ਕਿ ਉਨ੍ਹਾਂ ਦੇ ਅਧਿਆਪਕ ਤੇ ਸਟਾਫ ਦੂਰ ਤੋਂ ਹੀ ਪੜ੍ਹਾਈ ਜਾਰੀ ਰੱਖਣਗੇ। ਬੁੱਧਵਾਰ ਨੂੰ ਟੋਰਾਂਟੋ ਵਿੱਚ ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ (ਓਐਸਐਸਟੀਐਫ) ਵੱਲੋ ਓਨਟਾਰੀਓ ਸਰਕਾਰ ਤੇ ਟੋਰਾਂਟੋ ਪਬਲਿਕ ਹੈਲਥ ਨੂੰ ਇੱਕ ਖੁੱਲ੍ਹਾ ਪੱਤਰ ਲਿਖ ਕੇ ਕੋਵਿਡ-19 ਸਬੰਧੀ ਏਸਿੰਪਟੋਮੈਟਿਕ ਟੈਸਟਿੰਗ ਵਿੱਚ ਵਾਧਾ ਕਰਨ ਤੇ ਸਕੂਲਾਂ ਨੂੰ ਜਨਵਰੀ ਦੇ ਪਹਿਲੇ ਦੋ ਹਫਤਿਆਂ ਲਈ ਬੰਦ ਰੱਖਣ ਦੀ ਅਪੀਲ ਕੀਤੀ ਗਈ ਹੈ।

## ਇਕਤਰਫਾ ਪਿਆਰ ਵਿਚ ਗੁਆਂਢੀ ਨੇ ਔਰਤ ਦਾ ਕਤਲ ਕਰ ਕੇ ਲਾਸ਼ ਝਾੜੀਆਂ ਵਿੱਚ ਸੁੱਟੀ

ਅੰਮ੍ਰਿਤਸਰ, 10 ਦਸੰਬਰ (ਪੋਸਟ ਬਿਊਰੋ)- ਥਾਣਾ ਸਦਰ ਹੇਠਲੇ ਰਿਸ਼ੀ ਵਿਹਾਰ ਵਿੱਚ ਇਕਤਰਫਾ ਪਿਆਰ ਵਿੱਚ ਪਾਗਲ ਆਸ਼ਕ ਨੇ ਔਰਤ ਨੂੰ ਮਾਰ ਦਿੱਤਾ ਤੇ ਬਾਅਦ ਵਿੱਚ ਖੁਰਦ-ਬੁਰਦ ਕਰਨ ਦੀ ਨੀਤ ਨਾਲ ਲਾਸ਼ ਝਾੜੀਆਂ ਵਿੱਚ ਸੁੱਟ ਦਿੱਤੀ। ਔਰਤ ਦੇ ਸਿਰ ’ਤੇ ਗੰਭੀਰ ਸੱਟਾਂ ਦੇ ਨਿਸ਼ਾਨ ਸਨ, ਜਿਸ ਤੋਂ ਸਾਫ ਸੀ ਕਿ ਉਸ ਦੇ ਸਿਰ ’ਤੇ ਕਿਸੇ ਭਾਰੀ ਚੀਜ਼ ਨਾਲ ਹਮਲਾ ਕਰਕੇ ਉਸ ਦੀ ਹੱਤਿਆ ਕੀਤੀ ਗਈ ਹੈ। ਪੁਲਸ ਨੇ ਦੋਸ਼ੀ ਸੁਖਦੇਵ ਸਿੰਘ ਵਾਸੀ ਗੰਡਾ ਸਿੰਘ ਵਾਲਾ ਨੂੰ ਗ੍ਰਿਫਤਾਰ ਕਰ ਲਿਆ ਹੈ। ਔਰਤ ਦੀ ਪਛਾਣ ਚਰਨ ਕੌਰ ਉਰਫ ਚਰਨੋ (35) ਵਾਸੀ ਗੰਡਾ ਸਿੰਘ ਵਾਲਾ ਮਜੀਠਾ ਰੋਡ ਦੇ ਰੂਪ ਵਿੱਚ ਹੋਈ ਹੈ। ਦੋਸ਼ੀ ਤੋਂ ਪੁੱਛਗਿੱਛ ਕਰਨ ਦੇ ਲਈ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਏਗਾ। ਰਿਸ਼ੀ ਵਿਹਾਰ ਇਲਾਕੇ ਵਿੱਚ ਲਾਸ਼ ਮਿਲਣ ਦੀ ਜਾਣਕਾਰੀ ਮਿਲਦੇ ਹੀ ਸਵੇਰੇ ਏ ਸੀ ਪੀ ਨਾਰਥ ਸਰਬਜੀਤ ਸਿੰਘ ਅਤੇ ਥਾਣਾ ਸਦਰ ਦੇ ਇੰਚਾਰਜ ਪ੍ਰਵੀਨ ਕੁਮਾਰ ਮੌਕੇ ’ਤੇ ਪਹੁੰਚੇ ਅਤੇ ਉਨ੍ਹਾਂ ਨੇ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ। ਫੋਰੈਂਸਿਕ ਟੀਮਾਂ ਵੀ ਪਹੁੰਚੀਆਂ, ਜਿਨ੍ਹਾਂ ਨੇ ਅਲੱਗ ਅਲੱਗ ਪਹਿਲੂਆਂ ’ਤੇ ਜਾਂਚ ਕੀਤੀ।ਮ੍ਰਿਤਕ ਔਰਤ ਦੇ ਪਤੀ ਪ੍ਰਕਾਸ਼ ਸਿੰਘ ਦਾ ਕਹਿਣਾ ਹੈ ਕਿ ਉਸ ਦੀ ਪਤਨੀ ਸੋਮਵਾਰ ਸਵੇਰੇ ਸਾਢੇ 9 ਵਜੇ ਘਰੋਂ ਕੰਮ ਕਰਨ ਲਈ ਨਿਕਲੀ ਸੀ। ਉਹ ਲੋਕਾਂ ਦੇ ਘਰਾਂ ਵਿੱਚ ਭਾਂਡੇ ਮਾਂਜਣ ਦਾ ਕੰਮ ਕਰਦੀ ਹੈ। ਰਾਤ ਘਰ ਨਹੀਂ ਆਈ ਤਾਂ ਉਸ ਨੂੰ ਫੋਨ ਕੀਤਾ, ਪਰ ਉਸ ਨੇ ਫੋਨ ਨਹੀਂ ਚੁੱਕਿਆ। ਸਵੇਰੇ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਸ ਦੀ ਪਤਨੀ ਦੀ ਲਾਸ਼ ਰਿਸ਼ੀ ਵਿਹਾਰ ਵਿੱਚ ਖਾਲੀ ਪਲਾਟ ਵਿੱਚ ਝਾੜੀਆਂ ਵਿੱਚ ਪਈ ਹੋਈ ਹੈ। ਪੁਲਸ ਨੇ ਦੋਸ਼ੀ ਸੁਖਦੇਵ ਸਿੰਘ ਨੂੰ ਹਿਰਾਸਤ ਵਿੱਚ ਲੈ ਲਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Sajandeep Singh, Balvir Singh Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ‘ਜ਼ੋਰ ਲਗਾ ਕੇ ਹਈ ਸ਼ਾਅ’ ਅਤੇ ‘ਸ਼ਹੀਦ ਮਦਨ ਲਾਲ ਢੀਂਗਰਾ’ ਨਾਟਕਾਂ ਦਾ ਮੰਚਣ ਅਜ਼ਾਦ ਰੰਗਮੰਚ ਵੱਲੋਂ ਫਗਵਾੜਾ ਵਿਖੇ 13 ਦਸੰਬਰ ਨੂੰ

ਅਮਰ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਿਤ ਅਸ਼ਲੀਲਤਾ, ਲੱਚਰਤਾ, ਹਿੰਸਾ ਅਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੀ ਗਾਇਕੀ ਅਤੇ ਗੀਤਕਾਰੀ ਦਾ ਸਮਾਜ ਤੇ ਨੌਜੁਆਨੀ ਉਪਰ ਪੈ ਰਹੇ ਮਾੜੇ ਪ੍ਰਭਾਵ ਦੀ ਬਾਤ ਪਾਉਂਦੇ ਸੰਜੀਵਨ ਸਿੰਘ ਦੇ ਨਵ-ਲਿਖਤ ਨਾਟਕ ‘ਜ਼ੋਰ ਲਗਾ ਕੇ ਹਈ ਸ਼ਾਅ’ ਅਤੇ ਇਤਿਹਾਸ ਦੇ ਸੁਰਖ਼ ਪੰਨੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਜ਼ਿਕਰ ਕਰਦੇ ਡਾ. ਦਵਿੰਦਰ ਕੁਮਾਰ ਦੇ ਨਾਟਕ ‘ਸ਼ਹੀਦ ਮਦਨ ਲਾਲ ਢੀਂਗਰਾ’ ਦਾ ਮੰਚਣ ਲੰਮੇ ਸਮੇਂ ਤੋਂ ਲੋਕਾਈ ਦੇ ਦੁੱਖਾਂ-ਦਰਦਾ ਤੇ ਤਕਲੀਫਾ ਦਾ ਜ਼ਿਕਰ ਕਰਦੇ ਲੋਕ-ਹਿਤੈਸ਼ੀ ਰੰਗਮੰਚ ਤੇ ਸਭਿਆਚਾਰ ਦੇ ਖੇਤਰ ਵਿਚ ਪੂਰੀ ਤਨਦੇਹੀ ਤੇ ਸ਼ਿੱਦਤ ਨਾਲ ਸਰਗਰਮ ਇਪਟਾ, ਪੰਜਾਬ ਨਾਲ ਸਬੰਧਤ ਸੰਸਥਾ ਅਜ਼ਾਦ ਰੰਗਮੰਚ (ਰਜ਼ਿ.) ਕਲਾ ਭਵਨ ਫਗਵਾੜਾ ਵੱਲੋਂ ਰਣਜੀਤ ਗਮਨੂੰ ਦੀ ਨਿਰਦੇਸ਼ਨਾ ਤੇ ਬੀਬਾ ਕੁਲਵੰਤ ਦੀ ਰਹਿਨੁਮਾਈ ਹੇਠ 13 ਦਸੰਬਰ 2020, ਐਤਵਾਰ ਸ਼ਾਮ 5 ਵਜੇ ਕਲਾ ਭਵਨ (ਨਾਟ-ਘਰ) ਦਸਾਂਝ ਰੋਡ ਫਗਵਾੜਾ ਵਿਖੇ ਹੋਵੇਗਾ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸੈਂਟਰ ਆਫ ਸਾਇੰਸ ਐਂਡ ਇਨਵਾਇਰਨਮੈਂਟ ਨਵੀਂ ਦਿੱਲੀ ਵਿਚਕਾਰ ਸਮਝੌਤਾ



ਅੰਮ੍ਰਿਤਸਰ, 10 ਦਸੰਬਰ, 2020 (ਪੋਸਟ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਂਟਰ ਫਾਰ ਸਸਟੇਨਬਲ ਹੈਬੀਟੈਟ ਵੱਲੋਂ ਨਵੀਂ ਦਿੱਲੀ ਦੇ ਸੈਂਟਰ ਆਫ ਸਾਇੰਸ ਐਂਡ ਇਨਵਾਇਰਨਮੈਂਟ ਵਿਚਕਾਰ ਇਕ ਵਿਸ਼ੇਸ਼ ਸਮਝੌਤਾ ਕੀਤਾ ਗਿਆ ਹੈ ਜਿਸ ਅਧੀਨ ਪਿੰਡਾਂ ਅਤੇ ਸ਼ਹਿਰਾਂ ਦੇ ਵਾਤਾਵਰਣ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਖੋਜਮੂਲਕ ਕਾਰਜ ਕਰਨ ਲਈ ਸਾਂਝ ਪੈਦਾ ਕਰਨਾ ਹੈ।

ਵਾਈਸ ਚਾਂਸਲਰ ਪ੍ਰੋ.ਜਸਪਾਲ ਸਿੰਘ ਸੰਧੂ, ਡੀਨ ਅਕਾਦਮਿਕ ਮਾਮਲੇ, ਪ੍ਰੋ. ਸਰਬਜੋਤ ਸਿੰਘ ਬਹਿਲ, ਰਜਿਸਟਰ-ਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ, ਕੇਂਦਰ ਡਾਇਰੈਕਟਰ ਡਾ. ਅਸ਼ਵਨੀ ਲੁਥਰਾ, ਇੰਡਸਟਰੀ ਲਿੰਕੇਜ ਦੇ ਡਾਇਰੈਕਟਰ ਪ੍ਰੋ. ਪ੍ਰੀਤ ਮੋਹਿੰਦਰ ਸਿੰਘ ਬੇਦੀ ਤੋਂ ਇਲਾਵਾ ਨਵੀਂ ਦਿੱਲੀ ਦੇ ਸੈਂਟਰ ਆਫ ਸਾਇੰਸ ਐਂਡ ਇਨਵਾਇਰਨਮੈਂਟ ਦੇ ਪ੍ਰੋਗਰਾਮ ਡਾਇਰੈਕਟਰ ਸ਼੍ਰੀ ਰਜਨੀਸ਼ ਸਰੀਨ ਅਤੇ ਪ੍ਰੋਗਰਾਮ ਅਫਸਰ ਮਿਸ ਮੀਤਾਸ਼ੀ ਸਿੰਘ ਇਸ ਮੌਕੇ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।

ਪ੍ਰੋ. ਸੰਧੂ ਨੇ ਕਿਹਾ ਕਿ ਇਸ ਸਮਝੌਤੇ ਅਧੀਨ ਇਸ ਵਿਸ਼ੇ ਨਾਲ ਸਬੰਧਤ ਛੇ ਖੋਜ ਪ੍ਰੋਗਰਾਮਾਂ ਤੋਂ ਇਲਾਵਾ ਵਰਕਸ਼ਾਪ, ਸੈਮੀਨਾਰ, ਕਾਨਫਰੰਸ ਅਤੇ ਵਿਦਵਾਨਾਂ ਵੱਲੋਂ ਸਿਖਲਾਈ ਪ੍ਰੋਗਰਾਮ ਕਰਵਾਏ ਜਾਣਗੇ। ਸੈਂਟਰ ਆਫ ਸਾਇੰਸ ਐਂਡ ਇਨਵਾਇਰਨਮੈਂਟ ਇਸ ਸਮਝੌਤੇ ਅਧੀਨ ਵੱਖ ਵੱਖ ਕਾਰਜਾਂ ਵਿਚ ਯੂਨੀਵਰਸਿਟੀ ਦੇ ਕੇਂਦਰ ਦਾ ਸਹਿਯੋਗ ਕਰਨ ਤੋਂ ਇਲਾਵਾ ਯੂਨੀਵਰਸਿਟੀ ਕੈਂਪਸ ਨੂੰ ਹੋਰ ਹਰਭਰਾ ਬਣਾਉਣ ਲਈ ਵੀ ਉਦਮ ਕਰੇਗਾ। ਖੋਜ ਕਾਰਜਾਂ ਲਈ ਯੂਨੀਵਰਸਿਟੀ ਵਿਖੇ ਅੰਤਰਅਨੁਸ਼ਾਸਨੀ ਆਧੁਨਿਕ ਪ੍ਰਯੋਗਸ਼ਾਲਾਵਾਂ ਦਾ ਨਿਰਮਾਣ ਕਰਨ ਤੋਂ ਇਲਾਵਾ ਵਿਦਿਆਰਥੀਆਂ ਦੇ ਸਿਖਲਾਈ ਪ੍ਰੋਗਰਾਮ ਵੀ ਕਰਵਾਏ ਜਾਣਗੇ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਨਤੀਜਿਆਂ ਦਾ ਐਲਾਨ

ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋ ਮਈ 2020 ’ਚ ਲਈਆਂ ਗਈਆ ਐਮ.ਐਸ.ਸੀ. (ਇਨਫਰਮੇਸ਼ਨ ਟੈਕਨਾਲੋਜੀ) ਸਮੈਸਟਰ ਚੌਥਾ, ਬੀ.ਏ. ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਸਮੈਸਟਰ ਛੇਵਾਂ, ਐਮ.ਐਸ.ਸੀ. ਫੈਸ਼ਨ ਡਿਜ਼ਾਇਨਿੰਗ ਐਂਡ ਮਰਚੈਂਡਾਈਜ਼ਿੰਗ ਸਮੈਸਟਰ ਚੌਥਾ ਅਤੇ ਐਮ.ਏ. ਧਰਮ ਅਧਿਐਨ ਸਮੈਸਟਰ ਚੌਥਾ ਦੀਆਂ ਵੱਖ ਵੱਖ ਪ੍ਰੀਖਿਆਵਾਂ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਜਿਨ੍ਹਾਂ ਨੂੰ ਯੂਨੀਵਰਸਿਟੀ ਦੀ ਵੈਬਸਾਈਟ ਾਾ.ਗਨਦੁ.ੳਚ.ਨਿ ’ਤੇ ਵੇਖਿਆ ਜਾ ਸਕਦਾ ਹੈ। ਇਹ ਜਾਣਕਾਰੀ ਪ੍ਰੋਫੈਸਰ ਇੰਚਾਰਜ ਪ੍ਰੀਖਿਆਵਾਂ, ਪ੍ਰੋ. ਮਨੋਜ ਕੁਮਾਰ ਨੇ ਦਿੱਤੀ।

## ਇਸ ਸਾਲ ਦੇ ਅੰਤ ਤੱਕ ਮੌਡਰਨਾ ਦੀ ਕੋਵਿਡ-19 ਵੈਕਸੀਨ ਨੂੰ ਵੀ ਕੈਨੇਡਾ ਵਿੱਚ ਮਿਲ ਸਕਦੀ ਹੈ ਮਨਜ਼ੂਰੀ



ਓਟਵਾ, 10 ਦਸੰਬਰ (ਪੋਸਟ ਬਿਊਰੋ) : ਕੈਨੇਡਾ ਵਿੱਚ ਕੋਵਿਡ-19 ਵੈਕਸੀਨ ਵਜੋਂ ਫਾਈਜ਼ਰ ਨੂੰ ਮਨਜੂਰੀ ਮਿਲ ਚੁੱਕੀ ਹੈ ਤੇ ਹੁਣ ਸਿਹਤ ਅਧਿਕਾਰੀਆਂ ਦਾ ਮੰਨਣਾ ਹੈ ਕਿ ਅਗਲੇ ਕੁੱਝ ਹਫਤਿਆਂ ਦੇ ਅੰਦਰ ਅੰਦਰ ਮੌਡਰਨਾ ਦੀ ਕੋਵਿਡ-19 ਵੈਕਸੀਨ ਨੂੰ ਮਨਜੂਰੀ ਮਿਲ ਸਕਦੀ ਹੈ।

ਮਨਜੂਰ ਕੀਤੀ ਜਾਣ ਵਾਲੀ ਮੌਡਰਨਾ ਦੀਆਂ ਦੋ ਮਿਲੀਅਨ ਡੋਜ਼ਾਂ ਸਾਲ 2021 ਦੇ ਸ਼ੁਰੂ ਵਿੱਚ ਕੈਨੇਡਾ ਨੂੰ ਹਾਸਲ ਹੋਣਗੀਆਂ। ਹੈਲਥ ਕੈਨੇਡਾ ਦੀ ਚੀਫ ਮੈਡੀਕਲ ਐਡਵਾਈਜ਼ਰ ਡਾ. ਸੁਪਰੀਆ ਸ਼ਰਮਾ ਨੇ ਦੱਸਿਆ ਕਿ ਮੌਡਰਨਾ ਦੀ ਵੈਕਸੀਨ ਨੂੰ ਇਸ ਸਾਲ ਦੇ ਅੰਤ ਤੋਂ ਠੀਕ ਪਹਿਲਾਂ ਮਨਜੂਰੀ ਮਿਲ ਸਕਦੀ ਹੈ।

ਮੌਡਰਨਾ ਤੋਂ ਇਲਾਵਾ ਐਸਟ੍ਰਾਜ਼ੈਨੇਕਾ ਤੇ ਜੌਹਨਸਨ ਐਂਡ ਜੌਹਨਸਨ ਦੀਆਂ ਵੈਕਸੀਨਜ਼ ਦਾ ਮੁਲਾਂਕਣ ਵੀ ਕੀਤਾ ਜਾ ਰਿਹਾ ਹੈ ਤੇ ਇਨ੍ਹਾਂ ਨੂੰ ਵੀ ਜਲਦ ਮਨਜੂਰੀ ਮਿਲ ਸਕਦੀ ਹੈ। ਸ਼ਰਮਾ ਨੇ ਆਖਿਆ ਕਿ ਮੌਡਰਨਾ ਦੀ ਵੈਕਸੀਨ ਫਾਈਜ਼ਰ ਦੀ ਵੈਕਸੀਨ ਨਾਲੋਂ ਵਧੇਰੇ ਸਥਿਰ ਹੈ ਤੇ ਇਸ ਨੂੰ ਲਾਂਗ ਟਰਮ ਕੇਅਰ ਹੋਮਜ਼ ਤੇ ਨੌਰਦਰਨ ਕਮਿਊਨਿਟੀਜ਼ ਵਿੱਚ ਪਹੁੰਚਾਇਆ ਜਾਣਾ ਵੀ ਸੁਖਾਲਾ ਹੈ। ਦੂਜੇ ਪਾਸੇ ਫਾਈਜ਼ਰ ਦੀ ਵੈਕਸੀਨ ਨੂੰ ਬਹੁਤ ਠੰਢੇ ਤਾਪਮਾਨ ਉੱਤੇ ਰੱਖਣਾ ਪੈਂਦਾ ਹੈ ਤੇ ਇਸ ਲਈ ਇਸ ਨੂੰ ਟਰਾਂਸਪੋਰਟ ਕੀਤਾ ਜਾਣਾ ਵੀ ਮੁਸ਼ਕਲ ਹੈ। ਕੰਪਨੀ ਵੱਲੋਂ ਸਿੱਧੇ ਤੌਰ ਉੱਤੇ ਪ੍ਰੋਵਿੰਸ ਨੂੰ ਇਹ ਡੋਜ਼ਾਂ ਮੁਹੱਈਆ ਕਰਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਫਾਈਜ਼ਰ ਦੀ ਪਹਿਲੀ ਖੇਪ ਸੋਮਵਾਰ ਤੱਕ ਦੇਸ਼ ਵਿੱਚ ਪਹੁੰਚ ਜਾਵੇਗੀ ਤੇ ਮੰਗਲਵਾਰ ਤੋਂ ਵੈਕਸੀਨੇਸ਼ਨ ਸ਼ੁਰੂ ਹੋ ਸਕੇਗੀ। ਇਸ ਸਾਲ ਦੇ ਅੰਤ ਤੱਕ ਫਾਈਜ਼ਰ ਦੀਆਂ 249,000 ਡੋਜ਼ਾਂ ਕੈਨੇਡਾ ਪਹੁੰਚਣ ਦੀ ਸੰਭਾਵਨਾ ਹੈ। ਫੈਡਰਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਸੰਤ ਦੇ ਅੰਤ ਤੱਕ ਇਸ ਵੈਕਸੀਨ ਦੀਆਂ ਚਾਰ ਮਿਲੀਅਨ ਹੋਰ ਡੋਜ਼ਾਂ ਕੈਨੇਡਾ ਪਹੁੰਚ ਸਕਦੀਆਂ ਹਨ। ਸਰਕਾਰ ਪਹਿਲਾਂ ਹੀ ਇਸ ਵੈਕਸੀਨ ਦੀਆਂ 20 ਮਿਲੀਅਨ ਡੋਜ਼ਾਂ ਖਰੀਦ ਚੁੱਕੀ ਹੈ ਤੇ ਅਜੇ 56 ਮਿਲੀਅਨ ਡੋਜ਼ਾਂ ਹੋਰ ਖਰੀਦੇ ਜਾਣ ਦਾ ਬਦਲ ਵੀ ਸਰਕਾਰ ਕੋਲ ਹੈ। ਇਹ ਵੈਕਸੀਨ ਯੂਰਪ ਤੋਂ ਅਮਰੀਕਾ ਰਾਹੀਂ ਹੁੰਦੀ ਹੋਈ ਕੈਨੇਡਾ ਪਹੁੰਚੇਗੀ।


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ



ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976





ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8





GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



12 ਦਸੰਬਰ ਬਰਸੀ 'ਤੇ

# ਉਤਰੀ ਭਾਰਤ ਵਿਚ ਭਗਤੀ ਲਹਿਰ ਦਾ ਮੁੱਢ ਬੰਨਣ ਵਾਲੇ ਭਗਤ ਰਾਮਾਨੰਦ ਜੀ



ਮੱਧ ਕਾਲ ਦੇ ਦੌਰਾਨ ਭਾਰਤ ਵਿਚ ਚੱਲੀ ਭਗਤੀ ਲਹਿਰ ਰੂਹਾਨੀਅਤ ਦੀ ਅਮੀਰੀ ਦੇ ਨਾਲ-ਨਾਲ ਇੱਕ ਧਾਰਮਿਕ ਅਤੇ ਸਮਾਜਿਕ ਚੇਤਨਾ ਦੀ ਲਹਿਰ ਵੀ ਸੀ।ਮਨੁੱਖਤਾ ਨੂੰ ਰੂਹਾਨੀ ਰੰਗ ਵਿਚ ਰੰਗਣ ਵਾਲੀ ਇਸ ਭਗਤੀ ਲਹਿਰ ਦਾ ਧਾਰਮਿਕ ਖੇਤਰ ਵਿਚ ਇੱਕ ਅਹਿਮਤਰੀਨ ਯੋਗਦਾਨ ਰਿਹਾ ਹੈ।ਇਸ ਲਹਿਰ ਨਾਲ ਜੁੜੇ ਭਗਤਾਂ ਵੱਲੋਂ ਜਿਹੜੀ ਬਾਣੀ ਉਚਾਰਣ ਕੀਤੀ ਗਈ ਹੈ,ਉਸ ਵਿਚ ਧਰਮ ਦੇ ਕਰਮਕਾਂਡੀ ਰੂਪ ਨੂੰ ਰੱਦ ਕਰਕੇ ਸੱਚੇ ਅਚਾਰ ਅਤੇ ਸੁਚੱਜੇ ਵਿਹਾਰ ਨੂੰ ਧਰਮ ਦਾ ਬੁਨਿਆਦੀ ਤੱਤ ਮੰਨਿਆ ਗਿਆ ਹੈ।ਇਹ ਮਾਨਤਾ ਕੇਵਲ ਗੱਲੀਂ-ਬਾਤੀ ਹੀ ਨਹੀਂ ਦਿੱਤੀ ਗਈ ਸਗੋਂ ਭਗਤ-ਜਨਾ ਦਾ ਆਪਣਾ ਸਮੁੱਚਾ ਜੀਵਨ ਵੀ ਇਸ ਮਾਨਤਾ ਦੇ ਅਨੁਸਾਰੀ ਹੀ ਰਿਹਾ ਹੈ।ਅਧਿਆਤਮਿਕ ਖੇਤਰ ਵਿਚ ਰੱਬੀ ਏਕਤਾ ਦਾ ਹੋਕਾ ਦੇਣ ਵਾਲੇ ਇਹ ਭਗਤ ਆਪਣੇ ਸਮੇਂ ਦੇ ਸਮਾਜ ਨੂੰ ਸੁਧਾਰਨ ਅਤੇ ਨਿਖ਼ਾਰਨ ਵਿਚ ਵੀ ਆਪਣਾ ਬਣਦਾ-ਸਰਦਾ ਯੋਗਦਾਨ ਪਾਉਂਦੇ ਰਹੇ ਹਨ।ਇਸ ਯੋਗਦਾਨ ਦੇ ਬਦਲੇ ਇਨ੍ਹਾਂ ਮਹਾਂਪੁਰਖਾਂ ਨੂੰ ਕਈ ਵਾਰ ਕੱਟੜਵਾਦੀਆਂ ਦੀ ਨਫਰਤ ਅਤੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪੈਂਦਾ ਰਿਹਾ ਹੈ।

ਆਪਣੀ ਵਿਸ਼ੇਸ਼ ਤੇ ਵਿਲੱਖਣ ਵਿਚਾਰਧਾਰਾ ਨਾਲ ਜਿਥੇ ਇਨ੍ਹਾਂ ਪ੍ਰਭੂ-ਪਿਆਰਿਆਂ ਨੇ ਗ਼ੈਰ-ਮਨੁੱਖੀ ਵਰਤਾਰਿਆਂ ਨੂੰ ਖ਼ਾਰਜ ਕੀਤਾ ਹੈ,ਉਥੇ ਨਵੀਨ ਮੁਹਾਂਦਰੇ ਵਾਲੇ ਸਮਾਜ ਦੀ ਸਿਰਜਣਾ ਹਿੱਤ ਵੀ ਅਣਥੱਕ ਜਤਨ ਕੀਤੇ ਹਨ।ਇਨ੍ਹਾਂ ਜਤਨਾਂ ਸਦਕਾ ਹੀ ਭਗਤਾਂ ਦੀ ਇੱਕ ਅੱਡਰੀ ਪਹਿਚਾਣ ਸਥਾਪਿਤ ਹੁੰਦੀ ਰਹੀ ਹੈ,ਜਿਹੜੀ ਉਨ੍ਹਾਂ ਨੂੰ ਇਲਾਕਾਈ ਅਤੇ ਭਾਸ਼ਾਈ ਹੱਦਾਂ-ਬੰਨਿਆਂ ਤੋਂ ਪਾਰ ਲਿਜਾ ਕੇ ਲੋਕਾਈ ਦੇ ਸਤਿਕਾਰ ਦਾ ਪਾਤਰ ਬਣਾਉਂਦੀ ਰਹੀ ਹੈ।ਇਨ੍ਹਾਂ ਲੋਕ ਸਤਿਕਾਰਤ ਪਾਤਰਾਂ ਵਿਚ ਹੀ ਸ਼ਾਮਿਲ ਹੈ ਉਤਰੀ ਭਾਰਤ ਦੀ ਭਗਤੀ ਲਹਿਰ ਦੇ ਮੋਢੀ ਭਗਤ ਰਾਮਾਨੰਦ ਜੀ ਦਾ ਨਾਮ।

ਭਗਤ ਰਾਮਾਨੰਦ ਜੀ (ਜਿਨ੍ਹਾਂ ਨੂੰ ਸਵਾਮੀ ਰਾਮਾਨੰਦ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ) ਦਾ ਜਨਮ 15 ਅਗਸਤ 1366 ਈ. (ਸੰਮਤ 1423) ਨੂੰ ਇੱਕ ਗੌੜ ਬ੍ਰਹਾਮਣ ਸ੍ਰੀ ਭੂਰਿਕਰਮਾ ਅਤੇ ਮਾਤਾ ਸੁਸੀਲਾ ਦੇਵੀ ਦੇ ਗ੍ਰਹਿ ਵਿਖੇ ਪ੍ਰਯਾਗ ਰਾਜ (ਅਲਾਹਾਬਾਦ),ਉੱਤਰ ਪ੍ਰਦੇਸ਼ ਵਿਚ ਹੋਇਆ।ਕੁੱਝ ਕੁ ਲੇਖਕਾਂ ਦੀਆਂ ਲਿਖਤਾਂ ਵਿਚ ਭਗਤ ਜੀ ਦੇ ਪਿਤਾ ਦਾ ਨਾਮ ਸਦਨ ਸ਼ਰਮਾ ਅਤੇ ਜਨਮ ਸਥਾਨ ਕਾਂਸ਼ੀ ਵੀ ਲਿਖਿਆ ਗਿਆ ਹੈ।ਬਚਪਨ ਵਿਚ ਉਨ੍ਹਾਂ ਨੂੰ ਰਾਮਦੱਤ ਦੇ ਨਾਂਅ ਨਾਲ ਵੀ ਬੁਲਾਇਆ ਜਾਂਦਾ ਸੀ।

ਭਗਤ ਰਾਮਾਨੰਦ ਜੀ ਅਚਾਰੀਆ 'ਰਾਮਾਨੁਜ' ਜੀ ਦੁਆਰਾ ਚਲਾਈ ਗਈ ਸ੍ਰੀ ਸੰਪਰਦਾ ਦੇ ਇੱਕ ਉੱਘੇ ਪ੍ਰਚਾਰਕ ਸਵਾਮੀ ਰਾਘਵਨੰਦ ਦੇ ਚੇਲੇ ਸਨ,ਜਿਹੜੇ ਇਸ ਸੰਪਰਦਾ ਦੇ ਤੇਰਵੇਂ ਮੁੱਖੀ ਸਨ।ਭਗਤ ਜੀ ਦਾ ਜੀਵਨ-ਕਾਲ ਇੱਕ ਸਦੀ ਤੋਂ ਵੀ ਵਧੇਰੇ ਮੰਨਿਆ ਜਾਂਦਾ ਹੈ,ਜਿਸ ਦਾ ਬਹੁਤਾ ਹਿੱਸਾ ਉਨ੍ਹਾਂ ਨੇ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿ ਕੇ ਹੀ ਗੁਜ਼ਾਰਿਆ।ਭਗਤ ਜੀ ਲੰਮੇ ਸਮੇਂ ਤੱਕ ਸ੍ਰੀ ਸੰਪਰਦਾ ਨਾਲ ਜੁੜ ਕੇ ਆਪਣੀਆਂ ਅਧਿਆਤਮਕ ਗਤੀਵਿਧੀਆਂ ਨੂੰ ਨੇਪਰੇ ਚੜ੍ਹਦੇ ਰਹੇ ਹਨ ਪਰ ਬਾਅਦ ਵਿਚ ਉਨ੍ਹਾਂ ਨੇ ਰਾਮਾਵਤ/ਰਾਮਾਦਤ ਸੰਪਰਦਾ ਦੀ ਸਥਾਪਨਾ ਕਰ ਲਈ।ਇਸ ਸੰਪਰਦਾ ਦੇ ਸਿਧਾਂਤ ਤਾਂ ਪਹਿਲਾਂ (ਸ੍ਰੀ ਸੰਪਰਦਾ) ਵਾਲੇ ਹੀ ਰਹੇ ਪਰ ਸਾਧਨਾ-ਪਧਤੀ ਵਿਚ ਕੁੱਝ ਉਦਾਰਤਾ ਜ਼ਰੂਰ ਕਾਇਮ ਹੋ ਗਈ।ਇਸ ਲਹਿਰ ਨਾਲ ਭਗਤੀ ਲਹਿਰ ਵਿਚ ਇੱਕ ਨਵੇਕਲਾ ਰੰਗ ਅਤੇ ਢੰਗ ਦਿਖਾਈ ਦੇਣ ਲੱਗ ਪਿਆ।ਇਸ ਰੰਗ ਅਤੇ ਢੰਗ ਕਾਰਨ ਹੀ ਉਸ ਵਕਤ ਦੀਆਂ ਕੁੱਝ ਛੁਟਿਆਈਆਂ ਜਾਂਦੀਆਂ ਜਾਤਾਂ ਦੇ ਲੋਕ ਵੀ ਇਸ ਕ੍ਰਾਂਤੀਕਾਰੀ ਲਹਿਰ ਨਾਲ ਜੁੜਨ ਲੱਗੇ ਅਤੇ ਪਰਮ ਪਿਤਾ ਦੀ ਭਗਤੀ ਦਾ ਹੱਕ ਹਾਸਲ ਕਰਨ ਲੱਗੇ।

ਭਗਤ ਰਾਮਾਨੰਦ ਜੀ ਦੇ ਉਚੇਚੇ ਜਤਨਾਂ ਨਾਲ ਰਾਮ-ਨਾਮ ਦੀ ਗੰਗਾ ਝੁੱਗੀਆਂ ਝੋਪੜੀਆਂ ਦੇ ਬਸ਼ਿੰਦਿਆਂ ਤੱਕ ਵੀ ਪਹੁੰਚ ਗਈ ਅਤੇ ਉਨ੍ਹਾਂ ਦਾ ਆਤਮਿਕ ਜੀਵਨ ਵੀ ਆਨੰਦਿਤ ਹੋਣ ਲੱਗਾ।ਉਸ ਵਕਤ ਦੇ ਵਰਣ-ਵੰਡ ਵਾਲੇ ਸਮਾਜ ਵਿਚ ਭਗਤ ਜੀ ਦੁਆਰਾ ਕੀਤਾ ਗਿਆ ਬਰਾ-ਬਰਤਾ ਦਾ ਇਹ ਉਪਰਾਲਾ ਕਿਸੇ ਕ੍ਰਾਂਤੀਕਾਰੀ ਕਦਮ ਤੋਂ ਘੱਟ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਸ ਵਕਤ ਪੂਜਾ-ਪਾਠ ਦਾ ਅਧਿਕਾਰ ਕੁੱਝ ਰਾਖਵੀਆਂ ਸ਼੍ਰੇਣੀਆਂ ਦੇ ਲੋਕਾਂ ਦੇ ਹੀ ਹਿੱਸੇ ਆਉਂਦਾ ਸੀ।ਭਗਤ ਜੀ ਦੀ ਇਸ ਫ਼ਰਾਖਦਿਲੀ ਵਾਲੀ ਸੋਚ-ਸਮਝ ਤੋਂ ਪ੍ਰਭਾਵਿਤ ਹੋ ਕੇ ਵੈਰਾਗੀ ਸੰਪਰਦਾ ਵਾਲੇ ਵੀ ਉਨ੍ਹਾਂ ਨੂੰ ਆਪਣਾ ਅਚਾਰੀਆ ਮੰਨਣ ਲੱਗ ਪਏ।ਸਮਾਂ ਪਾ ਕੇ ਭਗਤ ਰਾਮਾਨੰਦ ਜੀ ਨੇ ਵੈਸ਼ਨਵ ਮੱਤ ਨੂੰ ਤਿਆਗ ਦਿੱਤਾ ਅਤੇ ਅਕਾਲ-ਪੁਰਖ ਦੇ ਨਿਰਗੁਣ ਸਰੂਪ ਦੇ ਉਪਾਸ਼ਕ ਬਣ ਗਏ।ਭਗਤ ਜੀ ਦੀ ਇਸ ਉਪਾਸ਼ਨਾ ਕਾਰਨ ਹੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦਾ ਬਸੰਤ ਰਾਗ ਵਿਚ ਉਚਾਰਣ ਕੀਤਾ ਹੋਇਆ ਇਹ ਸ਼ਬਦ 'ਕਤ ਜਾਈਐ ਰੇ ਘਰ ਲਾਗੋ ਰੰਗੁ ਮੇਰਾ ਚਿੱਤੁ ਨਾ ਚਲੈ ਮਨੁ ਭਇਓ ਪੰਗੁ', ਗੁਰੂ ਗ੍ਰੰਥ ਸਾਹਿਬ ਦੇ ਅੰਗ 1195 ਉਪਰ ਦਰਜ਼ ਕੀਤਾ ਹੈ।ਆਪਣੀ ਮਾਨਸਿਕ ਅਵਸਥਾ ਨੂੰ ਬਿਆਨਦੇ ਹੋਏ ਸਵਾਮੀ ਜੀ ਦੱਸਦੇ ਹਨ ਕਿ ਮੇਰਾ ਮਨ ਪਿੰਗਲਾ ਹੋ ਗਿਆ ਹੈ ਭਾਵ ਹੁਣ ਇਹ ਦਰ-ਦਰ 'ਤੇ ਨਹੀਂ ਭਟਕਦਾ ਸਗੋਂ ਆਪਣੇ ਪਿਆਰੇ ਨੂੰ ਪੂਰਨ ਰੂਪ ਵਿਚ ਸਮਰਪਿਤ ਹੋ ਗਿਆ ਹੈ।

ਭਗਤ ਰਾਮਾਨੰਦ ਜੀ ਦੇ ਕਈ ਹੋਰ ਵੀ ਪ੍ਰਸਿੱਧ ਚੇਲੇ ਹੋਏ ਹਨ ਜਿਨ੍ਹਾਂ ਨੇ ਆਪਣੇ-ਆਪਣੇ ਸਮੇਂ ਵਿਚ ਮਨੁੱਖਤਾ ਨੂੰ ਸੱਚ ਨਾਲ ਜੋੜਿਆ ਅਤੇ ਕੂੜ ਤੋਂ ਮੋੜਿਆ ਹੈ।ਭਗਤ ਜੀ ਦੇ ਇਨ੍ਹਾਂ ਚੇਲਿਆਂ ਵਿਚ ਕਬੀਰ ਸਾਹਿਬ,ਬਾਬਾ ਰਵਿਦਾਸ ਜੀ,ਭਗਤ ਸੈਣ ਜੀ ਅਤੇ ਭਗਤ ਪੀਪਾ ਜੀ ਦਾ ਨਾਮ ਵਰਨਣ ਯੋਗ ਹੈ।ਇਸ ਸੂਚੀ ਵਿਚ ਕਈ ਲੇਖਕਾਂ ਨੇ ਭਗਤ ਧੰਨਾ ਜੀ ਦੇ ਨਾਂਅ ਨੂੰ ਵੀ ਸ਼ਾਮਿਲ ਕੀਤਾ ਹੈ ਪਰ ਇਹ ਪੂਰਨ ਰੂਪ ਵਿਚ ਪ੍ਰਮਾਣਿਤ ਨਹੀਂ ਹੈ।ਭਗਤੀ ਲਹਿਰ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਇਨ੍ਹਾਂ ਸਾਰੇ ਭਗਤਾਂ ਨੇ ਕਾਬਲ-ਏ-ਤਰੀਫ਼ ਯੋਗਦਾਨ ਪਾਇਆ ਹੈ ਅਤੇ ਰੱਬੀ ਨੇੜਤਾ ਤੇ ਪਿਆਰ ਹਾਸਲ ਕਰਨ ਲਈ ਭਾਓ-ਭਗਤੀ ਦੇ ਮਾਰਗ ਨੂੰ ਇੱਕ ਉੱਤਮ ਮਾਰਗ ਦਰਸਾਇਆ ਹੈ।

ਆਪਣੀ ਹਯਾਤੀ ਦਾ ਲੰਮਾ ਸਮਾਂ ਗੰਗਾ ਦੇ ਕੰਢੇ (ਕਾਂਸ਼ੀ ਵਿਚ) 'ਤੇ ਬਤੀਤ ਕਰਕੇ ਭਗਤ ਰਾਮਾਨੰਦ ਜੀ 12 ਦਸੰਬਰ 1467 ਈਂ ਨੂੰ ਪ੍ਰਲੋਕ ਗਮਨ ਕਰ ਗਏ।ਬੇਸ਼ੱਕ ਭਗਤ ਜੀ ਇੱਕ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਏ ਪਰ ਉਹ ਬ੍ਰਾਹਮਣਵਾਦੀ (ਵਿਸ਼ੇਸ਼ ਕਰਕੇ ਭੁਲੇਖਾ ਪਾਊ) ਪਸਾਰੇ ਤੋਂ ਨਿਰਲੇਪ ਹੀ ਰਹੇ।ਉਨ੍ਹਾਂ ਦੇ ਮੁਤਾਬਿਕ ਪੂਰੇ ਗੁਰੂ ਦੀ ਸ਼ਰਨ ਹੀ ਜਨਮਾਂ-ਜਨਮਾਤਰਾਂ ਦੇ ਬੰਧਨਾਂ ਨੂੰ ਕੱਟਣ ਦੇ ਸਮਰੱਥ ਬਣਦੀ ਹੈ।

ਅੱਜ ਵੀ ਭਗਤ ਰਾਮਾਨੰਦ ਜੀ ਦੇ ਕਮਾਏ ਹੋਏ ਉਪਦੇਸ਼ਾਂ ਦੀ ਓਨੀ ਹੀ ਸਾਰਥਿਕਤਾ ਹੈ ਜਿਨੀ ਉਨ੍ਹਾਂ ਦੇ ਆਪਣੇ ਸਮਕਾਲ ਵਿਚ ਸੀ। ਲੋੜ ਸਿਰਫ਼ ਉਨ੍ਹਾਂ ਨੂੰ ਆਪਣੇ ਅੰਗ-ਸੰਗ ਲਗਾਉਣ ਦੀ ਹੈ।ਪਰ ਅਫਸੋਸ ਕਿ ਅਸੀਂ ਆਪਣੇ ਪੁਰਖਿਆਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚੋਂ ਦਿਨ-ਬ-ਦਿਨ ਮਨਫ਼ੀ ਕਰੀ ਜਾ ਰਹੇ ਹਾਂ ਅਤੇ ਕਈ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਸੰਤਾਪ ਭੋਗੀ ਜਾ ਰਹੇ ਹਾਂ।ਉਨ੍ਹਾਂ ਦੇ ਜਨਮ ਦਿਨ ਅਤੇ ਬਰਸੀਆਂ ਸਾਨੂੰ ਹਮੇਸ਼ਾਂ ਹੀ ਉਨ੍ਹਾਂ ਦੁਆਰਾ ਪਾਏ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ।ਆਉ! ਭਗਤ ਰਾਮਾਨੰਦ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਅਸੀਂ ਵੀ ਆਪਣੇ ਲੋਕ ਤੇ ਪ੍ਰਲੋਕ ਨੂੰ ਸੰਵਾਰਨ ਅਤੇ ਸ਼ਿੰਗਾਰਨ ਦਾ ਜਤਨ ਕਰੀਏ।

-ਰਮੇਸ਼ ਬੱਗਾ ਚੋਹਲਾ
#1348/17/1 ਗਲੀ
ਨੰ: 8 ਰਿਸ਼ੀ ਨਗਰ ਐਕਸਟੈਨਸ਼ਨ
(ਲੁਧਿਆਣਾ) ਮੋਬ: 9463132719

# ਚਿਰਾਂ ਤੋਂ ਹੋ ਰਹੀ ਅਰਦਾਸ ਪੂਰੀ ਕਿਉਂ ਨਹੀਂ ਹੁੰਦੀ?



ਜਸਵੰਤ ਸਿੰਘ 'ਅਜੀਤ'

ਕੁਝ ਸਮਾਂ ਹੋਇਐ, ਸਿੱਖ ਧਰਮ ਦੇ ਇਕ ਪ੍ਰਮੁੱਖ ਵਿਦਵਾਨ ਪ੍ਰਚਾਰਕ ਅਤੇ ਗੁਰਸ਼ਬਦ ਦੇ ਵਿਆਖਿਆਕਾਰ ਇਕ ਨਿਜੀ ਟੀਵੀ ਚੈਨਲ ਪੁਰ ਗੁਰ-ਸ਼ਬਦ ਦੀ ਵਿਆਖਿਆ ਕਰ ਰਹੇ ਸਨ। ਉਨ੍ਹਾਂ ਗੁਰ-ਸ਼ਬਦ ਦੀ ਵਿਆਖਿਆ ਕਰਦਿਆਂ ਅਚਾਨਕ ਇਹ ਸੁਆਲ ਉਠਾਇਆ ਕਿ ਬੀਤੇ ਲਗਭਗ ਅੱਠ ਦਹਾਕਿਆਂ ਤੋਂ ਹਰ ਇਤਿਹਾਸਕ, ਗੈਰ-ਇਤਿਹਾਸਕ (ਸਿੰਘ ਸਭਾ) ਗੁਰਦੁਆਰੇ ਅਤੇ ਹਰ ਸਿੱਖ ਘਰ ਵਿੱਚ, ਰੋਜ਼ ਘਟੋ-ਘਟ ਦੋ ਵਾਰ, ਸਵੇਰੇ - ਸ਼ਾਮ ਇਹ ਅਰਦਾਸ ਕੀਤੀ ਜਾਂਦੀ ਚਲੀ ਆ ਰਹੀ ਹੈ ਕਿ 'ਹੇ ਅਕਾਲ ਪੁਰਖ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ, ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ!' ਉਨ੍ਹਾਂ ਹੋਰ ਕਿਹਾ ਕਿ ਕਈ ਵਾਰ ਇਹ ਅਰਦਾਸ ਦੋ ਵਾਰ ਤੋਂ ਵੱਧ ਵਾਰ ਵੀ ਕੀਤੀ ਜਾਂਦੀ ਹੈ। ਇਤਨਾ ਕਹਿਣ ਤੋਂ ਬਾਅਦ ਉਨ੍ਹਾਂ ਪੁਛਿਆ ਕਿ ਇਹ ਅਰਦਾਸ ਇਤਨੇ ਲੰਮੇਂ ਸਮੇਂ ਤੋਂ ਕੀਤੀ ਜਾ ਰਹੀ ਹੈ, ਫਿਰ ਵੀ ਇਹ ਪੂਰੀ ਕਿਉਂ ਨਹੀਂ ਹੋ ਰਹੀ? ਜਦਕਿ ਸਿੱਖ ਧਰਮ ਵਿੱਚ ਮੰਨਿਆ ਜਾਂਦਾ ਹੈ ਕਿ ਅਕਾਲ ਪੁਰਖ ਦੇ ਚਰਨਾਂ ਵਿੱਚ ਵਿਸ਼ਵਾਸ, ਸ਼ਰਧਾ, ਸ਼ੁਭ ਭਾਵਨਾ ਨਾਲ ਅਤੇ ਸੱਚੇ ਦਿਲੋਂ ਕੀਤੀ ਜਾਂਦੀ ਹਰ ਅਰਦਾਸ ਪੂਰੀ ਹੁੰਦੀ ਹੈ।ਫਿਰ ਉਨ੍ਹਾਂ ਆਪ ਹੀ ਆਪਣੇ ਇਸ ਸੁਆਲ ਦਾ ਜੁਆਬ ਦਿੰਦਿਆਂ ਕਿਹਾ ਕਿ ਸਾਡਾ ਕੰਮ ਅਰਦਾਸ ਕਰਨਾ ਹੈ, ਉਸਨੂੰ ਪੂਰਿਆਂ ਕਰਨਾ ਜਾਂ ਨਾ ਕਰਨਾ ਅਕਾਲ ਪੁਰਖ ਦੇ ਆਪਣੇ ਹੱਥ ਵਿੱਚ ਹੈ।

ਉਨ੍ਹਾਂ ਦੇ ਇਸ ਸੁਆਲ ਅਤੇ ਜੁਆਬ ਨਾਲ ਮਨ ਨੂੰ ਤਸਲੀ ਨਹੀਂ ਹੋਈ ਤੇ ਇਸ ਸਬੰਧੀ ਭਰਮ ਬਣਿਆ ਰਿਹਾ। ਇਸੇ ਕਾਰਣ ਉਨ੍ਹਾਂ ਦੇ ਸੁਆਲ ਅਤੇ ਜੁਆਬ ਦੇ ਸਬੰਧ ਵਿੱਚ ਕੁਝ ਧਾਰਮਕ ਨਿਸ਼ਠਾ ਰਖਣ ਵਾਲੇ ਸਜਣਾਂ ਨਾਲ ਗਲ ਕੀਤੀ ਗਈ ਤਾਂ ਉਨ੍ਹਾਂ ਦਸਿਆ ਕਿ ਪੂਰੇ ਵਿਸ਼ਵਾਸ, ਨਿਸ਼ਠਾ ਅਤੇ ਸ਼ੁਭ ਭਾਵਨਾ ਨਾਲ ਕੀਤੀ ਜਾਂਦੀ ਅਰਦਾਸ ਕਦੀ ਵੀ ਬਿਰਥੀ ਨਹੀਂ ਜਾਂਦੀ। ਉਹ ਜ਼ਰੂਰ ਪੂਰੀ ਹੁੰਦੀ ਹੈ, ਕਿਉਂਕਿ ਸਤਿਗੁਰਾਂ ਦਾ ਆਪਣਾ ਬਚਨ ਹੈ : 'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ'। ਉਨ੍ਹਾਂ ਦੇ ਇਹ ਵਿਚਾਰ ਸੁਣ, ਉਨ੍ਹਾਂ ਕੋਲੋਂ ਇਹ ਪੁਛੇ ਬਿਨਾਂ ਰਿਹਾ ਨਾ ਜਾ ਸਕਿਆ ਕਿ ਤਾਂ ਫਿਰ ਬੀਤੇ ਅੱਠ ਦਹਾਕਿਆਂ ਤੋਂ ਹਰ ਗੁਰਦੁਆਰੇ ਅਤੇ ਹਰ ਸਿੱਖ ਘਰ ਰੋਜ਼ ਦੋ ਵਾਰ ਤੋਂ ਵੀ ਵੱਧ ਵਾਰ ਕੀਤੀ ਜਾ ਰਹੀ ਅਰਦਾਸ ਕਿ 'ਹੇ ਅਕਾਲ ਪੁਰਖ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ, ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖ਼ਸ਼ੋ!' ਕਿਉਂ ਪੂਰੀ ਨਹੀਂ ਹੋ ਰਹੀ?

ਇਹ ਸੁਆਲ ਸੁਣ, ਉਹ ਕਾਫੀ ਦੇਰ ਚੁਪ ਰਹਿ ਸੋਚਾਂ ਵਿੱਚ ਡੁਬੇ ਰਹੇ। ਇਉਂ ਜਾਪਦਾ ਸੀ ਜਿਵੇਂ ਉਹ ਆਪਣੇ-ਆਪ ਨਾਲ ਮੰਥਨ ਕਰ, ਇਸ ਸੁਆਲ ਦਾ ਜੁਆਬ ਤਲਾਸ਼ ਰਹੇ ਹਨ। ਕੁਝ ਸਮੇਂ ਬਾਅਦ ਉਨ੍ਹਾਂ ਆਪਣੀ ਚੁਪ ਤੋੜੀ ਤੇ ਕਹਿਣਾ ਸ਼ੁਰੂ ਕੀਤਾ ਕਿ ਜੇ ਗੰਭੀਰਤਾ ਨਾਲ ਸੋਚੀਏ ਤਾਂ ਇਹ ਗਲ ਪ੍ਰਤੱਖ ਹੋ ਜਾਂਦੀ ਹੈ ਕਿ ਇਹ ਅਰਦਾਸ ਸਿੱਖੀ ਜੀਵਨ ਵਿੱਚ ਇਕ ਅਜਿਹੀ 'ਰਸਮ' ਜਿਹੀ ਬਣ ਗਈ ਹੈ, ਜੋ ਸਾਡੇ ਲਈ ਅਰਦਾਸ ਕਰਦਿਆਂ ਨਿਭਾਉਣੀ ਬਹੁਤ ਜ਼ਰੂਰੀ ਹੋ ਗਈ ਹੈ। ਕੋਈ ਮੌਕਾ ਹੋਵੇ, ਖੁਸ਼ੀ ਦਾ ਹੋਵੇ ਜਾਂ ਗ਼ਮੀਂ ਦਾ, ਅਰਦਾਸ ਕਰਦਿਆਂ ਇਹ ਰਸਮ ਜ਼ਰੂਰ ਪੂਰੀ ਕੀਤੀ ਜਾਂਦੀ ਹੈ। ਹਰ ਕੋਈ ਸਹਿਜੇ ਹੀ ਸਮਝ ਸਕਦਾ ਹੈ ਕਿ ਰਸਮੀ ਤੌਰ ਤੇ ਕੀਤੀ ਗਈ ਅਰਦਾਸ ਜਾਂ ਬੇਨਤੀ ਕਦੀ ਪ੍ਰਵਾਨ ਨਹੀਂ ਹੋ ਸਕਦੀ। ਜੇ ਅਰਦਾਸ ਪ੍ਰਵਾਨ ਹੀ ਨਹੀਂ ਹੋ ਰਹੀ ਤਾਂ ਫਿਰ ਉਹ ਪੂਰਿਆਂ ਕਿਵੇਂ ਹੋ ਸਕੇਗੀ?

ਉਨ੍ਹਾਂ ਵਿਚੋਂ ਹੀ ਇਕ ਸਜਣ ਨੇ ਦਸਿਆ ਕਿ ਕਾਫ਼ੀ ਸਮਾਂ ਹੋਇਐ, ਪੰਜਾਬ ਦੇ ਕਈ ਵਰ੍ਹਿਆਂ ਤਕ ਰਹੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਸ ਸਮੇਂ ਦੇ ਪ੍ਰਧਾਨ ਅਤੇ ਵਰਤਮਾਨ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਜਦੋਂ ਪਾਕਿਸਤਾਨ ਗਏ ਸਨ ਤਾਂ ਉਨ੍ਹਾਂ ਪਾਕਿਸਤਾਨੀ ਅਧਿਕਾਰੀਆਂ ਨਾਲ ਗਲ ਕਰਦਿਆਂ, ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਮੁੜ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਦੀ ਮੰਗ ਕੀਤੀ ਸੀ। ਜਿਸਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚੋਂ ਇੱਕ ਨੇ ਮੁਸਕਰਾਉਂਦਿਆਂ ਜਵਾਬ ਦਿਤਾ ਕਿ ਭਾਰਤ ਵਿਚਲੇ ਜਿਹੜੇ ਗੁਰਦੁਆਰੇ ਤੁਹ-ਾਡੇ ਪ੍ਰਬੰਧ ਹੇਠ ਹਨ, ਉਨ੍ਹਾਂ ਦਾ ਪ੍ਰਬੰਧ ਤਾਂ ਤੁਹਾਡੇ ਪਾਸੋਂ ਚੰਗੀ ਤਰ੍ਹਾਂ ਹੁੰਦਾ ਨਹੀਂ। ਉਨ੍ਹਾਂ ਦੇ ਪ੍ਰਬੰਧ ਨੂੰ ਹੀ ਲੈ ਕੇ ਤੁਸੀਂ ਆਪੋ ਵਿੱਚ ਲੜਦੇ-ਭਿੜਦੇ ਰਹਿੰਦੇ ਹੋ। ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦਾ ਹੋਰ ਪ੍ਰਬੰਧ ਲੈ, ਕਿਉਂ ਆਪਣੇ ਲਈ ਨਵੀਂ ਲੜਾਈ ਸਹੇੜਨਾ ਚਾਹੁੰਦੇ ਹੋ? ਦਸਿਆ ਗਿਆ ਕਿ ਸ. ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਦੀ ਇਸ ਗਲ ਦਾ ਕੋਈ ਜੁਆਬ ਨਹੀਂ ਸੀ ਦੇ ਸਕੇ। ਉਸ ਸਜੱਣ ਨੇ ਇਹ ਗਲ ਦਸ ਕੇ ਕਿਹਾ ਕਿ ਇਸ ਗਲ ਵਿਚ ਕਿਤਨੀ-ਕੁ ਸਚਾਈ ਹੈ, ਇਸ ਬਾਰੇ ਤਾਂ ਸ. ਪ੍ਰਕਾਸ਼ ਸਿੰਘ ਬਾਦਲ ਜਾਂ ਪਾਕਿਸਤਾਨ ਦੇ ਸਬੰਧਤ ਅਧਿਕਾਰੀ ਹੀ ਦਸ ਸਕਦੇ ਹਨ, ਪਰ ਇਸ ਵਿਚ ਪਾਕਿ-ਸਤਾਨ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਨਾ ਸੌਂਪੇ ਜਾਣ ਦੇ ਸਬੰਧ ਵਿਚ ਜੋ ਦਲੀਲ ਦਿਤੀ ਗਈ ਦਸੀ ਗਈ ਹੈ, ਉਸ ਵਿਚਲੀ ਸੱਚਾਈ ਨੂੰ ਤਾਂ ਨਕਾਰਿਆ ਨਹੀਂ ਜਾ ਸਕਦਾ।

ਇਸਦੇ ਨਾਲ ਹੀ ਉਨ੍ਹਾਂ ਕਿਹਾ, ਕਿ ਜੇ ਇਸ ਗਲ ਨੂੰ ਇਕ ਪਾਸੇ ਵੀ ਰਖ ਦਿੱਤਾ ਜਾਏ ਤਾਂ ਵੀ ਵਿਚਾਰਨ ਵਾਲੀ ਗਲ ਇਹ ਹੈ ਕਿ ਅਰਦਾਸ ਵਿੱਚ ਪੰਥ ਪਾਸੋਂ ਵਿਛੋੜੇ ਗਏ ਗੁਰਦੁਆਰਿਆਂ ਤੇ ਹੋਰ ਗੁਰਧਾਮਾਂ ਦੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ ਕੀਤੀ ਜਾਂਦੀ ਚਲੀ ਆ ਰਹੀ ਹੈ। ਇਹ ਮੰਗ ਕਰਦਿਆਂ ਸ਼ਾਇਦ ਕਿਸੇ ਦਾ ਧਿਆਨ ਇਸ ਪਾਸੇ ਨਹੀਂ ਜਾਂਦਾ ਕਿ 'ਦਰਸ਼ਨ-ਦੀਦਾਰ' ਤੇ 'ਸੇਵਾ-ਸੰਭਾਲ' ਦੀ ਜ਼ਿਮੇਂਦਾਰੀ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਸੁਆਲ ਉਠਦਾ ਹੈ ਕਿ ਕੀ ਸ਼੍ਰੋਮਣੀ ਗੁਰ-ਦੁਆਰਾ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਜਾਂ ਕਿਸੇ ਹੋਰ ਧਾਰਮਕ ਸਿੱਖ ਜਥੇਬੰਦੀ ਦੇ ਮੁੱਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੀਨੇ ਤੇ ਹੱਥ ਰਖ, ਦਾਅਵੇ ਦੇ ਨਾਲ ਕਹਿ ਸਕਦੇ ਹਨ ਕਿ ਉਹ ਸੱਚੇ-ਸੁੱਚੇ ਅਤੇ ਸਥਾਪਤ ਕਸੌਟੀ ਪੁਰ ਪੂਰੇ ਉਤਰ ਸਕਣ ਵਾਲੇ 'ਖਾਲਸਾ' ਹਨ?

ਸਿੱਖਾਂ ਦੀਆਂ ਦੋ ਸਭ ਤੋਂ ਵੱਡੀਆਂ ਧਾਰਮਕ ਜਥੇਬੰਦੀਆਂ, ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਨ, ਇਨ੍ਹਾਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਦਹਾਕਿਆਂ ਤੋਂ ਇਕੋ ਜਥੇਬੰਦੀ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ ਚਲੀ ਆ ਰਹੀ ਹੈ, ਪ੍ਰੰਤੂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਬਦਲਦੀ ਰਹਿੰਦੀ ਹੈ, ਜਿਵੇਂ ਚਾਰ-ਪੰਜ ਸਾਲ ਪਹਿਲਾਂ ਤਕ ਇਸਦੀ ਸੱਤਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਹਥਾਂ ਵਿੱਚ ਰਹੀ। ਹੁਣ ਇਸਦੀ ਸੱਤਾ ਪੁਰ ਬਾਦਲ ਅਕਾਲੀ ਦਲ ਆਪ ਹੀ ਕਾਬਜ਼ ਹੋ ਗਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਕਮੇਟੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਸੱਤਾ ਪੁਰ ਕਬਜ਼ਾ ਕਰਨ ਅਤੇ ਕਬਜ਼ਾ ਬਣਾਈ ਰਖਣ ਲਈ ਜੋ ਹਥਕੰਡੇ ਵਰਤੇ ਜਾਂਦੇ ਹਨ, ਉਨ੍ਹਾਂ ਪੁਰ ਕੋਈ ਵੀ ਸਿੱਖ ਮਾਣ ਨਹੀਂ ਕਰ ਸਕਦਾ। ਇਸ ਉਦੇਸ਼ ਲਈ ਵਰਤੇ ਜਾਂਦੇ ਹਥ-ਕੰਡਿਆਂ ਨੂੰ ਵੇਖ-ਸੁਣ ਕੇ ਨਾ ਕੇਵਲ ਹਰ ਸਿੱਖ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ, ਸਗੋਂ ਗ਼ੈਰ-ਸਿੱਖਾਂ ਦੀਆਂ ਨਜ਼ਰਾਂ ਵਿਚ ਵੀ ਸਮੁਚੀ ਕੌਮ ਦੀ ਸਥਿਤੀ ਹਾਸੋ-ਹੀਣੀ ਬਣ ਜਾਂਦੀ ਹੈ। ਇਹ ਸਭ ਕੁਝ ਸਮਝਦਿਆਂ-ਬੁਝਦਿਆਂ ਹੋਇਆਂ ਵੀ ਕਿਸੇ ਨੂੰ ਕੋਈ ਚਿੰਤਾ ਨਹੀਂ।

...ਅਤੇ ਅੰਤ ਵਿੱਚ : ਇਸ ਸਾਰੀ ਗਲ ਨੂੰ ਧਿਆਨ ਨਾਲ ਸੁਣਦਿਆਂ ਇੱਕ ਸਜੱਣ ਕਿਹਾ ਕਿ ਫਿਰ ਤਾਂ ਸੁਆਲ ਇਹ ਉਠਦਾ ਹੈ ਕਿ ਅਜਿਹੀ ਸਥਿਤੀ ਵਿਚ ਅਰਦਾਸ ਕਰ, ਪੰਥ ਪਾਸੋਂ ਵਿਛੋੜੇ ਗਏ ਗੁਰਦੁਆਰਿਆਂ ਤੇ ਹੋਰ ਗੁਰਧਾਮਾਂ ਦੇ ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ, ਜੋ ਬੀਤੇ ਸੱਤ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਕੀਤੀ ਜਾਂਦੀ ਚਲੀ ਆ ਰਹੀ ਹੈ ਅਤੇ ਹੁਣ ਤਕ ਲਖਾਂ ਨਹੀਂ ਕਰੋੜਾਂ ਵਾਰ ਕੀਤੀ ਜਾ ਚੁਕੀ ਹੈ। ਅਗੋਂ ਵੀ ਲਗਾਤਾਰ ਕੀਤੀ ਜਾਂਦੀ ਰਹੇਗੀ, ਬਾਰੇ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ-ਆਪ ਤੋਂ ਹੀ ਪੁੱਛ ਵੇਖੋ ਕਿ ਇਸ ਅਰਦਾਸ ਰਾਹੀਂ ਕੀਤੀ ਜਾ ਰਹੀ ਇਸ ਮੰਗ ਨੂੰ ਪੂਰਿਆਂ ਕਰਨ ਲਈ, ਉਹ ਕਿਹੜਾ 'ਖਾਲਸਾ' ਹੈ, ਜਿਸਨੂੰ ਅਕਾਲ ਪੁਰਖ ਇਨ੍ਹਾਂ ਗੁਰਦੁਆਰਿਆਂ ਦੇ ਖੁਲ੍ਹੇ ਦਰਸ਼ਨ-ਦੀਦਾਰ ਅਤੇ ਸੇਵਾ-ਸੰਭਾਲ ਦੀ ਜ਼ਿਮੇਂਦਾਰੀ ਦੀ ਬਖ਼ਸ਼ਸ਼ ਕਰੇ?

# ਭਾਰਤੀ ਏਕਤਾ ਦਾ ਸਬੂਤ: ਲਾਮਿਸਾਲ ਭਾਰਤ ਬੰਦ

ਹਰਕੀਰਤ ਕੌਰ ਸਭਰਾ
9779118066

ਮਿਤੀ 8 ਦਸੰਬਰ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਐਲਾਨੇ ਗਏ ਭਾਰਤ ਬੰਦ ਦਾ ਇੱਕ ਇਤਿਹਾਸਿਕ ਰੂਪ ਦੇਖਣ ਨੂੰ ਮਿਲਿਆ। ਬਹੁਤ ਸਾਰੇ ਪੱਤਰਕਾਰੀ ਦੇ ਖੇਤਰ ਦੇ ਤਜ਼ਰਬੇਕਾਰ ਮਾਹਿਰਾਂ ਦਾ ਵੀ ਮੰਨਣਾ ਹੈ ਕਿ ਦੇਸ਼ ਬੰਦ ਦੀ ਇਸ ਗਤੀਵਿਧੀ ਨੂੰ ਅੱਜ ਤੱਕ ਅਜਿਹਾ ਹੁੰਗਾਰਾ ਨਹੀਂ ਮਿਲਿਆ ਜੋ ਬੀਤੀ 8 ਤਰੀਖ ਨੂੰ ਵੇਖਣ ਨੂੰ ਮਿਲਿਆ। ਪੂਰਾ ਭਾਰਤ ਕਿਸਾਨ ਜਥੇਬੰਦੀਆਂ ਨਾਲ ਡਟ ਕੇ ਖੜਾ ਸੀ। ਸਵਾਏ ਗੁਜਰਾਤ ਦੇ ਬਾਕੀ ਸਾਰੇ ਰਾਜਾਂ ਵਿੱਚ ਪੂਰੇ ਦੇਸ਼ ਨੇ ਇਸ ਬੰਦ ਦਾ ਸਮਰਥਨ ਕੀਤਾ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਕਹਿੰਦੇ ਸਨ ਕਿ ਬੰਦ ਹੋਣ ਨਹੀ ਦੇਣਾ ਪਰ ਪੂਰਾ ਯੂ. ਪੀ ਬੰਦ ਰਿਹਾਂ। ਇਸੇ ਤਰ੍ਹਾਂ ਸਵਰਾਜ ਚੋਹਾਨ ਦਾ ਕਹਿਣਾ ਸੀ ਕਿ ਭਾਰਤ ਬੰਦ ਦਾ ਸਮਰਥਨ ਨਹੀਂ ਕੀਤਾ ਜਾਵੇਗਾ, ਪਰ ਉੱਥੇ ਵੀ ਲੋਕ ਕਿਸਾਨ ਦੇ ਹੱਕ ਵਿੱਚ ਸੜਕਾਂ ਤੇ ਉੱਤਰੇ। ਇਸ ਤੋਂ ਇਲਾਵਾ ਪੰਜਾਬ, ਹਰਿਆਣਾ ਅਤੇ ਪੱਛਮੀ ਬੰਗਾਲ ਤਾਂ ਇਸ ਬੰਦ ਦੀ ਮਿਸਾਲ ਬਣ ਕੇ ਸਾਹਮਣੇ ਆਏ ਹਨ।ਭਾਰਤ ਬੰਦ ਦੇ ਸਮਰਥਨ ਵਿੱਚ ਵੱਡੇ ਵਪਾਰੀ ਅਤੇ ਪੜਿਆ ਲਿਖਿਆ ਵਰਗ ਤਾਂ ਆਇਆ ਹੀ ਨਾਲ ਦੀ ਨਾਲ ਪਿੰਡਾਂ, ਸ਼ਹਿਰਾਂ ਦੀਆਂ ਸੜਕਾਂ ਤੇ ਕੋਨਿਆਂ ਤੇ ਰੇਹੜੀਆਂ ਲਗਾਉਣ ਵਾਲਿਆਂ ਨੇ ਵੀ ਆਪਣਾ ਪੂਰਾ ਯੋਗਦਾਨ ਪਾਇਆ। ਏਨੇ ਵੱਡੇ ਪੱਧਰ ਉੱਪਰ ਇਸ ਮੁਹਿੰਮ ਨੂੰ ਸਮਰਥਨ ਮਿਲਣ ਤੋਂ ਭਾਵ ਹੈ ਕਿ ਪੂਰਾ ਦੇਸ਼ ਅੰਨਦਾਤੇ ਦੀ ਪੀੜ ਨੂੰ ਮਹਿਸੂਸ ਕਰਦਾ ਹੈ ਅਤੇ ਇਸ ਪੀੜ ਨੂੰ ਮਹਿਸੂਸ ਕਰਦਾ ਹੋਇਆ ਉਸ ਵਿੱਚ ਸ਼ਰੀਕ ਵੀ ਹੋਇਆ ਹੈ। ਇਸ ਅੰਦੋਲਨ ਵਿੱਚ ਸਭ ਤੋਂ ਵੱਡੀ ਗੱਲ ਜੋ ਵੇਖਣ ਵਾਲੀ ਸੀ ਉਹ ਇਹ ਸੀ ਕਿ ਸਾਡਾ ਦੇਸ਼ ਇੱਕ ਸੀ। ਕਿਤੇ ਹਿੰਦੂ , ਮੁਸਲਮਾਨ ਤੇ ਸਿੱਖ ਇੱਕ ਚਾਦਰ ਤੇ ਬੈਠ ਕੇ ਆਪਣੇ ਆਪਣੇ ਰੱਬ ਦਾ ਧਿਆਨ ਧਰ ਰਹੇ ਸੀ, ਉਧਰ ਦੂਸਰੇ ਪਾਸੇ ਕਿਸਾਨਾਂ ਤੇ ਡਾਂਗਾਂ ਵਰਾਉਣ ਵਾਲੇ ਪੁਲਸੀਆਂ ਨੂੰ ਉਲਟਾ ਜਵਾਬ ਦੀ ਬਜਾਇ ਲੰਗਰ ਦੀ ਥਾਲੀ ਫੜਾਈ ਜਾ ਰਹੀ ਹੈ। ਜੇਕਰ ਅਜ਼ਾਦੀ ਸੰਘਰਸ਼ ਦੀ ਗੱਲ ਕਰੀਏ ਤਾਂ ਮਹਾਤਮਾ ਗਾਂਧੀ ਨੇ ਦੇਸ਼ ਨੂੰ ਇੱਕ ਜੁੱਟ ਕਰਨ ਲਈ ਪਤਾ ਨਹੀਂ ਕਿੰਨੀ ਵਾਰ ਸੱਤਿਆਗ੍ਰਹਿ ਅੰਦੋਲਨ ਵਾਪਿਸ ਲਿਆ ਤੇ ਫਿਰ ਤੋਂ ਚਲਾਇਆ । ਖਿਲਾਫਤ ਅੰਦੋਲਨ ਵਰਗੇ ਹੋਰ ਕਿੰਨੇ ਅੰਦੋਲਨਾਂ ਨੂੰ ਸੱਤਿਆਗ੍ਰਹਿ ਅੰਦੋਲਨ ਵਿੱਚ ਸ਼ਾਮਿਲ ਕੀਤਾ ਤਾਂ ਜੋ ਹਿੰਦੂ ,ਮੁਸਲਮਾਨ ਨੂੰ ਇੱਕਜੁੱਟ ਕੀਤਾ ਜਾ ਸਕੇ ਪਰ ਇਹ ਕਿਸਾਨੀ ਅੰਦੋਲਨ ਇੱਕ ਅਜਿਹਾ ਅੰਦੋਲਨ ਹੈ, ਜਿਸ ਵਿੱਚ ਸਬਰ, ਸੰਤੋਖ ਤੇ ਧੀਰਜ ਦਾ ਸਹਾਰਾ ਲੈਕੇ ਵੱਧ ਤੋਂ ਵੱਧ 10 ਦਿਨਾਂ ਵਿੱਚ ਦੇਸ਼ ਨੂੰ ਇੱਕਜੁੱਟ ਕਰ ਦਿੱਤਾ ਹੈ। ਇਸ ਦੇ ਨਾਲ ਨਾਲ ਇਹ ਗੱਲ ਵੀ ਬਹੁਤ ਚੰਗੀ ਤਰ੍ਹਾਂ ਸਾਬਿਤ ਹੋ ਚੁੱਕੀ ਹੈ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਭੰਗ ਕਰਨ ਲਈ ਕੁਝ ਦੇਸ਼ ਦੀਆਂ ਹੀ ਅੰਦਰੂਨੀ ਸ਼ਕਤੀਆਂ ਸਰਗਰਮ ਹਨ। ਦੂਸਰੇ ਪਾਸੇ ਇਸ ਗੱਲ ਵਿੱਚ ਵੀ ਕੋਈ ਸ਼ੱਕ ਨਹੀਂ ਰਿਹਾ ਕਿ ਜੇਕਰ ਦੇਸ਼ ਦੀ ਜਨਤਾ ਵਿੱਚ ਹਿੰਮਤ, ਸਾਹਸ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੁਕਤਾ ਹੈ ਤਾਂ ਕੋਈ ਸਰਕਾਰ ਕੋਈ ਹਾਕਮ ਦੇਸ਼ ਦੀ ਜਨਤਾ ਉੱਪਰ ਹਾਵੀ ਨਹੀ ਹੋ ਸਕਦਾ। 8 ਤਾਰੀਖ ਦਾ ਇਹ ਦਿਨ ਇਤਹਾਸ ਵਿੱਚ ਦੇਸ਼ ਦੀ ਏਕਤਾ ਦੇ ਪ੍ਰਮਾਣ ਵੱਜੋਂ ਯਾਦ ਕੀਤਾ ਜਾਵੇਗਾ। ਆਸ ਹੈ ਕਿ ਜਲਦ ਹੀ ਕੇਂਦਰ ਸਰਕਾਰ ਦੇ ਮਨ ਮੇਹਰ ਪਵੇਗੀ ਅਤੇ ਕਿਸਾਨ ਜਿੱਤ ਦਾ ਝੰਡਾ ਲਹਿਰਾਉਂਦੇ ਆਪਣੇ ਘਰਾਂ ਨੂੰ ਜਾਹੋ ਜਲਾਲ ਨਾਲ ਵਾਪਿਸ ਪਰਤਣਗੇ।



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.

House For Sale
$549,000



Oxford Rd 17- Fairway Rd

3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.

House For Sale
$689,000



Sandalwood Pkwy- Fernforest Dr

ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station

House For Sale
$835,000



Mississauga Rd - Wanless Dr



Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂੰਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholsery@gmail.com

# ਦਿੱਲੀ ਟੀਕਰੀ ਬਾਰਡਰ ਦੇ ਰੰਗ

-ਪਰਗਟ ਸਿੰਘ ਸਤੌਜ

ਆਓ ਤੁਹਾਨੂੰ ਦਿੱਲੀ ਟੀਕਰੀ ਬਾਰਡਰ ਉਤੇ ਲੈ ਚਲਦੇ ਹਾਂ। ਇੱਥੇ ਕਿਸਾਨ ਮਾਰੂ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸੰਘਰਸ਼ ਕਰਦੇ ਕਿਸਾਨਾਂ ਦਾ ਦਸ ਕਿਲੋਮੀਟਰ ਲੰਬਾ ਕਾਫਲਾ ਹੈ (ਹੋਰ ਬਾਰਡਰਾਂ ਉਤੇ ਗਿਣਤੀ ਏਦੂੰ ਵੀ ਵੱਧ ਹੈ)। ਇੱਥੇ ਕੁਝ ਲੋਕ ਮੋਟਰ ਸਾਈਕਲਾਂ, ਕਾਰਾਂ, ਟਰੱਕਾਂ, ਕੈਂਟਰਾਂ, ਸਾਈਕਲਾਂ ਅਤੇ ਪੈਦਲ ਵੀ ਆਏ ਹਨ, ਪਰ ਸਭ ਤੋਂ ਵੱਧ ਗਿਣਤੀ ਆਪਣੇ ਟਰੈਕਟਰ ਟਰਾਲੀਆਂ ਉਤੇ ਆਈ ਹੈ। ਹਰ ਟਰੈਕਟਰ ਪਿੱਛੇ ਆਮ ਕਰ ਕੇ ਦੋ-ਦੋ ਟਰਾਲੀਆਂ ਹਨ। ਇੱਕ ਟਰਾਲੀ ਵਿੱਚ ਰਾਤ ਨੂੰ ਸੌਣ ਦੀ ਸਹੂਲਤ ਦਾ ਸਾਮਾਨ ਹੈ ਅਤੇ ਦੂਸਰੀ ਟਰਾਲੀ ਦੀ ਰਸੋਈ ਦੇ ਤੌਰ 'ਤੇ ਵਰਤੋਂ ਕੀਤੀ ਜਾ ਰਹੀ ਹੈ। ਰਸੋਈ ਵਿੱਚ ਲਗਭਗ ਦੋ-ਦੋ ਮਹੀਨਿਆਂ ਦਾ ਰਾਸ਼ਨ ਪਿਆ ਹੈ।

ਕੁਝ ਮੋਦੀ ਪੱਖੀ ਮੀਡੀਆ ਅਫਵਾਹ ਫੈਲਾਉਂਦਾ ਹੈ ਕਿ ਇਹ ਖਾਲਿਸਤਾਨੀ ਨੇ, ਕੋਈ ਕਹਿੰਦਾ ਹੈ ਕਿ ਇਹ ਕਿਰਾਏ ਉਤੇ ਲਿਆਂਦੇ ਗਏ ਹਨ। ਜ਼ਰਾ ਏਥੇ ਨਜ਼ਰ ਮਾਰੋ। ਇੱਥੇ ਬੱਚੇ ਤੋਂ ਲੈ ਕੇ ਨੱਬੇ ਸਾਲ ਤੱਕ ਦੇ ਬਜ਼ੁਰਗ ਇਸ ਸੰਘਰਸ਼ ਵਿੱਚ ਸ਼ਾਮਲ ਹਨ। ਇੱਕ ਦੋਵੇਂ ਬਾਹਾਂ ਤੇ ਦੋਵੇਂ ਲੱਤਾਂ ਕੱਟੀਆਂ ਵਾਲਾ ਕਿਸਾਨ ਵੀ ਕਈ ਦਿਨਾਂ ਤੋਂ ਧਰਨੇ ਵਿੱਚ ਡਟਿਆ ਪਿਆ ਹੈ। ਕੀ ਇਹ ਤੁਹਾਨੂੰ ਖਾਲਿਸਤਾਨੀ ਜਾਂ ਗੁੰਡੇ ਨਜ਼ਰ ਆਉਂਦੇ ਹਨ? ਇੱਕ ਪੰਦਰਾਂ ਸਾਲ ਦਾ ਬੱਚਾ ਕਹਿੰਦਾ ਹੈ, 'ਮੇਰਾ ਦਾਦਾ ਤੇ ਪਿਤਾ ਬਿਮਾਰ ਰਹਿੰਦੇ ਹਨ, ਇਸ ਕਰ ਕੇ ਉਨ੍ਹਾਂ ਦੀ ਥਾਂ ਮੈਂ ਆਪਣੇ ਹੱਕ ਲੈਣ ਆਇਆ ਹਾਂ। ਮੇਰੀ ਮਾਂ ਮੈਨੂੰ ਹਰ ਰੋਜ਼ ਫੋਨ ਕਰਦੀ ਹੈ। ਮਾਂ ਐਵੇਂ ਮੇਰਾ ਫਿਕਰ ਨਾ ਕਰੇ, ਇਸ ਲਈ ਮੈਂ ਉਸ ਨਾਲ ਹਮੇਸ਼ਾ ਹੱਸ ਕੇ ਗੱਲ ਕਰਦਾ ਹਾਂ।'

ਇੱਕ ਬਜ਼ੁਰਗ ਫੌਜੀ ਨਾਲ ਗੱਲ ਹੋਈ ਤਾਂ ਕਹਿੰਦਾ ਹੈ ਕਿ 'ਮੈਂ ਪਹਿਲਾਂ ਭਾਰਤ ਲਈ ਪਾਕਿਸਤਾਨੀ ਨਾਲ ਲੜਿਆ। ਆਪਣੀ ਸਾਰੀ ਜਵਾਨੀ ਇਸ ਦੇਸ਼ ਦੇ ਲੇਖੇ ਲਾਈ। ਮੇਰੀ ਉਸ ਸੇਵਾ ਬਦਲੇ ਮੈਨੂੰ ਇਹ ਇਨਾਮ ਦਿੱਤਾ। ਮੈਨੂੰ ਬੁੱਢੀ ਉਮਰੇ ਆਪਣੇ ਪੁੱਤਰਾਂ ਦੇ ਖੇਤ ਬਚਾਉਣ ਲਈ ਇਸ ਸੰਘਰਸ਼ ਵਿੱਚ ਆਉਣਾ ਪਿਆ।'

ਇੱਕ ਸ਼ਹਿਰੀ ਬਾਸ਼ਿੰਦਾ ਹੈ। ਉਸ ਕੋਲ ਕੋਈ ਖੇਤ ਨਹੀਂ, ਪਰ ਉਹ ਵੀ ਸੰਘਰਸ਼ ਵਿੱਚ ਸ਼ਾਮਲ ਹੈ। ਉਸ ਦੀ ਦਲੀਲ ਹੈ, 'ਮੈਂ ਕਿਸਾਨ ਨਹੀਂ, ਪਰ ਕਿਸਾਨ ਦਾ ਪੈਦਾ ਕੀਤਾ ਅੰਨ ਖਾਂਦਾ ਹਾਂ। ਜੋ ਅੰਨ ਪੈਦਾ ਕਰਨ ਵਾਲਾ ਖੁਸ਼ ਨਹੀਂ ਹੋਵੇਗਾ ਤਾਂ ਉਸ ਦੇ ਪੈਦਾ ਕੀਤੇ ਅੰਨ ਨੂੰ ਖਾਣ ਵਾਲਾ ਕਿਵੇਂ ਖੁਸ਼ ਰਹਿ ਸਕਦਾ ਹੈ।'

ਟੀਕਰੀ ਬਾਰਡਰ ਸਭ ਧਰਮਾਂ, ਜਾਤਾਂ ਤੋਂ ਉਪਰ ਉਠ ਕੇ ਅਸਲ ਭਾਰਤ ਦੀ ਮਿਸਾਲ ਪੇਸ਼ ਕਰਦਾ ਹੈ। ਇੱਥੇ ਸਭ ਧਰਮ, ਜਾਤਾਂ ਇੱਕ ਹੋ ਗਏ ਹਨ। ਇੱਥੇ ਨਾ ਕੋਈ ਹਿੰਦੂ ਹੈ, ਨਾ ਮੁਸਲਮਾਨ, ਨਾ ਸਿੱਖ, ਨਾ ਈਸਾਈ, ਨਾ ਕੋਈ ਅਮੀਰ, ਨਾ ਗਰੀਬ। ਸਭ ਦੇ ਸਭ ਕਿਸਾਨੀ ਲਈ ਲੜਨ ਵਾਲੇ ਯੋਧੇ ਹਨ। ਇਕੱਠੇ ਬੈਠ ਕੇ ਇੱਕ ਥਾਲੀ ਵਿੱਚ ਖਾਂਦੇ ਹਨ, ਇਕੱਠੇ ਪੈਂਦੇ ਹਨ ਤੇ ਇਸੇ ਤਰ੍ਹਾਂ ਇਕੱਠੇ ਸਰਕਾਰ ਵਿਰੁੱਧ ਲੜ ਰਹੇ ਹਨ। ਖਾਣਾ ਬਣਾਉਂਦਿਆਂ, ਖਾਂਦਿਆਂ ਵੀ 'ਕਿਸਾਨ ਏਕਤਾ ਜ਼ਿੰਦਾਬਾਦ' ਦੇ ਨਾਅਰੇ ਗੂੰਜਦੇ ਹਨ। ਇਹ ਏਕਤਾ ਨਾਅਰਿਆਂ ਤੱਕ ਹੀ ਸੀਮਿਤ ਨਹੀਂ, ਸਗੋਂ ਹਰ ਸਮੇਂ, ਹਰ ਥਾਂ ਇਸ ਦੀ ਮਿਸਾਲ ਕਾਇਮ ਹੈ। ਜੇ ਤੁਸੀਂ ਸੰਘਰਸ਼ ਵਿੱਚ ਸ਼ਾਮਲ ਹੋਣ ਆਏ ਹੋ ਤਾਂ ਤੁਸੀਂ ਕਿਸੇ ਵੀ ਟਰਾਲੀ ਵਿੱਚ ਰਾਤ ਕੱਟ ਸਕਦੇ ਹੋ। ਤੁਰੇ ਜਾਂਦਿਆਂ ਕਿਸੇ ਵੀ ਰੋਟੀ ਬਣਾਉਂਦੇ ਕਿਸਾਨ ਕੋਲ ਬੈਠ ਕੇ ਰੋਟੀ ਖਾ ਸਕਦੇ ਹੋ। ਉਹ ਤੁਹਾਨੂੰ ਰੋਟੀ ਖਵਾਉਂਦਾ ਫਖਰ ਮਹਿਸੂਸ ਕਰੇਗਾ।

ਇਸੇ ਧਰਨੇ ਵਿੱਚ ਇੱਕ ਨਿਹੰਗ ਸਿੰਘ ਮਾਲਵੇ ਦੀਆਂ ਮੱਠੀਆਂ ਵੰਡ ਰਿਹਾ ਹੈ। ਸਾਡੀ ਟਰਾਲੀ ਦੇ ਨੇੜੇ ਇੱਕ ਪਾਥੀ ਵਾਲਾ ਗੀਜ਼ਰ ਹੈ। ਉਥੋਂ ਪਾਣੀ ਲੈ ਕੇ ਵੀਹ ਪੱਚੀ ਬੰਦੇ ਨਹਾ ਲੈਂਦੇ ਹਨ। ਫਿਰ ਵੀ ਉਸ ਵਿੱਚ ਅੱਗ ਬਾਲਣ ਵਾਲੇ ਦੇ ਮੱਥੇ ਵੱਟ ਨਹੀਂ। ਉਹ ਅੱਗ ਵੀ ਬਾਲ ਰਿਹਾ ਹੈ ਤੇ ਕਹਿ ਵੀ ਰਿਹਾ ਹੈ, ''ਪਾਣੀ ਵਾਧੂ ਐ। ਹੋਰ ਲੈ ਜਾਓ...।''

ਇੱਥੇ ਹਰਿਆਣਾ ਤੇ ਦਿੱਲੀ ਵਾਲਿਆਂ ਨੇ ਸੰਘਰਸ਼ ਕਰ ਰਹੇ ਲੋਕਾਂ ਲਈ ਹਰ ਸੰਭਵ ਸਹੂਲਤ ਦਿੱਤੀ ਹੈ। ਹਰਿਆਣਾ ਦੇ ਲੋਕ ਬਣਿਆ ਹੋਇਆ ਖਾਣਾ, ਆਟਾ, ਦੁੱਧ, ਲੱਸੀ, ਦਾਲਾਂ, ਸਬਜ਼ੀਆਂ, ਗੁੜ, ਤੇਲ, ਆਚਾਰ ਹਰ ਚੀਜ਼, ਹਰ ਰੋਜ਼ ਵੱਡੀ ਮਾਤਰਾ ਵਿੱਚ ਮੁਫਤ ਪੁਚਾ ਰਹੇ ਹਨ। ਦਿੱਲੀ ਵਾਲਿਆਂ ਨੇ ਨਹਾਉਣ, ਕੱਪੜੇ ਧੋਣ ਆਦਿ ਲਈ ਆਪਣੇ ਘਰਾਂ ਦੇ ਬਾਥਰੂਮ ਵੀ ਜਨਤਕ ਬਣਾ ਦਿੱਤੇ ਹਨ। ਹਰਿਆਣੇ ਦੇ ਇੱਕ ਪੈਟਰੋਲ ਪੰਪ ਵਾਲੇ ਨੇ ਧਰਨੇ ਉਪਰ ਆਉਣ ਜਾਣ ਵਾਲਿਆਂ ਨੂੰ ਤੇਲ ਦੀ ਸਹੂਲਤ ਮੁਫਤ ਦੇ ਦਿੱਤੀ ਹੈ। ਮੈਂ ਖਾਣਾ ਖਾਣ ਤੋਂ ਬਾਅਦ ਖਾਣਾ ਦੇਣ ਵਾਲੇ ਇੱਕ ਹਰਿਆਣੇ ਦੇ ਬੰਦੇ ਦਾ ਧੰਨਵਾਦ ਕਰ ਦਿੱਤਾ। ਉਸ ਨੇ ਉਲਟਾ ਕਿਹਾ, 'ਨਹੀਂ, ਧੰਨਵਾਦ ਕਿਸ ਲਈ? ਇਹ ਸਾਡਾ ਫਰਜ਼ ਹੈ। ਧੰਨਵਾਦ ਤਾਂ ਅਸੀਂ ਤੁਹਾਡਾ ਲੜਨ ਵਾਲਿਆਂ ਦਾ ਕਰਦੇ ਹਾਂ। ਤੁਸੀਂ ਸਾਡੇ ਭਾਰਤ ਦੀ ਕਿਸਾਨੀ ਨੂੰ ਬਚਾਉਣ ਲਈ ਐਨੀ ਦੂਰੋਂ ਚੱਲ ਕੇ ਆਏ ਹੋ।'

ਕਿਸਾਨੀ ਬਚਾਉਣ ਲਈ ਇੱਥੇ ਸਿਰਫ ਪੰਜਾਬ ਹੀ ਨਹੀਂ ਚੱਲ ਕੇ ਆਇਆ, ਹਰਿਆਣੇ, ਯੂ ਪੀ, ਮਹਾਰਾਸ਼ਟਰ, ਰਾਜਸਥਾਨ ਆਦਿ ਸਟੇਟਾਂ ਤੋਂ ਵੀ ਕਿਸਾਨ ਵੱਡੀ ਗਿਣਤੀ ਵਿੱਚ ਪਹੁੰਚੇ ਹਨ। ਹੋਰ ਜਮਹੂਰੀਅਤ ਪਸੰਦ ਲੋਕ ਵੀ ਭਰਵੀਂ ਹਾਜ਼ਰੀ ਲਵਾ ਰਹੇ ਹਨ। ਹਾਂ ਪੰਜਾਬ ਨੇ ਸ਼ੁਰੂਆਤ ਕੀਤੀ ਹੈ ਤੇ ਅੱਜ ਇਸ ਅੰਦੋਲਨ ਦੀ ਗੂੰਜ ਦੇਸ਼ ਵਿੱਚ ਹੀ ਨਹੀਂ ਪੂਰੇ ਸੰਸਾਰ ਵਿੱਚ ਫੈਲ ਗਈ ਹੈ।

# ਪੰਜਾਬ ਦੇ ਕਲਾਕਾਰ ਅਤੇ ਕਿਸਾਨੀ ਅੰਦੋਲਨ



ਹਰਕੀਰਤ ਕੌਰ ਸਭਰਾ

ਕੇਂਦਰ ਸਰਕਾਰ ਵੱਲੋਂ ਕਿਸਾਨੀ ਨਾਲ ਸੰਬੰਧਿਤ ਲਾਗੂ ਕੀਤੇ ਗਏ ਕਾਲੇ ਬਿੱਲਾਂ ਦਾ ਵਿਰੋਧ ਦੇਸ਼ ਭਰ ਵਿੱਚ ਬਹੁਤ ਵੱਡੇ ਪੱਧਰ ਉੱਪਰ ਹੋ ਰਿਹਾ ਹੈ। ਇਸ ਸੰਘਰਸ਼ ਵਿੱਚ ਹਰ ਇੱਕ ਵਰਗ ਨੇ ਵੱਧ ਚੜ ਕੇ ਸ਼ਮੂਲੀਅਤ ਕੀਤੀ ਹੈ। ਜਿਸ ਵਿੱਚ ਆਮ ਨਾਗਰਿਕਾਂ ਤੋਂ ਲੈਕੇ ਵੱਡੀਆਂ ਹਸਤੀਆਂ ਦੇ ਨਾਮ ਸ਼ਾਮਿਲ ਹਨ। ਅੱਜ ਦੇ ਵਿਸ਼ੇ ਨੂੰ ਵਿਚਾਰਨ ਤੋਂ ਪਹਿਲਾਂ ਥੋੜੇ ਜਿਹਾ ਪਿੱਛੇ ਜਾ ਕੇ ਪੰਜਾਬ ਦੀ ਗਾਇਕੀ ਅਤੇ ਗੀਤਕਾਰੀ ਵੱਲ ਝਾਤ ਮਾਰਨੀ ਚਾਹਾਂਗੀ।ਪਿਛਲੇ ਕੁਝ ਸਮੇਂ ਵਿੱਚ ਗਾਇਕਾਂ ਨੇ ਅਜਿਹੇ ਗੀਤ ਪੇਸ਼ ਕੀਤੇ ਸਨ ਜਿੰਨਾ ਦੇ ਵਿਸ਼ੇ ਖਾਸ ਕਰ ਮਾਰ ਧਾੜ, ਖ਼ੂਨ ਖਰਾਬਾ , ਇਸ਼ਕ, ਮੁੱਹਬਤ ਆਦਿ ਹੁੰਦੇ ਸਨ। ਕੁਝ ਸੱਭਿਆਚਾਰ ਨਾਲ ਤੇ ਪੰਜਾਬੀਅਤ ਦੀ ਫਿਕਰ ਕਰਨ ਵਾਲਿਆਂ ਨੇ ਕਈ ਵਾਰ ਆਪਣੇ ਲੇਖਾਂ, ਗੱਲਬਾਤ ਵਿੱਚ ਇਸ ਚੀਜ਼ ਦਾ ਜ਼ਕਿਰ ਕੀਤਾ ਸੀ ਕਿ ਪੰਜਾਬ ਦੀ ਗਾਇਕੀ ਪੰਜਾਬੀ ਸੱਭਿਆਚਾਰ ਦਾ ਘਾਣ ਕਰ ਰਹੀ ਅਤੇ ਨੋਜਵਾਨਾਂ ਨੂੰ ਗੁਮਰਾਹ ਕਰ ਰਹੀ ਹੈ। ਮੈਂ ਵੀ ਕਈ ਵਾਰ ਇਹ ਵਿਸ਼ਾ ਵਿਚਾਰ ਚੁੱਕੀ ਹਾਂ। ਪਰ ਜੇਕਰ ਮੌਜੂਦਾ ਸਮੇਂ ਵੱਲ ਝਾਤ ਮਾਰੀਏ ਤਾਂ ਬਹੁਤ ਖੁਸ਼ੀ ਹੁੰਦੀ ਹੈ, ਪੰਜਾਬੀ ਕਲਾਕਾਰਾਂ , ਗੀਤਕਾਰਾਂ ਨੇ ਇਸ ਕਿਸਾਨੀ ਸੰਘਰਸ਼ ਵਿੱਚ ਆਪਣਾ ਵੱਡਾ ਨਹੀਂ ਬਲਕਿ ਬਹੁਤ ਵੱਡਾ ਯੋਗਦਾਨ ਪਾਇਆ ਹੈ। ਪੰਜਾਬੀ ਗਾਇਕ ਜਿੱਥੇ ਧਰਨਿਆਂ ਵਿੱਚ ਮੂਹਰੇ ਹੋਕੇ ਬੈਠੇ, ਉੱਥੇ ਨਾਲ ਦੀ ਨਾਲ ਅਜਿਹੇ ਗੀਤ ਪੇਸ਼ ਕੀਤੇ ,ਜਿੰਨਾ ਨੂੰ ਸੁਣ ਕੇ ਕਿਸਾਨਾਂ ਵਿੱਚ ਹੋਰ ਜੋਸ਼ ਭਰ ਜਾਂਦਾ ਹੈ। ਇਤਹਾਸ ਵੀ ਗਵਾਹੀ ਭਰਦਾ ਹੈ ਕਿ ਛੇਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੰਗਾਂ ਯੁਧਾਂ ਸਮੇਂ ਸਿੰਘ ਕੋਲੋਂ ਉੱਚੇ ਸੁਰਾਂ ਵਿੱਚ ਵਾਰਾਂ ਤੇ ਕਵੀਸ਼ਰੀਆਂ ਗਵਾਇਆ ਕਰਦੇ ਸਨ, ਜਿੰਨਾ ਨੂੰ ਸੁਣ ਕੇ ਸਿੰਘਾਂ ਵਿੱਚ ਜੋਸ਼ ਭਰ ਜਾਂਦਾ ਸੀ। ਅੱਜ ਅਕਾਲ ਤਖਤ ਦੇ ਸਾਹਮਣੇ ਕਵੀਸ਼ਰੀ ਤੇ ਢਾਡੀ ਵਾਰਾਂ ਦਾ ਗਾਇਣ ਇਸ ਉਦਹਾਰਣ ਦਾ ਪੁਖਤਾ ਸਬੂਤ ਹੈ। ਸੋ ਇਸੇ ਤਰ੍ਹਾਂ ਸਾਡੇ ਮੌਜੂਦਾ ਗਾਇਕਾਂ, ਗੀਤਕਾਰਾਂ ਨੇ ਵੀ ਮਿਸਾਲ ਖੜੀ ਕੀਤੀ ਹੈ। ਪੰਜਾਬੀ ਸੰਗੀਤ ਇੰਡਸਟਰੀ ਵਿੱਚ ਸਰਦਾਰ ਬੀਰ ਸਿੰਘ ਵਰਗੇ ਸੁਲਝੇ ਹੋਏ ਗਾਇਕ ਅਤੇ ਗੀਤਕਾਰ ਸ਼ਾਮਿਲ ਹਨ, ਜਿੰਨਾ ਦੇ ਬੋਲਾਂ ਵਿੱਚ ਜਿੱਥੇ ਨਿਮਰਤਾ ਝਲਕਦੀ ਹੈ, ਉੱਥੇ ਬਹੁਤ ਹੀ ਸਹਿਜ ਅਤੇ ਸਲੀਕੇ ਦਾ ਪ੍ਰਮਾਣ ਮਿਲਦਾ ਹੈ। ਕਨਵਰ ਗਰੇਵਾਲ, ਜੱਸ ਬਾਜਵਾ, ਰਣਜੀਤ ਬਾਵਾ, ਐਮੀ ਵਿਰਕ ,ਗੁਰਸ਼ਬਦ ਸਿੰਘ ਅਤੇ ਤਕਰੀਬਨ ਸਾਰੇ ਗਾਇਕਾਂ ਨੇ ਜਿੱਥੇ ਜੋਸ਼ੀਲੇ ਗੀਤ ਪੇਸ਼ ਕਰ ਕੇ ਨੋਜਵਾਨਾਂ ਵਿੱਚ ਜੋਸ਼ ਭਰਿਆ ਉੱਥੇ ਅੰਦੋਲਨ ਵਿੱਚ ਵੀ ਵੱਧ ਚੜ ਕੇ ਹਿੱਸਾ ਲਿਆ। ਜੱਸ ਬਾਜਵਾ ਇਸ ਅੰਦੋਲਨ ਵਿੱਚ ਸ਼ੁਰੂਆਤੀ ਦੌਰ ਤੋਂ ਹੀ ਜੁੜੇ ਹੋਏ ਸਨ, ਆਪਣੀ ਵਿਆਹ ਵਾਲੀ ਕਾਰ ਉੱਪਰ ਕਿਸਾਨ ਏਕਤਾ ਜਿੰਦਾਬਾਦ ਦਾ ਝੰਡਾ ਲਗਾ ਕੇ ਇੱਕ ਵੱਖਰੀ ਮਿਸਾਲ ਕਾਇਮ ਕੀਤੀ। ਦਿਲਜੀਤ ਦੁਸਾਂਝ, ਜਿਹਨਾਂ ਇੱਕ ਵੱਡੀ ਰਕਮ ਕਿਸਾਨੀ ਅੰਦੋਲਨ ਨੂੰ ਦੇਕੇ ਆਪਣੀ ਖੁੱਲਦਿਲੀ ਅਤੇ ਅੱਜ ਵੀ ਕਿਸਾਨੀ ਨਾਲ ਪਿਆਰ ਹੋਣ ਦਾ ਸਬੂਤ ਦਿੱਤਾ ਹੈ। ਸੂਫ਼ੀ ਗਾਇਕੀ ਵਿੱਚ ਵੱਡਾ ਨਾਮਣਾ ਖੱਟ ਚੁੱਕੇ ਕੰਨਵਰ ਗਰੇਵਾਲ ਵੀ ਇੱਕ ਵੱਡਾ ਯੋਗਦਾਨ ਪਾ ਰਹੇ ਹਨ। "ਸੱਜਣਾਂ ਏ ਕੋਈ ਗੱਲ ਤੇ ਨਹੀਂ ਨਾ " ਗਜ਼ਲ ਨੂੰ ਆਪਣੇ ਵੱਖਰੇ ਅੰਦਾਜ਼ ਵਿੱਚ ਬੋਲਣ ਵਾਲੇ ਅਤੇ ਪਰਮ ਸੰਧੂ ਦੇ ਨਾਮ ਨਾਲ ਜਾਣੇ ਜਾਂਦੇ ਨੋਜਵਾਨ ਨੇ ਮਾਝੇ ਤੋਂ ਦਿੱਲੀ ਤੱਕ ਦਾ ਸਫ਼ਰ ਸਾਇਕਲ ਤੇ ਤੈਅ ਕਰਕੇ ਬਹੁਤ ਵੱਡੀ ਮਿਸਾਲ ਕਾਇਮ ਕੀਤੀ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਗਾਇਕਾਂ, ਗੀਤਕਾਰਾਂ ਅਤੇ ਕਲਾਕਾਰਾਂ ਨੇ ਆਪਣੀ ਹਾਜ਼ਰੀ ਲਗਵਾ ਕੇ ਇਸ ਅੰਦੋਲਨ ਵਿੱਚ ਆਏ ਆਮ ਕਿਸਾਨਾਂ ਦਾ ਹੌਸਲਾ ਵਧਾਇਆ ਹੈ। ਜਿੱਥੋਂ ਤੱਕ ਮੈਨੂੰ ਲੱਗਦਾ ਹੈ ਵੱਡੀ ਤਾਦਾਰ ਵਿੱਚ ਨੋਜਵਾਨਾਂ ਨੂੰ ਇਕੱਠਾ ਕਰਨ ਵਿੱਚ ਸਾਡੇ ਗਾਇਕਾਂ ਅਤੇ ਗੀਤਕਾਰਾਂ ਦਾ ਸਭ ਤੋਂ ਵੱਧ ਯੋਗਦਾਨ ਰਿਹਾ ਹੈ। ਹੁਸਤਿੰਦਰ ਵਰਗੇ ਕੁਝ ਅਜਿਹੇ ਗਾਇਕ ਵੀ ਹਨ ਜਿੰਨਾ ਨੇ ਹੋਰ ਵਿਸ਼ਿਆਂ ਉੱਪਰ ਤਿਆਰ ਗੀਤ ਕਿਸਾਨੀ ਅੰਦੋਲਨ ਕਰਕੇ ਲਾਂਚ ਨਹੀ ਕੀਤੇ , ਇਸਨੂੰ ਵੀ ਇਸ ਅੰਦੋਲਨ ਵਿੱਚ ਇੱਕ ਯੋਗਦਾਨ ਦੀ ਤਰ੍ਹਾਂ ਵੇਖਿਆ ਜਾਵੇਗਾ। ਇਸ ਤੋਂ ਇਲਾਵਾ ਹਰ ਉਹ ਗਾਇਕ, ਗੀਤਕਾਰ, ਕਲਾਕਾਰ ਵਧਾਈ ਦਾ ਪਾਤਰ ਹੈ ਜਿਸ ਨੇ ਇਸ ਅੰਦੋਲਨ ਵਿੱਚ ਸ਼ਾਮਿਲ ਹੋ ਕੇ, ਬੋਲ ਕੇ, ਗਾ ਕੇ, ਲਿਖ ਕੇ ਜਾਂ ਹਾਜ਼ਰੀ ਭਰ ਕੇ ਇਸ ਅੰਦੋਲਨ ਵਿੱਚ ਆਪਣਾ ਹਿੱਸਾ ਪਾਇਆ ਹੈ । ਇਹ ਅੰਦੋਲਨ ਹੁਣ ਮਹਿਜ ਇੱਕ ਅੰਦੋਲਨ ਨਹੀਂ ਰਹਿ ਗਿਆ ਇਹ ਇੱਕ ਕ੍ਰਾਂਤੀ ਬਣ ਚੁੱਕਾ ਹੈ, ਜਿਸ ਨੇ ਹਰ ਵਰਗ , ਹਰ ਖੇਤਰ ਵਿੱਚ ਆ ਰਹੀਆਂ ਊਣਤਾਈਆਂ ਨੂੰ ਖਤਮ ਜਾਂ ਉਹਨਾਂ ਦਾ ਅਹਿਸਾਸ ਕਰਵਾਉਣ ਦਾ ਕੰਮ ਕੀਤਾ ਹੈਂ।ਪੰਜਾਬ ਦੇ ਕਲਾਕਾਰਾਂ ਨੇ ਪੰਜਾਬੀਅਤ ਦੇ ਅਸਲੀ ਹਮਦਰਦ ਹੋਣ ਅਤੇ ਨਾਇਕ ਹੋਣ ਦਾ ਸਬੂਤ ਦਿੱਤਾ ਹੈ, ਕਿਉਂਕਿ ਫਿਲਮਾਂ ਵਿੱਚ ਸਪਰਿੰਗ ਵਾਲੇ ਘੋੜਿਆਂ ਤੇ ਬੈਠ ਕੇ ਤਾਂ ਲਕਛਮੀ ਬਾਈ ਬਣਨਾ ਬਹੁਤ ਸੌਖਾ ਹੈ ਪਰ ਆਪਣੇ ਦੇਸ਼ ਅਤੇ ਕੌਮ ਨਾਲ ਹਿੰਮਤ ਅਤੇ ਜੁਰਅਤ ਤੇ ਅਸਲੀ ਮਰਦ ਹੀ ਖੜ ਸਕਦੇ ਹਨ।

ਆਸ ਹੈ ਕਿ ਕਲਾਕਾਰ ਵਰਗ ਵਿੱਚ ਆਈ ਇਸ ਕ੍ਰਾਂਤੀ ਅਤੇ ਉਸਾਰੂ ਸੋਚ ਨੂੰ ਇਸ ਤਰ੍ਹਾਂ ਹੀ ਜਾਰੀ ਰੱਖਿਆ ਜਾਵੇਗਾ ਅਤੇ ਮੰਨੋਰੰਜਨ ਦੇ ਨਾਲ ਨਾਲ ਕੌਮ, ਪੰਜਾਬੀਅਤ ਤੇ ਜਦ ਵੀ ਬਿਪਤਾ ਬਣੇ ਇਹ ਸਾਰੇ ਵੀਰ ਇਸ ਵਾਰ ਦੀ ਤਰ੍ਹਾਂ ਹਿੱਕ ਤਾਣ ਕੇ ਅੱਗੇ ਖੜ ਸਕਣਗੇ।

ਕਿਸਾਨ ਏਕਤਾ ਜ਼ਿੰਦਾਬਾਦ

# ਸੁਖਮਈ ਜੀਵਨ : ਤਕਦੀਰ ਜਾਂ ਤਦਬੀਰ



ਇੰਜ. ਈਸ਼ਰ ਸਿੰਘ
647-640-2014

ਅਨੇਕਾਂ ਫ਼ਰਕਾਂ ਅਤੇ ਵੱਖਰੇਵਿਆਂ ਦੇ ਬਾਵਜੂਦ ਦੁਨੀਆਂ ਦੇ ਸਾਰੇ ਮਨੁੱਖਾਂ ਦੀ ਇਕ ਇੱਛਾ ਸਰਬ-ਵਿਆਪਕ ਹੈ ਅਤੇ ਉਹ ਹੈ, ਸੁਖਮਈ, ਖ਼ੁਸ਼ੀਆਂ ਭਰਪੂਰ ਅਤੇ ਸਫ਼ਲ ਜੀਵਨ ਜਿਉਣ ਦੀ ਇੱਛਾ, ਸਨਮਾਨਜਨਕ ਅਤੇ ਨਿਸ਼ਚਿੰਤ ਜੀਵਨ ਜਿਉਣ ਦੀ ਚਾਹਤ. ਇਸ ਸੰਸਾਰ ਵਿੱਚ ਸੱਭ ਤੋਂ ਵੱਧ ਚਰਚਿਤ ਵਿਸਿਆਂ 'ਚ ਇਕ ਵਿਸ਼ਾ 'ਹੈਪੀਨੈੱਸ' ਹੈ. ਇਸ ਤਰ੍ਹਾਂ ਦੇ ਜੀਵਨ ਦੀ ਪ੍ਰਾਪਤੀ ਲਈ ਅਸੀਂ ਹਰ ਤਰ੍ਹਾਂ ਦੀਆਂ ਸਿਆਣਪਾਂ ਅਤੇ ਅਕਲਮੰਦੀਆਂ ਵਰਤਦੇ ਹਾਂ, ਸਕੀਮਾਂ ਬਣਾਉਂਦੇ ਹਾਂ ਅਤੇ ਕੋਸ਼ਿਸ਼ਾਂ-ਉਪਰਾਲੇ ਕਰਦੇ ਹਾਂ. ਆਪੋ ਆਪਣੇ ਧਾਰਮਿਕ ਅਕੀਦਿਆਂ ਅਨੁਸਾਰ ਅਰਦਾਸਾਂ-ਬੇਨਤੀਆਂ ਵੀ ਕਰਦੇ ਹਾਂ. ਧਰਮ ਪ੍ਰਚਾਰਕਾਂ ਵੱਲੋਂ ਦੱਸੇ ਕਰਮ-ਕਾਂਡ ਵੀ ਕਰਦੇ-ਕਰਾਉਂਦੇ ਹਾਂ. ਇਸ ਮੰਤਵ ਲਈ ਕੀਤੀ ਹਰ ਉਹ ਕੋਸ਼ਿਸ਼ ਅਤੇ ਸਕੀਮ ਜਾਇਜ਼ ਹੈ ਜਿਹੜੀ ਕਿ ਸਮਾਜਿਕ ਅਤੇ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਕੀਤੀ ਜਾਵੇ, ਕਿਉਂਕਿ ਇਸ ਤਰ੍ਹਾਂ ਦਾ ਜੀਵਨ ਸਾਡਾ ਹੱਕ ਹੈ. ਅਮਰੀਕਾ ਦੇ ਸੰਵਿਧਾਨ ਵਿਚ ਤਾਂ ਹੈਪੀਨੈੱਸ ਨੂੰ ਇਕ ਮੌਲਿਕ ਅਧਿਕਾਰ ਬਣਾਇਆ ਗਿਆ ਹੈ. ਇਹ ਕੋਈ ਅੱਜ ਦੇ ਮਨੁੱਖ ਦਾ ਹੀ ਨਹੀਂ, ਬਲਕਿ ਹਰ ਸਮੇਂ ਅਤੇ ਸਥਾਨ ਦੇ ਮਨੁੱਖ ਦਾ ਉਦੇਸ਼ ਰਿਹਾ ਹੈ. ਇਹ ਹਰ ਵਰਗ, ਹਰ ਪ੍ਰਵਿਰਤੀ ਅਤੇ ਹਰ ਪੱਧਰ ਦੇ ਮਨੁੱਖ ਦਾ ਉਦੇਸ਼ ਰਿਹਾ ਹੈ. ਪੂਰਬੀ, ਪੱਛਮੀ, ਅਧਿਆਤਮਵਾਦੀ, ਰਾਜਿਆਂ-ਮਹਾਰਾਜਿਆਂ ਅਤੇ ਜਨ-ਸਧਾਰਨ ਸਭ ਦਾ ਹੈ. ਹਰ ਕੋਈ ਪ੍ਰਮਾਤਮਾ ਤੋਂ ਸੁਖ ਮੰਗਦਾ ਹੈ.

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥ (ਮਹਲਾ ਪਹਿਲਾ)

ਪਰ ਸਾਡੇ ਇਤਿਹਾਸ ਅਤੇ ਵਰਤਮਾਨ ਤੋਂ ਪ੍ਰਤੱਖ ਹੈ ਕਿ ਬਹੁਤ ਘੱਟ ਇਨਸਾਨਾਂ ਦੀ ਇਹ ਇੱਛਾ ਪੂਰੀ ਹੁੰਦੀ ਹੈ. ਪਹਿਲੇ ਸਮਿਆਂ 'ਚ ਹੋਰ ਕਿਸਮ ਦੀਆਂ ਸਮੱਸਿਆਵਾਂ ਮਨੁੱਖੀ ਖ਼ੁਸ਼ੀ ਵਿਚ ਰੁਕਾਵਟਾਂ ਬਣੀਆਂ ਹੋਈਆਂ ਸਨ. ਅੱਜ ਇਹ ਸਮੱਸਿਆਵਾਂ ਹੋਰ ਕਿਸਮ ਦੀਆਂ ਹਨ. ਸਾਡੀਆਂ ਸਮੱਸਿਆਵਾਂ ਦੀ ਕਿਸਮ ਜ਼ਰੂਰ ਬਦਲੀ ਹੈ ਪਰ ਘਟਣ ਦੀ ਥਾਂ ਇਹ ਵਧੀਆਂ ਹਨ. ਏਨੀ ਤਰੱਕੀ ਦੇ ਬਾਵਜੂਦ ਅੱਜ ਅਸੀਂ ਸਮੁੱਚੇ ਤੌਰ 'ਤੇ ਆਪਣੇ ਪੂਰਵਜਾਂ ਤੋਂ ਵੱਧ ਸੁਖੀ ਨਹੀਂ. ਸਾਡੀਆਂ ਸਮੱਸਿਆਂ ਦੇ ਤਿੰਨ ਪੱਧਰ ਹਨ. ਪਹਿਲੀ ਕਿਸਮ: ਕੁਦਰਤੀ ਆਫ਼ਤਾਂ, ਜਿਵੇਂ ਕਿ ਭੁਚਾਲ, ਹੜ੍ਹ, ਸੁਨਾਮੀਆਂ, ਆਦਿ. ਦੂਸਰੀ ਕਿਸਮ: ਆਪੇ ਸਹੇੜੀਆਂ ਸਮੂਹਿਕ ਸਮੱਸਿਆਵਾਂ, ਜਿਵੇਂ ਕਿ ਜੰਗ-ਯੁੱਧ, ਦੂਸ਼ਿਤ ਵਾਤਾਵਰਣ, ਰਾਜਨੀਤਿਕ ਅਤੇ ਸਮਾਜਿਕ ਝਗੜੇ, ਆਦਿ, ਤੀਸਰੀ ਕਿਸਮ: ਸਮੱਸਿਆਵਾਂ ਸਾਡੀਆਂ ਨਿੱਜੀ ਅਤੇ ਪਰਿਵਾਰਿਕ ਹਨ. ਇਹ ਤਿੰਨੇ ਕਿਸਮ ਦੀਆਂ ਸਮੱਸਿਆਵਾਂ ਸਾਡੇ ਸੁਖਮਈ ਅਤੇ ਸਫ਼ਲ ਜੀਵਨ ਜਿਉਣ ਵਿਚ ਰੁਕਾਵਟਾਂ ਬਣਦੀਆਂ ਹਨ. ਪਹਿਲੀ ਅਤੇ ਦੂਸਰੀ ਕਿਸਮ ਦੀਆਂ ਸਮੱਸਿਆਵਾਂ ਸਾਡੇ ਵਸ ਦੀ ਗੱਲ ਨਹੀਂ; ਪਰ ਤੀਸਰੀ ਕਿਸਮ ਦੀਆਂ 'ਚੋਂ ਕੁਝ ਨੂੰ ਅਸੀਂ ਜ਼ਰੂਰ ਨਜਿੱਠ ਸਕਦੇ ਹਾਂ.

ਕੁਦਰਤੀ ਗੱਲ ਹੈ ਕਿ ਹਰ ਵਕਤ ਅਤੇ ਹਰ ਧਰਮ ਦੇ ਮੋਢੀ ਮਹਾਂ-ਪੁਰਖ਼ਾਂ ਅਤੇ ਦੁਨਿਆਵੀ ਸਿਆਣਿਆਂ ਨੇ ਆਪਣੇ ਤਜਰਬਿਆਂ ਅਤੇ ਖੋਜਾਂ ਰਾਹੀਂ ਸਾਨੂੰ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਸਿੱਖਿਆਵਾਂ ਦਿੱਤੀਆਂ ਹਨ ਅਤੇ ਅੱਜ ਵੀ ਦੇ ਰਹੇ ਹਨ. ਪੂਰਬੀ ਸੱਭਿਆਤਾਵਾਂ ਦੇ ਮਹਾਂ-ਪੁਰਖਾਂ ਨੇ ਮੁੱਖ ਤੌਰ 'ਤੇ ਅਧਿਆਤਮਵਾਦ ਨੂੰ ਇਨ੍ਹਾਂ ਦਾ ਆਧਾਰ ਬਣਾਇਆ ਹੈ ਅਤੇ ਪੱਛਮੀ ਵਾਲਿਆਂ ਨੇ ਪਦਾਰਥਵਾਦ ਨੂੰ. ਇੱਕੋ ਮੰਤਵ ਲਈ ਯਤਨ ਵੱਖ-ਵੱਖ ਹੋਏ ਹਨ ਅਤੇ ਉਹ ਵੀ ਬਹੁਤਾ ਕਰਕੇ ਵਿਰੋਧਾਭਾਸੀ. ਪਰ ਹੁਣ ਚੰਗੀ ਗੱਲ ਇਹ ਹੈ ਕਿ ਪਿਛਲੇ ਛੇ-ਸੱਤ ਦਹਾਕਿਆਂ ਤੋਂ ਇਸ ਕੰਮ ਲਈ ਪੱਛਮੀ ਮਨੋ-ਵਿਗਿਆਨੀਆਂ ਨੇ ਪੂਰਬੀ ਮਹਾਂ-ਪੁਰਖ਼ਾਂ ਦੀਆਂ ਸਿਆਣਪਾਂ ਨੂੰ ਖੁੱਲ੍ਹੇ ਮਨ ਨਾਲ ਅਤੇ ਸਫ਼ਲਤਾ ਪੂਰਵਕ ਅਪਣਾਇਆ ਹੈ. ਅੱਜ ਉਹ ਵੀ "Finding Modern Truth in Indian Wisdom" ਦੀ ਗੱਲ ਕਰ ਰਹੇ ਹਨ. ਆਪਣੀਆਂ ਖੋਜਾਂ ਨੂੰ ਸਾਡੇ ਪਵਿੱਤਰ ਧਰਮ-ਗ੍ਰੰਥਾਂ ਦੀਆਂ ਸਿਆਣਪਾਂ ਨਾਲ ਇਕ-ਸੁਰ ਕਰ ਰਹੇ ਹਨ ਅਤੇ ਇਨ੍ਹਾਂ ਵਿਚ ਸਾਡੇ ਭਾਰਤੀ ਪਵਿੱਤਰ ਗ੍ਰੰਥ- ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ- ਸ਼ਾਮਲ ਹਨ. ਸੁਖ ਅਤੇ ਸਫ਼ਲਤਾ ਪ੍ਰਾਪਤ ਕਰਨ ਦੇ ਵਿਸ਼ੇ ਉੱਪਰ ਲਿਖੀਆਂ ਜਾ ਰਹੀਆਂ ਪ੍ਰਸਿੱਧ ਪੁਸਤਕਾਂ ਦਾ ਆਧਾਰ ਇਨ੍ਹਾਂ ਪਵਿੱਤਰ ਗ੍ਰੰਥਾਂ ਦੀਆਂ ਸੱਚਾਈਆਂ ਨੂੰ ਬਣਾਇਆ ਜਾ ਰਿਹਾ ਹੈ.

'ਮੈਡੀਟੇਸ਼ਨ' ਭਾਵ ਭਜਨ-ਸਿਮਰਨ ਦੀ ਗੱਲ ਜ਼ੋਰਾਂ 'ਤੇ ਹੈ. ਖ਼ਿਮਾ, ਸਬਰ, ਸੰਤੋਖ, ਸੰਜਮ, ਦੀਨਤਾ, ਦਇਆਲਤਾ, ਪਾਰ-ਦਰਸ਼ਤਾ, ਭਾਣਾ ਮੰਨਣ, ਈਰਖਾ ਦਾ ਤਿਆਗ ਅਤੇ ਸਰਬੱਤ ਦੇ ਭਲੇ ਦਾ ਪ੍ਰਚਾਰ ਵੱਧ ਰਿਹਾ ਹੈ ਕਿਉਂਕਿ ਇਨ੍ਹਾਂ ਸਭ ਨੂੰ ਆਤਮ-ਵਿਕਾਸ ਅਤੇ ਆਪਾ-ਸੁਧਾਰ ਰਾਹੀਂ ਖ਼ੁਸ਼ੀਆਂ ਭਰਪੂਰ ਜੀਵਨ ਲਈ ਜ਼ਰੂਰੀ ਸਮਝਿਆ ਜਾਂਦਾ ਹੈ. ਹਰ ਇਨਸਾਨ ਆਪੋ ਆਪਣੇ ਧਰਮ-ਗ੍ਰੰਥਾਂ ਦੀਆਂ ਸਿੱਖਿਆਵਾਂ 'ਤੇ ਵਿਗਿਆਨਕ ਢੰਗਾਂ ਨਾਲ ਅਤੇ ਅੱਜ ਦੀਆਂ ਪ੍ਰਸਥਤੀਆਂ ਦੇ ਪਰਿਪੇਖ 'ਚ ਅਮਲ ਕਰਕੇ ਹੈਪੀਨੈੱਸ ਪ੍ਰਾਪਤ ਕਰ ਸਕਦਾ ਹੈ. ਆਪੋ ਆਪਣੇ ਧਰਮ ਗ੍ਰੰਥਾਂ ਤੋਂ ਇਸ ਕਰਕੇ ਕਿ ਇਨ੍ਹਾਂ ਸਾਰਿਆਂ ਦਾ ਆਧਾਰ ਇੱਕੋ ਸੱਚ ਹੈ ਅਤੇ ਇਹ ਸਾਰੇ ਇੱਕੋ ਜਿਹੇ ਸਦਾਚਾਰਕ ਨਿਯਮਾਂ ਅਤੇ ਕਦਰਾਂ-ਕੀਮਤਾ ਦਾ ਪ੍ਰਚਾਰ ਕਰਦੇ ਹਨ. ਅਸੀਂ ਕਿਉਂਕਿ ਜਨਮ ਤੋਂ ਹੀ ਇਨ੍ਹਾਂ ਨਾਲ ਜੁੜੇ ਹੁੰਦੇ ਹਾਂ, ਇਸ ਲਈ ਇਨ੍ਹਾਂ ਪ੍ਰਤੀ ਸਾਡੀ ਸ਼ਰਧਾ ਹੁੰਦੀ ਹੈ ਅਤੇ ਇਨਾਂ ਵਿਚ ਸਾਡਾ ਅਥਾਹ ਵਿਸ਼ਵਾਸ ਹੁੰਦਾ ਹੈ. ਇਸੇ ਕਰਕੇ ਪੰਜਾਬੀ ਪਾਠਕਾਂ ਨੂੰ ਸੰਬੋਧਿਤ ਇਸ ਲੇਖ ਦਾ ਆਧਾਰ ਗੁਰਬਾਣੀ ਨੂੰ ਬਣਾਇਆ ਗਿਆ ਹੈ, ਨਾ ਕਿ ਇਹ ਕਿਸੇ ਇਕ ਧਰਮ ਨੂੰ ਦੂਸਰੇ ਤੋਂ ਚੰਗਾ ਸਾਬਤ ਕਰਨ ਲਈ ਨਹੀਂ.

ਗੁਰਬਾਣੀ ਵਿਚ ਸਾਨੂੰ ਦੋ ਕਿਸਮ ਦੀਆਂ ਵਿਚਾਰਧਾਰਾਵਾਂ ਮਿਲਦੀਆਂ ਹਨ. ਪਹਿਲੀ ਵਿਚਾਰਧਾਰਾ ਅਨੁਸਾਰ ਸਭ ਕੁਝ ਪ੍ਰਮਾਤਮਾ ਦੀ ਇੱਛਾ ਅਨੁਸਾਰ ਹੁੰਦਾ ਹੈ, ਇਨਸਾਨ ਦੇ ਹੱਥ-ਵਸ ਕੁਝ ਵੀ ਨਹੀਂ. ਹਰ ਮਨੁੱਖ ਪਹਿਲਾਂ ਹੀ ਨਿਰਧਾਰਤ ਕੀਤੀ ਹੋਈ ਤਕਦੀਰ ਅਨੁਸਾਰ ਜੀਵਨ ਜਿਉਂਦਾ ਹੈ, ਕਰਮ ਕਰਦਾ ਹੈ ਅਤੇ ਦੁਖ-ਸੁਖ ਭੁਗਤਦਾ ਹੋਇਆ ਇਸ ਦੁਨੀਆਂ ਤੋਂ ਚਲਾ ਜਾਂਦਾ ਹੈ. ਇਹ ਤਕਦੀਰ ਬਦਲਦੀ ਨਹੀਂ, ਕਿਉਂਕਿ ਇਹ ਕਰਮ-ਸਿਧਾਂਤ ਦੇ ਸਖ਼ਤ ਅਤੇ ਬੇ-ਲਿਹਾਜ਼ ਕਾਨੂੰਨ ਅਨੁਸਾਰ ਬਣਦੀ ਹੈ.

ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸੁ ਹੀ ਹਾਥਿ॥ (ਮਹਲਾ ਪੰਜਵਾਂ)

ਮਾਰੈ ਰਾਖੈ ਏਕੋ ਆਪਿ ਮਾਨੁਖ ਕੈ ਕਿਛੁ ਨਾਹੀ ਹਾਥਿ॥ (ਮਹਲਾ ਪੰਜਵਾਂ)

ਦੂਸਰੀ ਵਿਚਾਰਧਾਰਾ ਅਨੁਸਾਰ ਸਾਨੂੰ ਉੱਦਮ, ਕਿਰਤ ਅਤੇ ਕਰਮ ਕਰਨ ਦੀਆਂ ਸਿੱਖਿਆਵਾਂ ਦਿੱਤੀਆਂ ਜਾਂਦੀਆਂ ਹਨ. ਮਨੁੱਖੀ ਜਨਮ ਵਿਚ ਮਿਲੇ ਸੁਨਹਿਰੀ ਮੌਕਿਆਂ ਦਾ ਲਾਹਾ ਲੈਣ ਲਈ ਪ੍ਰੇਰਿਆ ਜਾਂਦਾ ਹੈ. ਆਪਣੇ ਔਗੁਣਾਂ ਅਤੇ ਵਿਕਾਰਾਂ ਦਾ ਤਿਆਗ ਕਰਨ ਦੀਆਂ ਸਿੱਖਿਆਵਾਂ ਦਿੱਤੀਆਂ ਜਾਂਦੀਆਂ ਹਨ. ਕੁਮੱਤ ਛੱਡ ਕੇ ਸੁਮੱਤ ਨੂੰ ਫੜ੍ਹਨ ਅਤੇ ਮਨ ਦੀਆਂ ਮੈਲ਼ਾਂ ਲਾਹੁਣ ਦੇ ਸਾਧਨ ਸਮਝਾਏ ਜਾਂਦੇ ਹਨ. ਗੁਣਾਂ ਵਿਚ 'ਲੋਹੇ' ਤੋਂ 'ਸੋਨਾ' ਅਤੇ ਮਨੁੱਖ ਤੋਂ ਦੇਵਤਾ ਬਣਾਉਣ ਦੇ ਭਰੋਸੇ ਦਿੱਤੇ ਜਾਂਦੇ ਹਨ. ਮਨੁੱਖ ਵਿਚ ਪ੍ਰਮਾਤਮਾ ਨਾਲ ਮਿਲਾਪ ਕਰਨ ਦੀ ਪ੍ਰਤਿਭਾ (ਫੋਟਏਨਟਅਿਲ) ਹੋਣ ਦੀ ਤਸੱਲੀ ਦਿੱਤੀ ਜਾਂਦੀ ਹੈ.

ਅਵਗੁਨ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਓ॥ (ਮਹਲਾ ਪਹਿਲਾ)

ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (ਮਹਲਾ ਪਹਿਲਾ)

ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸ ਮੇਲ ਮਿਲਾਇ॥ (ਮਹਲਾ ਤੀਜਾ)

ਇਨ੍ਹਾਂ ਗੱਲਾਂ ਤੋਂ ਪ੍ਰਤੱਖ ਹੈ ਕਿ ਮਹਾਂ-ਪੁਰਖ਼ ਸਾਨੂੰ ਇਹ ਸਚਾਈ ਸਮਝਾ ਰਹੇ ਹਨ ਕਿ ਇਨਸਾਨ ਬਹੁਤ ਕੁਝ ਕਰ ਸਕਣ ਦੇ ਸਮਰੱਥ ਹੈ. ਇਸ ਦੇ ਨਾਲ ਹੀ ਉਹ ਇਹ ਸੱਭ ਕਰਨ ਦੀ ਪ੍ਰੇਰਨਾ ਵੀ ਕਰਦੇ ਹਨ ਅਤੇ ਸਖ਼ਤ ਹਦਾਇਤ ਵੀ. ਸਾਨੂੰ ਇਹ ਦੋਵੇਂ ਵਿਚਾਰਧਾਰਾਵਾਂ ਭਾਵੇਂ ਪ੍ਰਸਪਰ ਵਿਰੋਧੀ ਲੱਗਦੀਆਂ ਹਨ ਪਰ ਇਹ ਦੋਵੇਂ ਗੱਲਾਂ ਪੂਰਨ ਮਹਾਂ-ਪੁਰਖ਼ਾਂ ਵੱਲੋਂ ਦਰਸਾਈਆਂ ਗਈਆਂ ਹਨ. ਇਸ ਲਈ ਇਹ ਗੱਲ ਪੂਰੇ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਇਨ੍ਹਾਂ ਦੀ ਓਪਰੀ ਵਿਰੋਧਤਾ ਦੇ ਪਿੱਛੇ ਛੁਪੀ ਹੋਈ ਸਹਿਹੋਂਦ (Co-existence) ਇਸ ਸਚਾਈ ਦਾ ਸਬੂਤ ਹੈ ਕਿ ਸਾਡੀ ਤਕਦੀਰ ਅਤੇ ਸਾਡੀਆਂ ਕੋਸ਼ਿਸ਼ਾਂ ਦਾ ਆਪਸ ਵਿਚ ਅਟੁੱਟ ਸਬੰਧ ਹੈ. ਦੋਵੇਂ ਇਕ ਦੂਜੀ ਦੀਆਂ ਪੂਰਕ (Complementary) ਹਨ ਅਤੇ ਸਾਡੇ ਜੀਵਨ 'ਤੇ ਨਾਲ਼ੋ-ਨਾਲ਼ ਲਾਗੂ ਹੁੰਦੀਆਂ ਹਨ. ਕੁਦਰਤ ਦੇ ਇਸ ਵਰਤਾਰੇ ਕਰਕੇ ਸਾਡੇ ਜੀਵਨ ਦੀਆਂ ਘਟਨਾਵਾਂ ਦੋ ਪ੍ਰਕਾਰ ਦੀਆਂ ਹਨ: ਕਿਵੇਂ? ਦਲੀਲਾਂ ਦੇਣ ਦੀ ਲੋੜ ਹੈ.

ਗੁਰਬਾਣੀ ਦੀਆਂ ਇਹ ਸਚਾਈਆਂ ਹੁਣ ਮਨੋ-ਵਿਗਿਆਨੀਆਂ ਨੂੰ ਵੀ ਸਮਝ ਆ ਚੁੱਕੀਆਂ ਹਨ. ਸੰਸਾਰ-ਪ੍ਰਸਿੱਧ ਮਨੋ-ਵਿਗਿਆਨੀ ਡਾ। ਮਾਰਟਿਨ ਸੈਲਿਗਮੈਨ ਨੇ 2000 ਦੇ ਨੇੜੇ ਸਕਾਰਾਤਮਿਕ ਮਨੋਵਿਗਿਆਨ (Positive Psychology) ਦੀ ਖੋਜ ਕੀਤੀ ਜਿਹੜੀ ਕਿ ਇਸ ਵਿਸ਼ੇ ਦੀ ਸੱਜਰੀ ਅਤੇ ਮਨੋਵਿਗਿਆਨ ਦੀ ਬਹੁਤ ਪ੍ਰਸਿੱਧ ਖੋਜ ਹੈ. ਉਸ ਨੇ ਅਤੇ ਉਸ ਦੀ ਟੀਮ ਨੇ ਮਨੁੱਖੀ ਖ਼ੁਸ਼ੀ ਦਾ ਅੱਗੇ ਲਿਖਿਆ ਇਕ ਫ਼ਾਰਮੂਲਾ ਬਣਾਇਆ ਹੈ ਜੋ ਬੜਾ ਪ੍ਰਚੱਲਤ ਹੋਇਆ ਹੈ।

ਇਹ ਫ਼ਾਰਮੂਲਾ ਇਸ ਪ੍ਰਕਾਰ ਹੈ:

ਖ਼ੁਸ਼ੀ = (ਸੈੱਟ ਪੁਆਇੰਟ + ਜ਼ਿੰਦਗੀ ਦੇ ਹਾਲਾਤ) + ਸਵੈ-ਯਤਨ

Happiness = (Set Point + Conditions of Life) + Self Efferts

ਇਸ ਫਾਰਮੂਲੇ ਅਨੁਸਾਰ ਸਾਡੀ ਖੁਸ਼ੀ ਤਿੰਨ ਗੱਲਾਂ ਦਾ ਸੁਮੇਲ ਹੈ. ਸਾਡੇ ਜੀਵਨ ਦਾ ਸੈੱਟ ਪੁਆਇੰਟ, ਸਾਡੇ ਜੀਵਨ ਦੇ ਹਾਲਾਤ ਅਤੇ ਸਾਡੀਆਂ ਕੋਸ਼ਿਸ਼ਾਂ. ਸੈੱਟ ਪੁਆਇੰਟ ਸਾਡੀਆਂ ਖੁਸ਼ੀਆਂ ਦੇ ਪੈਮਾਨੇ ਦਾ ਇਕ ਪੱਧਰ ਹੈ ਜੋ ਸਾਡੇ ਕੱਦ ਵਾਂਗ ਕੁਦਰਤ ਵੱਲੋਂ ਪਹਿਲਾਂ ਹੀ ਨਿਸਚਿਤ ਹੈ, ਜਿਵੇਂ ਕਿ ਕਿਸੇ ਨੇ ਸੁਭਾਅ ਪੱਖੋਂ ਆਮ ਕਰਕੇ ਖੁਸ਼ ਰਹਿਣਾ ਹੈ ਅਤੇ ਕਿਸੇ ਨੇ ਦੁਖੀ. ਦੂਜੇ ਨੰਬਰ 'ਤੇ ਸਾਡੇ ਜ਼ਿੰਦਗੀ ਦੇ ਹਾਲਾਤ ਹਨ, ਜਿਵੇਂ ਕਿ ਸਾਡਾ ਦੇਸ਼, ਧਰਮ, ਮਾਤਾ-ਪਿਤਾ, ਬੁੱਧੀ ਆਦਿ. ਇਹ ਦੋਵੇਂ ਚੀਜ਼ਾਂ ਬਦਲਦੀਆਂ ਨਹੀਂ.

ਤੀਜੇ ਨੰਬਰ 'ਤੇ ਸਾਡੀਆਂ ਕੋਸ਼ਿਸ਼ਾਂ-ਉਪਰਾਲੇ ਹਨ ਜੋ ਅਸੀਂ ਆਪਣੀ ਇੱਛਾ-ਸ਼ਕਤੀ, ਸਿਰੜ ਅਤੇ ਵਿਧੀਵੱਤ ਢੰਗਾਂ ਨਾਲ ਮਿਹਨਤ ਕਰਕੇ ਬਦਲ ਸਕਣ ਦੀ ਸਮਰੱਥਾ ਰੱਖਦੇ ਹਾਂ. ਮਨੋਵਿਗਿਆਨੀਆਂ ਦੀ ਇਸੇ ਟੀਮ ਦੀ ਇਸ ਸਬੰਧ ਵਿਚ ਇਕ ਹੋਰ ਦਿਲਚਸਪ ਅਤੇ ਅਮਲੀ ਤੌਰ 'ਤੇ ਲਾਹੇਵੰਦ ਖੋਜ ਹੈ. ਅਸੀਂ ਆਪਣੀ ਸ਼ਖ਼ਸੀਅਤ ਦੇ ਸੈੱਟ ਪੁਆਇੰਟ ਅਤੇ ਜ਼ਿੰਦਗੀ ਦੇ ਹਾਲਾਤਾਂ ਤੋਂ ਬਹੁਤੇ ਦੁਖੀ ਇਸ ਕਰਕੇ ਨਹੀਂ ਹੁੰਦੇ ਕਿਉਂਕਿ ਮਨੁੱਖੀ ਸੁਭਾਅ ਕਰਕੇ ਅਸੀਂ ਇਨ੍ਹਾਂ ਨਾਲ ਸਮਝੌਤਾ ਕਰ ਲੈਂਦੇ ਹਾਂ. ਅਸੀਂ ਆਪਣੇ ਕੱਦ-ਬੁੱਤ, ਮਾਤਾ-ਪਿਤਾ, ਦੇਸ਼, ਧਰਮ ਅਤੇ ਸੁਭਾਅ ਨੂੰ ਛੇਤੀ ਸਵੀਕਾਰ ਕਰਕੇ ਆਪਣੇ ਜੀਵਨ ਨੂੰ ਉਨ੍ਹਾਂ ਦੇ ਅਨੁਸਾਰ ਢਾਲ਼ ਲੈਂਦੇ ਹਾਂ. ਪਰ ਬਦਲ ਸਕਣ-ਯੋਗ ਸਥਿਤੀਆਂ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਨਾ ਕਰਨਾ ਸਾਡੀ ਖ਼ੁਸ਼ੀ 'ਚ ਵੱਡੀ ਰੁਕਾਵਟ ਅਤੇ ਸਾਡੇ ਝੋਰੇ-ਪਛਤਾਵਿਆਂ ਦਾ ਮੁੱਖ ਕਾਰਨ ਬਣਦਾ ਹੈ. ਇਸ ਖੋਜ ਤੋਂ ਸਾਬਤ ਹੋ ਜਾਂਦਾ ਹੈ ਕਿ ਸਾਡੀਆਂ ਜੁਗਤਾਂ ਨਾਲ ਕੀਤੀਆਂ ਸੁਹਿਰਦ ਕੋਸ਼ਿਸ਼ਾਂ-ਤਦਬੀਰਾਂ ਸਾਡੇ ਜੀਵਨ ਨੂੰ ਸੁਖਮਈ ਬਣਾਉਣ ਵਿਚ ਮਦਦਗਾਰ ਸਾਬਤ ਹੁੰਦੀਆਂ ਹਨ. ਸਪੱਸ਼ਟ ਹੈ ਕਿ ਹਰ ਕੋਈ ਆਪਣੇ ਔਗੁਣਾਂ-ਵਿਕਾਰਾਂ ਅਤੇ ਮੰਦੀਆਂ ਆਦਤਾਂ ਨੂੰ ਛੱਡ ਕੇ ਆਪਣੇ ਦ੍ਰਿੜ੍ਹ ਇਰਾਦੇ ਅਤੇ ਸੁਚੇਤ ਕੋਸ਼ਿਸ਼ਾਂ ਨਾਲ ਚੰਗੇ ਗੁਣ ਗ੍ਰਹਿਣ ਕਰਨ ਅਤੇ ਚੰਗੀਆਂ ਆਦਤਾਂ ਪਾ ਸਕਣ ਦੇ ਸਮਰੱਥ ਹੈ. ਏਸੇ ਕਰਕੇ ਹੀ ਅੱਜ ਦੁਨੀਆਂ ਦੀਆਂ ਸਭ ਤੋਂ ਵੱਧ ਹਰਮਨ-ਪਿਆਰੀਆਂ ਅਤੇ ਸੱਭ ਤੋਂ ਵੱਧ ਵਿਕਣ ਵਾਲੀਆਂ ਕਿਤਾਬਾਂ ਵਿਚ ਆਤਮ-ਸੁਧਾਰ ਅਤੇ ਆਪਾ-ਵਿਕਾਸ ਦੀਆਂ ਕਿਤਾਬਾਂ ਪਹਿਲੇ ਨੰਬਰ 'ਤੇ ਹਨ. ਸਟੀਫ਼ਨ ਕਵੀ ਦੀ 'ਸੈਵਨ ਹੈਬਿਟਸ ਆਫ਼ ਹਾਈਲੀ ਇਫ਼ੈੱਕਟਿਵ ਪੀਪਲ' ਨਾਂ ਦੀ ਪੁਸਤਕ ਪਿਛਲੇ 30 ਸਾਲਾਂ ਵਿਚ ਚਾਰ ਕਰੋੜ ਤੋਂ ਵੱਧ ਵਿਕ ਚੁੱਕੀ ਹੈ. ਡੇਲ ਕਾਰਨੇਗੀ ਦੀ ਇਕ ਕਿਤਾਬ 'ਹਾਊ ਟੂ ਵਿੱਨ ਫ਼ਰੈਂਡਜ਼ ਐਂਡ ਇਨਫ਼ਲਊਐਂਸ ਪੀਪਲ' ਪਿਛਲੇ 85 ਸਾਲਾਂ ਤੋਂ 'ਬੈੱਸਟ ਸੈੱਲਰ' ਬਣੀ ਹੋਈ ਹੈ. 2018 ਵਿਚ ਛਪੀ ਜੇਮਜ਼ ਕਲੀਅਰ ਦੀ ਪੁਸਤਕ 'ਐਟੌਮਿਕ ਹੈਬਿਟਸ' ਦੀਆਂ 10 ਲੱਖ ਤੋਂ ਵਧੇਰੇ ਕਾਪੀਆਂ ਵਿਕ ਚੁੱਕੀਆਂ ਹਨ. ਇਹ ਤਾਂ ਹੀ ਸੰਭਵ ਹੋ ਸਕਿਆ ਹੈ ਜੇਕਰ ਕੁਦਰਤ ਨੇ ਇਨਸਾਨ ਨੂੰ ਆਪਣੀ ਕਾਇਆ-ਕਲਪ ਕਰਨ ਦੀ ਸਮਰੱਥਾ ਬਖ਼ਸ਼ੀ ਹੈ.

ਹਰ ਇਕ ਦੇ ਮਨ ਅੰਦਰ ਸੋਧੀਆਂ ਜਾਂਗਲੀ ਬਿਰਤੀਆਂ ਨੂੰ ਉਕਸਾਉਣ ਵਿੱਚ ਵੀ ਸਮਾਜਿਕ, ਰਾਜਨੀਤਿਕ, ਧਾਰਮਿਕ ਆਦਿ ਸਥਿਤੀਆਂ ਦਾ ਵੱਡਾ ਹੱਥ ਹੈ। ਲੇਖ ਵਿੱਚ ਧਰਮਾਂ ਦੀ ਸਿੱਖਿਆ ਤੋਂ ਸੇਧ ਲੈਣ ਨੂੰ ਲੇਖ ਦੀ ਚੂਲ ਕਹਿ ਸਕਦੇ ਹਾਂ। ਸਵਾਲ ਇਹ ਉਠਦਾ ਹੈ ਕਿ ਇਤਨਾ ਧਾਰਮਕ ਪ੍ਰਚਾਰ ਹੋਣ ਤੇ ਵੀ ਸੁਧਾਰ ਦੀ ਥਾਂ ਵਿਗਾੜ ਕਿਓਂ ਵਧ ਰਿਹਾ ਹੈ?

ਇੱਥੇ ਕੁਦਰਤ ਦੇ ਇਸ ਨਿਯਮ ਨੂੰ ਸਮਝਣਾ ਜ਼ਰੂਰੀ ਹੈ ਕਿ ਪ੍ਰਮਾਤਮਾ ਨੇ ਸਾਡੇ ਵਿਚ ਸਮਰੱਥਾ ਅਤੇ ਯੋਗਤਾ ਪਾਉਣੀ ਹੈ. ਉਸ ਦਾ ਸਦ-ਉਪਯੋਗ ਅਤੇ ਵਿਕਾਸ ਅਸੀਂ ਆਪ ਕਰਨਾ ਹੈ. ਇਸ ਦੇ ਨਾਲ ਅਸੀਂ ਇਹ ਵੀ ਸਮਝਣਾ ਹੈ ਕਿ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਨੂੰ ਅਸੀਂ ਬਦਲ ਨਹੀਂ ਸਕਦੇ ਅਤੇ ਕਿਹੜੀਆਂ ਬਦਲਣਯੋਗ ਹਨ. ਇਨ੍ਹਾਂ ਦੇ ਆਪਸੀ ਫ਼ਰਕ ਨੂੰ ਸਮਝਣ ਲਈ ਆਪਣੀ ਬੁੱਧੀ ਤੇ ਵਿਵੇਕ ਨੂੰ ਵੀ ਵਰਤਣਾ ਹੈ ਅਤੇ ਮਹਾਂ-ਪੁਰਖ਼ਾਂ ਦੀਆਂ ਸਿੱਖਿਆਵਾਂ ਤੋਂ ਵੀ ਸੇਧ ਲੈਣੀ ਹੈ. ਇਸ ਸਬੰਧ ਵਿਚ ਈਸਾਈ ਧਰਮ ਦੀ ਇਕ ਬਹੁਤ ਹੀ ਵਧੀਆ ਅਰਦਾਸ ਹੈ ਜਿਹੜੀ ਕਿ "ਸਿਰੈਨਿਟੀ ਪਰੇਅਰ" (ੰਇਰਏਨਟਿ ਫਰਅਏਰ) ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਇਹ ਇਸ ਤਰ੍ਹਾਂ ਹੈ:

"God! Grant us the serenity to accept the things we cannot change,
The courage to change the things we can,
and the wisdom to know the difference."

ਇਸ ਦਾ ਖੁੱਲ੍ਹਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ:

"ਸੱਚੇ ਪਾਤਸ਼ਾਹ! ਸਾਨੂੰ ਹਰ ਉਸ ਸਥਿਤੀ ਨੂੰ ਜਰਨ ਦੀ ਸਹਿਣਸ਼ੀਲਤਾ ਬਖ਼ਸ਼ ਜਿਸ ਨੂੰ ਅਸੀਂ ਬਦਲ ਨਹੀਂ ਸਕਦੇ ਪਰ ਜਿਸ ਸਥਿਤੀ ਨੂੰ ਅਸੀਂ ਬਦਲ ਸਕਦੇ ਹਾਂ, ਉਸ ਨੂੰ ਬਦਲ ਸਕਣ ਦਾ ਹੌਸਲਾ ਅਤੇ ਬਲ ਬਖ਼ਸ਼, ਅਤੇ ਨਾਲ ਹੀ ਦੋਹਾਂ ਕਿਸਮ ਦੀਆਂ ਸਥਿਤੀਆਂ ਵਿਚ ਫ਼ਰਕ ਸਮਝਣ ਦੀ ਸੁਮੱਤ ਵੀ."

ਸਾਡੀ ਸਿਆਣਪ ਪਹਿਲੀ ਕਿਸਮ ਦੀਆਂ ਸਥਿਤੀਆਂ ਨੂੰ ਸਵੀਕਾਰਨ ਅਤੇ ਦੂਸਰੀ ਕਿਸਮ ਦੀਆਂ ਨੂੰ ਸੁਧਾਰਨ ਵਿਚ ਹੈ. ਇੱਥੇ ਇਹ ਵੀ ਵਰਨਣਯੋਗ ਹੈ ਕਿ ਦਿਮਾਗ਼ ਬਾਰੇ ਹੋਈਆਂ ਤਾਜ਼ੀਆਂ ਖੋਜਾਂ ਅਨੁਸਾਰ ਸੁਚੇਤ ਅਤੇ ਵਿੱਧੀਵੱਤ ਕੋਸ਼ਿਸ਼ਾਂ ਨਾਲ ਅਸੀਂ ਆਪਣੇ ਦਿਮਾਗ਼ ਦੀ ਅੰਦਰੂਨੀ ਬਣਤਰ ਨੂੰ ਬਦਲ ਸਕਦੇ ਹਾਂ. ਇਸ ਦੇ ਨਿਊਰਲ ਕੁਨੈੱਕਸ਼ਨਾਂ ਅਤੇ ਰਸਤਿਆਂ (Neural Connections and Ways) ਅਰਥਾਤ 'ਸਾਇਨੈਪਸਿਜ਼' (Synapses) ਨੂੰ ਬਦਲ ਸਕਦੇ ਹਾਂ. ਪਰ ਇਹ ਸਭ ਪੜ੍ਹਨ-ਪੜ੍ਹਾਉਣ ਜਾਂ ਕੇਵਲ ਗਿਆਨ ਹਾਸਲ ਕਰਨ ਨਾਲ ਹੀ ਨਹੀਂ ਹੁੰਦਾ. ਮਨੋਵਿਗਿਆਨੀ ਦੱਸਦੇ ਹਨ ਕਿ ਇਸ ਦੇ ਲਈ ਸਰੀਰਕ ਮਿਹਨਤ, ਹਰ ਤਰ੍ਹਾਂ ਦੀ ਕਸਰਤ ਅਤੇ ਮੈਡੀਟੇਸ਼ਨ ਸਭ ਤੋਂ ਵੱਧ ਅਸਰਦਾਰ ਢੰਗ ਹਨ.

ਇਸ ਸਾਰੇ ਵਿਚਾਰ ਤੋਂ ਅਸੀਂ ਸਮਝ ਸਕਦੇ ਹਾਂ ਕਿ ਸਾਡਾ ਜੀਵਨ ਭਾਵੇਂ ਮੁੱਖ ਤੌਰ 'ਤੇ ਸਾਡੀ ਤਕਦੀਰ ਦਾ ਸੌਦਾ ਹੈ ਪਰ ਇਸ ਵਿਚ ਸਾਡੀਆਂ ਕੋਸ਼ਿਸ਼ਾਂ, ਮਿਹਨਤ ਅਤੇ ਤਦਬੀਰਾਂ ਚੂਲ਼ ਤੇ ਚਾਲਕ ਦਾ ਕੰਮ ਕਰਦੀਆਂ ਹਨ ਅਤੇ ਚੂਲ਼ ਤੇ ਚਾਲਕ ਦੀ ਮਹੱਤਤਾ ਅਸੀਂ ਸਾਰੇ ਸਮਝਦੇ ਹਾਂ. ਇਸ ਲਈ ਸੁਖਮਈ, ਖ਼ੁਸ਼ੀਆਂ ਭਰਪੂਰ ਅਤੇ ਸਫ਼ਲ ਜੀਵਨ ਦੀ ਪ੍ਰਾਪਤੀ ਸਾਡੀ 'ਤਕਦੀਰ ਜਾਂ ਤਦਬੀਰ' ਵਿੱਚੋਂ ਕੋਈ ਇੱਕ ਨਹੀਂ, ਬਲਕਿ ਇਹ ਸਾਡੀ 'ਤਕਦੀਰ ਅਤੇ ਤਦਬੀਰ' ਦਾ ਸੁਮੇਲ ਹੈ ਅਤੇ ਅਸੀਂ ਦੋਹਾਂ ਦੇ ਭਰਵਾਬ ਦਾਇਰੇ ਨੂੰ ਸਮਝ ਕੇ ਇਨ੍ਹਾਂ ਦੋਹਾਂ 'ਚ ਸੁਹਾਵਣਾ ਅਸਰਦਾਰ ਸੁਮੇਲ ਬਣਾਉਣ ਦੀ ਕੋਸ਼ਿਸ਼ ਕਰਨੀ ਹੈ.

(ਸਹਿਯੋਗੀ:ਡਾ. ਸੁਖਦੇਵ ਸਿੰਘ ਝੰਡ, ਫੋਨ:647-567-9128)


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥


- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਨ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com 647-739-4641
satsahibusa@gmail.com 346-714-0224



# ਖ਼ਬਰਾਂ ਪੰਜਾਬ ਦੀਆਂ



## ਕੋਵਿਡ ਹਦਾਇਤਾਂ ਨਾ ਮੰਨਣ ਉਤੇ ਡਾਕਟਰੀ ਵਿਭਾਗ ਵਿੱਚੋਂ 350 ਵਿਦਿਆਰਥੀ ਸਸਪੈਂਡ



ਪਟਿਆਲਾ, 10 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਜਾਰੀ ਕੋਵਿਡ 19 ਦੀਆਂ ਹਦਾਇਤਾਂ ਦੀ ਪਾਲਣਾ ਨਾ ਕਰਨ ਉੱਤੇ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਨੇ 350 ਵਿਦਿਆਰਥੀਆਂ ਨੂੰ ਸਸਪੈਂਡ ਕਰ ਦਿੱਤਾ ਹੈ। ਇਸ ਦੀ ਸੂਚਨਾ ਮਿਲਦਿਆਂ ਸਾਰ ਵਿਦਿਆਰਥੀਆਂ ਨੇ ਪ੍ਰਿੰਸੀਪਲ ਡਾਕਟਰ ਰਾਜਨ ਸਿੰਗਲਾ ਨੂੰ ਲਿਖਤੀ ਮੁਆਫੀਨਾਮਾ ਦਿੱਤਾ, ਪਰ ਪ੍ਰਬੰਧਕਾਂ ਨੇ ਸਸਪੈਂਸ਼ਨਰੱਦ ਕਰ ਕੇ ਵਿਦਿਆਰਥੀਆਂ ਦੀ ਬਹਾਲੀ ਲਈ ਲਿਖਤੀ ਪੱਤਰ ਜਾਰੀ ਕਰ ਦਿੱਤਾ ਹੈ। ਇਸ ਦੀ ਪੁਸ਼ਟੀ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾਕਟਰ ਰਾਜਨ ਸਿੰਗਲਾ ਨੇ ਦੱਸਿਆ ਕਿ ਬੀਤੇ ਦਿਨ ਕੋਰੋਨਾ ਮਹਾਮਾਰੀ ਤੋਂ ਬਚਾਅ ਬਾਰੇ ਵਿਦਿਆਰਥੀਆਂ ਲਈ ਪ੍ਰੋਗਰਾਮ ਕਰਵਾਇਆ ਗਿਆ ਸੀ। ਇਸ ਸਬੰਧ ਵਿੱਚ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਕ 800 ਵਿਦਿਆਰਥੀਆਂ ਵਿੱਚੋਂ ਸਿਰਫ 225 ਦੇ ਕਰੀਬ ਵਿਦਿਆਰਥੀਆਂ ਦੀ ਹਾਜ਼ਰੀ ਲਾਜ਼ਮੀ ਕੀਤੀ ਗਈ ਸੀ, ਪਰ ਪ੍ਰੋਗਰਾਮ ਵਿੱਚ ਸਿਰਫ 10 ਤੋਂ 12 ਵਿਦਿਆਰਥੀ ਸ਼ਾਮਲ ਹੋਣ ਪੁੱਜੇ ਸਨ। ਇੰਨੀ ਘੱਟ ਗਿਣਤੀ ਵਿੱਚ ਵਿਦਿਆਰਥੀਆਂ ਦੇ ਪੁੱਜਣ ਉਤੇ ਪ੍ਰਸ਼ਾਸਨ ਨੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਸਨ, ਪਰ ਕਿਸੇ ਵੀ ਵਿਦਿਆਰਥੀ ਤੋਂ ਤਸੱਲੀਬਖਸ਼ ਜਵਾਬ ਨਾ ਮਿਲਣ ਉੱਤੇ ਇਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਸੀ। ਇਸ ਬਾਰੇ ਵਿਦਿਆਰਥੀਆਂ ਨੇ ਆਪਣੀ ਗਲਤੀ ਲਿਖਤੀ ਰੂਪ ਵਿੱਚ ਮੰਨ ਲਈ ਤੇ ਭਵਿੱਖ ਵਿੱਚ ਨਾ ਦੁਹਰਾਉਣ ਦੀ ਗੱਲ ਆਖੀ ਹੈ। ਇਸ ਨਾਲ ਸਹਿਮਤ ਹੁੰਦਿਆਂ ਵਿਦਿਆਰਥੀਆਂ ਦੀ ਬਹਾਲੀ ਲਈ ਲਿਖਤੀ ਪੱਤਰ ਜਾਰੀ ਕਰ ਦਿੱਤਾ ਹੈ ਤਾਂ ਕਿ ਉਹ ਆਪਣੀਆਂ ਜਮਾਤਾਂ ਤੇ ਪ੍ਰੀਖਿਆਵਾਂ ਦੀਆਂ ਤਿਆਰੀਆਂ 'ਤੇ ਬਣਦਾ ਧਿਆਨ ਦੇ ਸਕਣ।

## ਜਲੰਧਰ-ਰੋਹਤਕ ਹਾਈਵੇ ਵਿੱਚ 10 ਅਰਬ ਦੇ ਜ਼ਮੀਨੀ ਘੋਟਾਲੇ ਦਾ ਕੇਸ ਦਾਇਰ

ਮੋਗਾ, 10 ਦਸੰਬਰ (ਪੋਸਟ ਬਿਊਰੋ)- ਜਲੰਧਰ-ਰੋਹਤਕ ਨੈਸ਼ਨਲ ਹਾਈਵੇ ਨੰਬਰ 71 ਦੀ ਜ਼ਮੀਨ ਐਕਵਾਇਰ ਕਰਨ ਦੇ ਕੇਸ ਵਿੱਚ ਮੋਗਾ ਜ਼ਿਲ੍ਹੇ ਵਿੱਚ ਕਰੀਬ 10 ਅਰਬ ਰੁਪਏ ਦਾ ਘਪਲਾ ਹੋਇਆ ਸੀ।

ਧਰਮਕੋਟ ਹਲਕੇ ਤੋਂ ਹੋ ਕੇ ਲੰਘਣ ਵਾਲੇ ਇਸ ਹਾਈਵੇ ਲਈਕੰਮ ਸਾਲ 2015 ਵਿੱਚ ਸ਼ੁਰੂ ਹੋਇਆ ਸੀ। ਇਸ ਬਾਰੇ ਖਪਤਕਾਰ ਅਧਿਕਾਰ ਆਰਗੇਨਾਈਜ਼ੇਸ਼ਨ ਦੇ ਸੂਬਾ ਪ੍ਰਧਾਨ ਪੰਕਜ ਸੂਦ ਅਤੇ ਲੁਧਿਆਣਾ ਦੇ ਵਸਨੀਕ ਕਿਸਾਨ ਕਾਰਜ ਸਿੰਘ ਕਾਲਾ ਨੇ ਐਡੀਸ਼ਨਲ ਸਿਵਲ ਜੱਜ ਦਲਜੀਤ ਕੌਰ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਹੈ। ਇਸ ਵਿੱਚ ਐਸ ਡੀ ਐਮ ਮੋਹਾਲੀ ਗੁਰਵਿੰਦਰ ਸਿੰਘ ਜੌਹਲ, ਏ ਡੀ ਸੀ ਖੰਨਾ ਵਜੋਂ ਸੇਵਾਮੁਕਤ ਹੋਏ ਜਸਪਾਲ ਸਿੰਘ ਅਤੇ ਬਾਘਾਪੁਰਾਣਾ ਦੇ ਤਹਿਸੀਲਦਾਰ ਗੁਰਮੀਤ ਸਿੰਘ ਸਮੇਤ 18 ਲੋਕਾਂ ਨੂੰ ਪਾਰਟੀ ਬਣਾਇਆ ਗਿਆ ਹੈ। ਕੇਸ ਦੀ ਸੁਣਵਾਈ 22 ਫਰਵਰੀ 2021 ਨੂੰ ਹੋਵੇਗੀ। ਇਸ ਘਪਲੇ ਦੀ ਜਾਂਚ ਕਰ ਰਹੇ ਵਿਜੀਲੈਂਸ ਦੇ ਈ ਓ ਵਿੰਗ ਦੀ ਭੂਮਿਕਾ 'ਤੇ ਸਵਾਲ ਉਠਾਉਂਦੇ ਰਹੇ ਹਨ। ਕੋਰਟ ਵਿੱਚ ਦਾਇਰ ਕੀਤੇ ਇਸਤਗਾਸਾ ਅਨੁਸਾਰ ਜਲੰਧਰ-ਨੈਸ਼ਨਲ ਹਾਈਵੇ ਨੰਬਰ 71 ਦਾ ਨੋਟੀਫਿਕੇਸ਼ਨ ਜਾਰੀ ਹੋਣ 'ਤੇ ਓਦੋਂ ਦੇ ਅਧਿਕਾਰੀਆਂ ਨੇ ਮਿਲੀਭੁਗਤ ਕਰ ਕੇ



ਮੁਆਵਜ਼ੇ ਜਾਰੀ ਕਰਨ ਵਿੱਚ ਸਰਕਾਰ ਨੂੰ ਕਰੀਬ 10 ਅਰਬ ਰੁਪਏ ਦਾ ਚੂਨਾ ਲਾਇਆ ਹੈ। ਲੈਂਡ-ਮਾਫੀਆ ਨਾਲ ਗੰਢ-ਤੁੱਪ ਕਰ ਕੇ ਖੇਤੀ ਯੋਗ ਜ਼ਮੀਨ ਨੂੰ ਸਸਤੇ ਰੇਟ ਵਿੱਚ ਪਹਿਲਾਂ ਖਰੀਦ ਲਿਆ ਅਤੇ ਬਾਅਦ ਵਿੱਚ ਰਿਕਾਰਡ ਵਿੱਚ ਉਸ ਨੂੰ ਕਾਰੋਬਾਰੀ ਦਿਖਾ ਕੇ ਕਰੋੜਾਂ ਰੁਪਏ ਮੁਆਵਜ਼ਾ ਦਿਵਾ ਦਿੱਤਾ। ਇਸ ਜ਼ਿਲ੍ਹੇ ਦੇ ਇੱਕ ਭੱਠਾ ਮਾਲਕ ਨੇ ਖੇਤੀ ਜ਼ਮੀਨ ਨੂੰ ਕਾਗਜ਼ਾਂ ਵਿੱਚ ਪੋਲਟਰੀ ਫਾਰਮ ਦੱਸਕੇ 12 ਕਰੋੜ ਰੁਪਏ ਮੁਆਵਜ਼ਾ ਲੈ ਲਿਆ ਸੀ। ਓਦੋਂ ਦੇ ਨਾਇਬ ਤਹਿਸੀਲਦਾਰ ਦੀ ਪਤਨੀ ਦੇ ਬੈਂਕ ਖਾਤੇ ਵਿੱਚ ਓਦੋਂ 1.36 ਕਰੋੜ ਰੁਪਏ ਟਰਾਂਸਫਰਹੋਏ ਸਨ। ਨਾਇਬ ਤਹਿਸੀਲਦਾਰ ਦੇ ਖਿਲਾਫ ਵਿਜੀਲੈਂਸ ਨੇ ਜਾਂਚ ਸ਼ੁਰੂ ਕੀਤੀ ਸੀ, ਜੋ ਅੱਜ ਵੀ ਵਿਜੀਲੈਂਸ ਦੇ ਈ ਓ ਵਿੰਗ ਲੁਧਿਆਣਾ ਵਿੱਚ ਚੱਲ ਰਹੀ ਹੈ ਅਤੇ ਪੰਜ ਸਾਲ ਵਿੱਚ ਪੰਜ ਕਦਮ ਵੀ ਨਹੀਂ ਵਧ ਸਕੀ। ਇਸ ਦੌਰਾਨ ਹੀ ਨਾਇਬ ਤਹਿਸੀਲਦਾਰ ਨੂੰ ਤਰੱਕੀ ਦੇ ਕੇ ਮੋਗਾ ਜ਼ਿਲ੍ਹੇ ਵਿੱਚ ਹੀ ਤਹਿਸੀਲਦਾਰ ਬਣਾ ਦਿੱਤਾ ਗਿਆ।

## 158 ਕਰੋੜ ਦੇ ਬੋਗਸ ਬਿਲਿੰਗ ਕੇਸ ਵਿੱਚ 2 ਹੋਰ ਗ੍ਰਿਫ਼ਤਾਰੀਆਂ

ਲੁਧਿਆਣਾ, 10 ਦਸੰਬਰ (ਪੋਸਟ ਬਿਊਰੋ)- ਕਰੀਬ 158 ਕਰੋੜ ਰੁਪਏ ਦੇ ਬੋਗਸ ਬਿਲਿੰਗ ਕੇਸ ਵਿੱਚ ਨਵੀਂ ਅਪਡੇਟ ਮੁਤਾਬਕ ਸੈਂਟਰਲ ਗੁਡਸ ਐਂਡ ਸਰਵਿਸ ਕਮਿਸ਼ਨਰੇਟ ਲੁਧਿਆਣਾ ਨੇ ਇੱਕ ਔਰਤ ਸ਼੍ਰੇਆ ਅਤੇ ਵਰਕਰ ਤਰੁਣ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਹਾਈ ਪ੍ਰੋਫਾਈਲ ਕੇਸ ਵਿੱਚ ਅੱਜ ਤੱਕ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਹ ਸੀ ਜੀ ਐਸ ਟੀ ਐਕਟਹੇਠ ਲੁਧਿਆਣਾ ਵਿੱਚ ਕਿਸੇ ਔਰਤ ਦੀ ਪਹਿਲੀ ਗ੍ਰਿਫ਼ਤਾਰੀ ਹੈ।



ਕੱਲ੍ਹ ਜਾਣਕਾਰੀ ਮਿਲੀ ਸੀ ਕਿ ਇਸ ਫਰਜ਼ੀ ਬਿਲਿੰਗ ਕੇਸ ਵਿੱਚ ਕੁਝ ਲੋਕਾਂ ਨੂੰ ਸੀ ਜੀ ਐਸ ਟੀ ਨੇ ਪੁੱਛਗਿੱਛ ਦੇ ਲਈ ਬੁਲਾਇਆ ਹੈ ਅਤੇ ਗ੍ਰਿਫ਼ਤਾਰ ਕੀਤੇ ਇਹ ਦੋਵੇਂ ਵਿਅਕਤੀ ਪੁੱਛਗਿੱਛ ਲਈ ਸੱਦੇ ਗਏ ਲੋਕਾਂ ਵਿੱਚੋਂ ਹਨ। ਵਿਭਾਗ ਦੇ ਸੂਤਰਾਂ ਮੁਤਾਬਕ ਔਰਤ ਤਿੰਨ ਫਰਮਾਂ ਵਿੱਚ ਪਾਰਟਨਰ ਹੈ, ਜੋ 158.10 ਕਰੋੜ ਰੁਪਏ ਦੀ ਫਰਜ਼ੀ ਬਿਲਿੰਗ ਦੇ ਕੇਸ ਵਿੱਚ ਸ਼ਾਮਲ ਹੈ ਅਤੇ 21 ਕਰੋੜ ਰੁਪਏ ਤੋਂ ਜ਼ਿਆਦਾ ਦਾ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕਰ ਚੁੱਕੇ ਹਨ। ਹਿਰਾਸਤ ਵਿੱਚ ਆਇਆ ਲੜਕਾ ਤਰੁਣ ਬੋਗਸ ਬਿਲਿੰਗ ਦੀ ਗੰਢਤੁਪ ਲਈ ਸਾਰੇ ਫਰਜ਼ੀ ਦਸਤਾਵੇਜ਼ ਬਣਾਉਂਦਾ ਤੇ ਬੈਂਕ ਦੇ ਲੈਣ-ਦੇਣ ਕਰਦਾ ਸੀ, ਪਰ ਇਹ ਸਪੱਸ਼ਟ ਨਹੀਂ ਕਿ ਗ੍ਰਿਫ਼ਤਾਰ ਵਿਅਕਤੀ ਲੁਧਿਆਣਾ ਜਾਂ ਨੋਇਡਾ ਦੇ ਹਨ ਜਾਂ ਨਹੀਂ ਅਤੇ ਉਹ ਇਸ ਕੇਸ ਵਿੱਚ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ 4 ਮੁਲਜ਼ਮਾਂ ਦੇ ਸੰਪਰਕ ਵਿੱਚ ਕਿਵੇਂ ਆਏ।

ਪਹਿਲਾਂ ਸੀ ਜੀ ਐਸ ਟੀ ਵਿਭਾਗ ਵੱਲੋਂ ਕੀਤੀਆਂ 4 ਗ੍ਰਿਫ਼ਤਾਰੀਆਂ ਵਿੱਚ ਇੱਕ ਇਸ ਸ਼ਹਿਰ ਦਾ ਮੁੱਖ ਚਾਰਟਰਡ ਅਕਾਊਂਟੈਂਟ ਹੈ ਅਤੇ ਦੂਜਾ ਏਸੇ ਸ਼ਹਿਰ ਦਾਇੱਕ ਅਕਾਊਂਟੈਂਟ ਹੈ, ਜਦੋਂ ਕਿ 2 ਨੋਇਡਾ ਦੇ ਵਪਾਰੀ ਹਨ। ਨਵੰਬਰ ਵਿੱਚ ਸੀ ਜੀ ਐਸ ਟੀ ਵਿਭਾਗ ਦੀ ਐਂਟੀ ਈਵੇਜ਼ਨ ਵਿੰਗ ਨੇ ਸਬੰਧਤ ਕਈ ਫਰਮਾਂ ਦੀ ਗੰਢਤੁਪ ਤੋਂ ਭੇਦ ਲੱਭਾ ਸੀ, ਜੋ ਆਈ ਟੀ ਸੀ ਦੀ ਧੋਖਾਦੇਹੀ ਅਤੇ ਰਿਫੰਡ ਅਤੇ ਫਰਜ਼ੀ ਬਿਲਿੰਗ ਰਾਹੀਂ ਨਕਲੀ ਆਈ ਟੀ ਸੀ ਦਾ ਲਾਭ ਲੈ ਰਹੇ ਸਨ। ਬੀ ਆਈ ਐਫ ਏ ਦੇ ਟੂਲ ਅਤੇ ਈ-ਵੇਅ ਬਿੱਲ ਪੋਰਟਲ ਤੋਂ ਡਾਟੇ ਦੇ ਵਿਸ਼ਲੇਸ਼ਣ ਦੀ ਵਰਤੋਂ ਕਰਦਿਆਂ ਵਿਭਾਗ ਨੇ ਇਨ੍ਹਾਂ ਫਰਮਾਂ ਦੇ ਸਾਂਝੇ ਪਾਰਟਨਰ ਅਤੇ ਮਾਲ ਦੇ ਕਿਸੇ ਵੀ ਅਸਲ ਲੈਣ-ਦੇਣ ਤੋਂ ਬਿਨਾਂ ਨਕਲੀ ਬਿੱਲ ਜਾਰੀ ਕਰਨ ਵਿੱਚ ਸ਼ਮੂਲੀਅਤ ਦਾ ਪਤਾ ਕੀਤਾ ਅਤੇ ਸਪੱਸ਼ਟ ਕੀਤਾ ਕਿ ਦੋ ਕੰਪਨੀਆਂ ਮੈਸਰਜ਼ ਲਾ ਮੋਡ ਫੈਸ਼ਨ ਅਤੇ ਮੈਸਰਜ਼ ਡਿਸੈਂਟ ਫੈਸ਼ਨਜ਼ ਨੇ ਨਕਲੀ ਬਿੱਲਾਂ ਰਾਹੀਂ ਆਈ ਟੀ ਸੀ ਦਾ ਲਾਭ ਲਿਆ ਸੀ ਅਤੇ ਮੈਸਰਜ਼ ਮੁਰਾਰੀ ਐਂਟਰਪ੍ਰਾਈਜ਼ਿਜ਼ ਵੀ ਇਸ ਗੰਢਤੁਪ ਵਿੱਚ ਸ਼ਾਮਲ ਪਾਈ ਗਈ ਸੀ। ਇਸ ਦੇ ਨਾਲ ਨੋਇਡਾ ਦੇ 2 ਵਪਾਰੀਆਂ ਵੱਲੋਂ ਆਪਣੀ ਅਸਲੀ ਪਛਾਣ ਲੁਕਾਉਣਾ ਅਤੇ ਇਨ੍ਹਾਂ ਪਛਾਣਾਂ ਦੀ ਵਰਤੋਂ ਕਰਕੇ ਫਰਮਾਂ ਦੀ ਸਥਾਪਨਾ ਕਰਨਾ ਅਤੇ ਸਰਕਾਰ ਤੋਂ ਬਚਣ ਦੇ ਲਈ ਕਈ ਫਰਜ਼ੀ ਆਈ ਡੀ ਕਾਰਡ ਵਰਗੇ ਆਧਾਰ ਕਾਰਡ ਅਤੇ ਪੈਨ ਕਾਰਡ ਦੀ ਵਰਤੋਂ ਕਰਨਾ ਸ਼ਾਮਲ ਸੀ। ਉਕਤ ਦੋਸ਼ੀ ਸ਼੍ਰੇਯਾ ਅਤੇ ਤਰੁਣ ਨੂੰ 23 ਦਸੰਬਰ ਤੱਕ ਜੁਡੀਸ਼ੀਅਲ ਹਿਰਾਸਤ ਵਿੱਚ ਭੇਜਿਆ ਗਿਆ ਅਤੇ ਅਗਲੀ ਜਾਂਚ ਜਾਰੀ ਹੈ।

## ਓਵਰ ਸਪੀਡ ਕਾਰ ਦੀ ਟੱਕਰ ਨਾਲ ਆਟ ਪਲਟਿਆ, 7 ਮਹੀਨੇ ਦੇ ਬੱਚੇ ਦੀ ਮੌਤ

ਲੁਧਿਆਣਾ, 10 ਦਸੰਬਰ (ਪੋਸਟ ਬਿਊਰੋ)- ਕੱਲ੍ਹ ਸਵੇਰੇ ਭਾਰਤ ਨਗਰ ਚੌਕ ਵਿੱਚ ਓਵਰ ਸਪੀਡ ਆਈ-20 ਕਾਰ ਦੀ ਟੱਕਰ ਨਾਲ ਆਟੋ ਪਲਟ ਜਾਣ ਕਾਰਨ ਆਟੋ ਵਿੱਚ ਬੈਠਾਜੋੜਾ ਅਤੇ ਆਟੋ ਡਰਾਈਵਰ ਜ਼ਖ਼ਮੀ ਹੋ ਗਏ ਅਤੇ ਸੱਤ ਮਹੀਨੇ ਦੇ ਬੱਚੇ ਦੀ ਮੌਤ ਹੋ ਗਈ। ਹਾਦਸੇ ਦੇ ਤੁਰੰਤ ਬਾਅਦ ਡਰਾਈਵਰ ਕਾਰ ਛੱਡ ਕੇ ਫਰਾਰ ਹੋ ਗਿਆ।

ਥਾਣਾ ਡਿਵੀਜਨ ਨੰਬਰ 8 ਦੀ ਪੁਲਸ ਨੇ ਕਾਰ ਤੇ ਆਟੋ ਨੂੰ ਕਬਜ਼ੇ ਵਿੱਚ ਲੈ ਕੇ ਅਣਜਾਣ ਚਾਲਕ ਦੇ ਖ਼ਿਲਾਫ਼ ਕੇਸ ਦਰਜ ਕਰਕੇ ਉਸਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਐਸ ਐਚ ਓ ਇੰਸਪੈਕਟਰ ਜਰਨੈਲ ਸਿੰਘ ਦੇ ਅਨੁਸਾਰ ਮ੍ਰਿਤਕ ਬੱਚੇ ਦੀ ਪਛਾਣ



ਅਰਨਵ ਦੇ ਰੂਪ ਵਿੱਚ ਹੋਈ ਹੈ। ਪੁਲਸ ਨੂੰ ਦਿੱਤੇ ਬਿਆਨ ਵਿੱਚ ਮ੍ਰਿਤਕ ਦੇ ਪਿਤਾ ਮਨੋਜ (35) ਨੇ ਦੱਸਿਆ ਕਿ ਉਹ ਮੂਲ ਰੂਪ ਵਿੱਚ ਮੱਧ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਸੱਤ ਸਾਲ ਪਹਿਲਾਂ ਉਸਦੀ ਸ਼ਾਦੀ ਨੀਲੂ (32) ਦੇ ਨਾਲ ਹੋਈ ਸੀ। ਉਹ ਮਾਡਲ ਟਾਊਨ ਵਿੱਚ ਇੱਕ ਜਗ੍ਹਾ ਕੰਪਿਊਟਰ ਡਿਜ਼ਾਈਨਰ ਦੀ ਨੌਕਰੀ ਕਰਦਾ ਹੈ। ਉਨ੍ਹਾਂ ਦੇ ਘਰ ਸੱਤ ਮਹੀਨੇ ਪਹਿਲਾਂ ਬੇਟੇ ਨੇ ਜਨਮ ਲਿਆ ਸੀ। ਜੂਨ ਵਿੱਚ ਆਪਣੀ ਪਤਨੀ ਅਤੇ ਬੇਟੇ ਨੂੰ ਆਪਣੇ ਪਿੰਡ ਛੱਡ ਆਇਆ ਸੀ।ਚਾਰ ਦਿਨ ਪਹਿਲਾਂ ਦੋਨਾਂ ਨੂੰ ਲੈਣ ਮੱਧ ਪ੍ਰਦੇਸ਼ ਗਿਆ ਸੀ। ਕੱਲ੍ਹ ਸਵੇਰੇ ਟਰੇਨ ਉੱਤੇ ਸ਼ਹਿਰ ਪਹੁੰਚਿਆ ਅਤੇ ਆਟੋ ਕਰਕੇ ਪਿੰਡ ਫੁੱਲਾਂਵਾਲ ਵਿੱਚ ਆਪਣੇ ਕਿਰਾਏ ਦੇ ਘਰ ਜਾ ਰਿਹਾ ਸੀ। ਜਦੋਂ ਭਾਰਤ ਨਗਰ ਚੌਕ ਤੋਂ ਲੰਘ ਰਹੇ ਸੀ ਤਾਂ ਆਰਤੀ ਚੌਕ ਵੱਲੋਂ ਆਈ ਓਵਰ ਸਪੀਡ ਕਾਰ ਨੇ ਟੱਕਰ ਮਾਰ ਦਿੱਤੀ ਜਿਸ ਕਾਰਨ ਪਤਨੀ ਦੇ ਹੱਥ ਵਿੱਚ ਫੜਿਆ ਬੱਚਾ ਉਛਲ ਕੇ ਜ਼ਮੀਨ 'ਤੇ ਜਾ ਡਿੱਗਾ ਅਤੇ ਉਸਦੇ ਸਿਰ 'ਤੇ ਸੱਟਾਂ ਲੱਗ ਗਈਆਂ ਅਤੇ ਮੌਤ ਹੋ ਗਈ। ਜ਼ਖ਼ਮੀ ਨੀਲੂ ਦੇ ਸਿਰ 'ਤੇ ਸੱਤ ਟਾਂਕੇ ਲੱਗੇ ਹਨ ਜਦੋਂ ਕਿ ਮਨੋਜ ਦੀਆਂ ਦੋਨੋਂ ਟੰਗਾਂ ਟੁੱਟ ਗਈਆਂ ਹਨ।

## ਸੜਕ ਹਾਦਸੇ ਵਿੱਚ 2 ਸਕੇ ਭਰਾਵਾਂ ਸਮੇਤ 3 ਦੀ ਮੌਤ

ਘੁਮਾਣ, 10 ਦਸੰਬਰ (ਪੋਸਟ ਬਿਊਰੋ)- ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਘੁਮਾਣ ਨੇੜੇ ਮਹਿਤਾ ਰੋਡ ਉੱਤੇ ਸੜਕ ਹਾਦਸੇ ਦੌਰਾਨ 2 ਸਕੇ ਭਰਾਵਾਂ ਸਮੇਤ 3 ਨੌਜਵਾਨਾਂ ਦੀ ਮੌਤ ਅਤੇ ਦੋ ਦੇ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਹੈ।

ਪਤਾ ਲੱਗਾ ਹੈ ਕਿ 5 ਨੌਜਵਾਨਾਂ, ਜੋ ਨਜ਼ਦੀਕੀ ਪਿੰਡ ਭੱਟੀਵਾਲ ਦੇ ਸਨ, ਵਿੱਚੋਂ 2 ਸਕੇ ਭਰਾ ਜੋਬਨਪ੍ਰੀਤ ਸਿੰਘ ਤੇ ਰਵਿੰਦਰ ਸਿੰਘ ਜੋਤੀ ਪੁੱਤਰ ਜਸਪਾਲ ਸਿੰਘ, ਅਵਤਾਰ ਸਿੰਘ ਬੱਬੂ ਪੁੱਤਰ ਬਲਦੇਵ ਸਿੰਘ, ਸੁਖਵਿੰਦਰ ਸਿੰਘ ਪੁੱਤਰ ਰਣਜੀਤ ਸਿੰਘ (ਚਾਰੇ ਪਿੰਡ ਭੱਟੀਵਾਲ) ਅਤੇ ਇੱਕ ਅਵਤਾਰ ਸਿੰਘ ਬੱਬੂ ਦਾ ਸਾਲਾ ਹੈਪੀ ਵਾਸੀ ਬਸਰਾਵਾਂ ਹੈ, ਜੋ ਏਸੈਂਟ ਕਾਰ ਉੱਤੇ ਅੰਮ੍ਰਿਤਸਰ ਨੂੰ ਜਾ ਰਹੇ ਸਨ ਕਿ ਅਚਾਨਕ ਗੱਡੀ ਦਾ ਸੰਤੁਲਨ ਵਿਗੜਨ ਨਾਲਗੱਡੀ ਸੜਕ ਦੇ ਨਜ਼ਦੀਕ ਲੱਗੀ ਟਾਹਲੀ ਨਾਲ ਜਾ ਟਕਰਾਈ। ਨਜ਼ਦੀਕੀ ਭੱਠੇ 'ਤੇ ਕੰਮ ਕਰਦੇ ਮਜ਼ਦੂਰਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਕਾਰ ਵਿੱਚੋਂ ਬਾਹਰ ਕੱਢ ਕੇ 108 ਐਂਬੂਲੈਂਸ ਰਾਹੀਂ ਬਟਾਲਾ ਦੇ ਹਸਪਤਾਲ ਪਹੁੰਚਾਇਆ। ਥਾਣਾ ਘੁਮਾਣ ਦੇ ਐਸ ਐਚ ਓ ਸੁਰਿੰਦਰ ਸਿੰਘ ਨੇ ਦੱਸਿਆ ਕਿ ਜ਼ਖ਼ਮੀਆਂ ਨੂੰ ਬਟਾਲੇ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਭੇਜਿਆ ਗਿਆ, ਪ੍ਰੰਤੂ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਇਲਾਜ ਲਈ ਭੇਜ ਦਿੱਤਾ, ਪ੍ਰੰਤੂ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦੋ ਸਕੇ ਭਰਾ ਜੋਬਨ ਤੇ ਜੋਤੀ ਦੇ ਨਾਲ ਬੱਬੂ ਦੀ ਮੌਤ ਹੋ ਗਈ।

## ਕਿਰਤ ਭਲਾਈ ਬੋਰਡ ਦੇ ਦੋ ਸਾਬਕਾ ਅਫਸਰ ਹੇਰਾ-ਫੇਰੀ ਦੇ ਦੋਸ਼ ਹੇਠ ਗ੍ਰਿਫ਼ਤਾਰ

ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਕਰੋੜਾਂ ਰੁਪਏ ਦੇ ਸਰਕਾਰੀ ਫ਼ੰਡਾਂ ਵਿੱਚ ਹੇਰਾ-ਫੇਰੀ ਕਰਨ ਦੇ ਦੋਸ਼ ਹੇਠ ਪੰਜਾਬ ਕਿਰਤ ਭਲਾਈ ਬੋਰਡ ਦੇ ਦੋ ਸਾਬਕਾ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਜਾਂਚ ਦੇ ਆਧਾਰ ਉਤੇ ਕਿਰਤ ਭਲਾਈ ਬੋਰਡ ਦੇ ਸਾਬਕਾ ਉਪ ਭਲਾਈ ਕਮਿਸ਼ਨਰ ਸੁੱਚਾ ਸਿੰਘ ਬਾਂਡੀ ਅਤੇ ਸਾਬਕਾ ਡਿਪਟੀ ਕੰਟਰੋਲਰ ਵਿੱਤ ਅਤੇ ਲੇਖਾ (ਡੀ ਸੀ ਐਫ ਏ) ਜਗਦੀਪ ਸਿੰਘ ਸੈਣੀ ਨੂੰ ਗਬਨ ਕਰਨ ਅਤੇ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਨੁਕਸਾਨ ਪਹੁੰਚਾਉਣ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸੇ ਕੇਸ ਵਿੱਚ ਬੋਰਡ ਦੀ ਲੇਖਾ ਸਹਾਇਕ ਹਿਨਾ ਨੂੰ ਵਿਜੀਲੈਂਸ ਬਿਊਰੋ ਪਹਿਲਾਂ ਗ੍ਰਿਫ਼ਤਾਰ ਕਰ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਹਿਨਾ ਨੇ ਇਨ੍ਹਾਂ ਦੋਵਾਂ ਅਧਿਕਾਰੀਆਂ ਦੀ ਆਪਸੀ ਮਿਲੀਭੁਗਤ ਨਾਲ ਇੰਟਰਨੈਟ ਬੈਕਿੰਗ ਰਾਹੀਂ ਸਰਕਾਰੀ ਖ਼ਜ਼ਾਨੇ ਨੂੰ 1,56,91,063 ਕਰੋੜ ਰੁਪਏ ਦਾ ਭਾਰੀ ਨੁਕਸਾਨ ਪਹੁੰਚਾਇਆ ਹੈ।ਬੁਲਾਰੇ ਨੇ ਦੱਸਿਆ ਕਿ ਮਾਨਲ ਐਨਕਲੇਵ ਖਰੜ ਦੀ ਵਸਨੀਕ ਹਿਨਾ ਨੇ ਇਹ ਪੈਸਾ ਇੰਟਰਨੈਟ ਬੈਂਕਿੰਗ ਰਾਹੀਂ ਆਪਣੇ ਰਿਸ਼ਤੇਦਾਰਾਂ ਦੇ ਖ਼ਾਤਿਆਂ ਵਿੱਚ ਪਾ ਦਿੱਤਾ ਸੀ। ਉਸ ਨੇ ਇਹ ਪੈਸਾ 172 ਵੱਖ-ਵੱਖ ਟ੍ਰਾਂਜੈਕਸ਼ਨਾਂਰਾਹੀਂ ਮਲਟੀਪਲ ਬੈਂਕ ਖ਼ਾਤਿਆਂ ਵਿੱਚ ਟ੍ਰਾਂਸਫ਼ਰ ਕੀਤਾ ਸੀ। ਜਾਂਚ ਤੋਂਪਤਾ ਲੱਗਾ ਕਿ ਸੁੱਚਾ ਸਿੰਘ ਬਾਂਡੀ ਅਤੇ ਜਗਦੀਪ ਸਿੰਘ ਸੈਣੀ ਨੇ ਕਦੇ ਵੀ ਬੈਂਕ ਲੈਣ-ਦੇਣ ਨਾਲ ਕੈਸ਼ ਬੁੱਕ ਦਾ ਮਿਲਾਨ ਨਹੀਂ ਕੀਤਾ। ਇਹ ਵੀ ਪਤਾ ਲੱਗਾ ਕਿ ਦੋਵੇਂ ਅਧਿਕਾਰੀ ਫ਼ੰਡਾਂ ਦੀ ਹੇਰਾ-ਫੇਰੀ ਵਿੱਚ ਸ਼ਾਮਲ ਸਨ।

## ਜਾਅਲੀ ਲਾਇਸੈਂਸ ਬਣਾਉਣ ਦੇ ਕੇਸ ਵਿੱਚ 8 ਜਣੇ ਨਾਮਜ਼ਦ

ਜਲੰਧਰ, 10 ਦਸੰਬਰ (ਪੋਸਟ ਬਿਊਰੋ)- ਇੱਕ ਐਨ ਆਰ ਆਈ ਦਾ ਜਾਅਲੀ ਲਾਇਸੈਂਸ ਬਣਾਉਣ ਦੇ ਮਾਮਲੇ ਵਿੱਚ ਥਾਣਾ ਨੰਬਰ ਪੰਜ ਦੀ ਪੁਲਸ ਨੇ ਆਰ ਟੀ ਏ ਦਫਤਰ ਦੇ ਕਰਿੰਦੇ ਸਮੇਤ ਅੱਠ ਲੋਕਾਂ ਦੇ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਗ੍ਰਿਫਤਾਰ ਨੌਜਵਾਨਾਂ ਵਿੱਚ ਆਰ ਟੀ ਏ ਦਫਤਰ ਦਾ ਇੱਕ ਕਾਰਿੰਦਾ ਵੀ ਸ਼ਾਮਲ ਹੈ, ਜਿਸ ਕੋਲੋਂ ਕੰਪਿਊਟਰ ਅਤੇ ਪ੍ਰਿੰਟਰ ਤੋਂ ਇਲਾਵਾ ਹੋਰ ਦਸਤਾਵੇਜ਼ ਵੀ ਮਿਲੇ ਹਨ।

ਮਿਲੀ ਜਾਣਕਾਰੀ ਅਨੁਸਾਰ ਇੱਕ ਐਨ ਆਰ ਆਈ ਨੂੰ ਜਾਅਲੀ ਡਰਾਈਵਿੰਗ ਲਾਇਸੈਂਸ ਜਾਰੀ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਹ ਵਿਦੇਸ਼ ਚਲਾ ਗਿਆ। ਜਦੋਂ ਵਿਦੇਸ਼ 'ਚ ਉਸ ਨੇ ਉਸ ਨੂੰ ਉਕਤ ਡਰਾਈਵਿੰਗ ਲਾਇਸੈਂਸ 'ਤੇ ਗੱਡੀ ਚਲਾਈ ਤਾਂ ਉਹ ਪੁਲਸ ਵੱਲੋਂ ਫੜਿਆ ਗਿਆ ਤੇ ਲਾਇਸੈਂਸ ਨੂੰ ਜਾਅਲੀ ਨਿਕਲਿਆ। ਇਸ ਤੋਂ ਬਾਅਦ ਪੁਲਸ ਕਾਰਵਾਈ ਹੋਈ ਅਤੇ ਉਸ ਐਨ ਆਰ ਆਈ ਨੂੰ ਡਿਪੋਰਟ ਕਰਕੇ ਵਾਪਸ ਭਾਰਤ ਭੇਜ ਦਿੱਤਾ ਗਿਆ। ਭਾਰਤ ਆਉਂਦੇ ਸਾਰ ਉਸ ਨੇ ਇਸ ਦੀ ਸ਼ਿਕਾਇਤ ਪੁਲਸ ਕਮਿਸ਼ਨਰ ਨੂੰ ਕੀਤੀ,ਜਿਨ੍ਹਾਂ ਨੇ ਇਸ ਦੀ ਜਾਂਚ ਥਾਣਾ ਪੰਜ ਦੀ ਪੁਲਸ ਦੇ ਹਵਾਲੇ ਕੀਤੀ ਸੀ। ਥਾਣਾ ਨੰਬਰ ਪੰਜ ਦੇ ਮੁਖੀ ਸਬ ਇੰਸਪੈਕਟਰ ਰਵਿੰਦਰ ਕੁਮਾਰ ਨੇ ਜਾਂਚ ਦੌਰਾਨ ਆਰ ਟੀ ਏ ਦੇ ਟਰੈਕ ਉੱਤੇ ਘੁੰਮਣ ਵਾਲੇ ਏਜੰਟ ਟੋਨੀ ਨੂੰ ਕਾਬੂ ਕਰ ਕੇ ਜਦ ਉਸ ਕੋਲੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਮੰਨਿਆ ਕਿ ਉਸੇ ਨੇ ਇਹ ਲਾਇਸੈਂਸ ਦੂਸਰੇ ਏਜੰਟ ਵਕੀਲ ਕਾਕਾ ਦੇ ਜ਼ਰੀਏ ਬਣਵਾਇਆ ਸੀ ਤੇ ਇਨ੍ਹਾਂ ਦੀ ਮਦਦ ਏਜੰਟ ਵਿਸ਼ਾਲ ਤੇ ਹੋਰਨਾਂ ਨੇ ਵੀ ਕੀਤੀ ਸੀ।ਜਦ ਇਨ੍ਹਾਂਤੋਂ ਪੁਲਸ ਨੇ ਪੁੱਛਗਿੱਛ ਕੀਤੀ ਤਾਂ ਆਰ ਟੀ ਏ ਟਰੈਕ ਦੇ ਕਾਰਿੰਦੇ ਸ਼ਿਵ ਕੁਮਾਰ ਸ਼ਿਵੀ ਦਾ ਨਾਂਅ ਪਤਾ ਲੱਗਾ ਜਿਸ 'ਤੇ ਇਨ੍ਹਾਂ ਨੇ ਦੋਸ਼ ਲਾਇਆ ਕਿ ਉਸ ਨੇ 25 ਹਜ਼ਾਰ ਰੁਪਏ ਲੈ ਕੇ ਦਫਤਰ ਵਿੱਚੋਂ ਖਾਲੀ ਲਾਇਸੈਂਸ ਚੋਰੀ ਕਰਕੇ ਉਸ 'ਤੇ ਜਾਅਲੀ ਲਾਇਸੈਂਸ ਦੀ ਡਿਟੇਲ ਪ੍ਰਿੰਟ ਕਰਵਾਕੇ ਦਿੱਤੀ ਸੀ। ਇਸ ਪਿੱਛੋਂ ਪੁਲਸ ਨੇ ਸ਼ਿਵੀ ਨੂੰ ਵੀ ਗ੍ਰਿਫਤਾਰ ਕਰ ਲਿਆ।

## ਪੈਸੇ ਦੁੱਗਣੇ ਕਰਨ ਦਾ ਝਾਂਸਾ ਦੇ ਕੇ ਤਿੰਨ ਲੋਕਾਂ ਨਾਲ 25 ਲੱਖ ਦੀ ਠੱਗੀ

ਜਲੰਧਰ, 10 ਦਸੰਬਰ (ਪੋਸਟ ਬਿਊਰੋ)- ਰੁਪਏ ਡਬਲ ਕਰਨ ਦੇ ਨਾਂਅ ਉਤੇ ਤਿੰਨ ਲੋਕਾਂ ਤੋਂ 25 ਲੱਖ ਰੁਪਏ ਠੱਗਣ ਦੇ ਦੋਸ਼ ਹੇਠਥਾਣਾ ਨੂਰਮਹਿਲ ਦੀ ਪੁਲਸ ਨੇਕੇਸ ਦਰਜ ਕੀਤਾ ਹੈ।

ਪਤਾ ਲੱਗਾ ਹੈ ਕਿ ਪੁਲਸ ਨੂੰ ਪਿੰਡ ਸਿੱਧਮ ਹਰੀ ਸਿੰਘ ਦੀ ਰਹਿਣ ਵਾਲੀ ਰਾਜਵੀਰ ਕੌਰ ਨੇ ਦੱਸਿਆ ਕਿ ਉਹ ਮੋਗਾ ਵਿੱਚ ਰਹਿਣ ਵਾਲੇ ਤਰਲੋਚਨ ਸਿੰਘ ਨੂੰਮਿਲੀ ਸੀ। ਉਸ ਨੇ ਦੱਸਿਆ ਕਿ ਉਹ ਮੋਗਾ ਦੀ ਇੱਕ ਸਾਫਟਵੇਅਰ ਕੰਪਨੀ ਵਿੱਚ ਕੰਮ ਕਰਦਾ ਹੈ ਅਤੇ ਕੰਪਨੀ ਲੋਕਾਂ ਦੇ ਪੈਸੇ ਡਬਲ ਕਰ ਦਿੰਦਾ ਹੈ। ਉਹ ਉਸ ਦੀਆਂ ਗੱਲਾਂ ਵਿੱਚ ਆ ਗਈ ਅਤੇ ਛੇ ਸਤੰਬਰ 2015 ਨੂੰ ਚਾਲੀ ਹਜ਼ਾਰ ਰੁਪਏ ਇਨਵੈਸਟ ਕਰਨ ਲਈ ਦੇ ਦਿੱਤੇ ਅਤੇ 2017 ਵਿੱਚ ਜੂਨ ਵਿੱਚ ਉਨ੍ਹਾਂ ਨੇ 2.50 ਲੱਖ ਅਤੇ ਫਿਰ ਜਨਵਰੀ 2018 ਵਿੱਚ ਤਿੰਨ ਲੱਖ ਰੁਪਏ ਇਨਵੈਸਟ ਕਰ ਦਿੱਤੇ। ਦੋਸ਼ੀ ਨੇ ਉਨ੍ਹਾਂ ਨੂੰ ਨੌਂ ਲੱਖ ਰੁਪਏ ਹੋਰ ਇਨਵੈਸਟ ਕਰਨ ਦਾ ਦਬਾਅ ਬਣਾਇਆ ਤਾਂ ਉਸ ਨੇ ਨੌਂ ਲੱਖ ਰੁਪਏ ਹੋਰ ਦੇ ਦਿੱਤੇ। ਸਮਾਂ ਬੀਤਣ ਉੱਤੇ ਐਗਰੀਮੈਂਟ ਦੇ ਮੁਤਾਬਕ ਉਨ੍ਹਾਂ ਨੂੰ ਕੋਈ ਪੈਸਾ ਵਾਪਸ ਨਹੀਂ ਆਇਆ।ਇਸੇ ਤਰ੍ਹਾਂ ਉਸੇ ਪਿੰਡ ਦੇ ਗੁਰਪ੍ਰੀਤ ਸਿੰਘ ਤੋਂ ਬਠਿੰਡਾ ਦੀ ਇੱਕ ਕੰਪਨੀ ਦੇ ਨਾਂਅ 'ਤੇ 9.50 ਲੱਖ ਰੁਪਏ ਠੱਗੇ ਗਏ। ਉਸ ਨੂੰ ਗਾਰੰਟੀ ਵਜੋਂ ਦਿੱਤੇ ਗਏ ਚੈਕ ਬਾਉਂਸ ਹੋ ਗਏ। ਇਸ ਦੇ ਇਲਾਵਾ ਦੋਸ਼ੀ ਨੇ ਨੀਲਮ ਨਾਂਅ ਦੀ ਔਰਤ ਨੂੰ 1.50 ਲੱਖ ਰੁਪਏ ਮੋਗਾ ਦੀ ਇੱਕ ਕੰਪਨੀ ਵਿੱਚ ਇਨਵੈਸਟ ਕਰਵਾ ਕੇ ਦੁੱਗਣੇ ਕਰਨ ਦਾ ਝਾਂਸਾ ਦਿੱਤਾ, ਪਰ ਪੈਸੇ ਵਾਪਸ ਨਹੀਂ ਮਿਲੇ। ਇਸ ਪਿੱਛੋਂ ਪੀੜਤਾਂ ਨੇ ਥਾਣਾ ਸ਼ਾਹਕੋਟ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਤਾਂ ਸਾਰੇ ਦੋਸ਼ ਸਿੱਧ ਹੋ ਗਏ। ਪੁਲਸ ਨੇ ਜਾਂਚ ਦੇ ਬਾਅਦ ਤਰਲੋਚਨ ਦੇ ਖਿਲਾਫ ਠੱਗੀ ਦਾ ਪਰਚਾ ਦਰਜ ਕਰ ਲਿਆ ਹੈ।

## ਕੇਂਦਰੀ ਮੰਤਰੀ ਤੋਂ ਐਵਾਰਡ ਲੈਣ ਤੋਂ ਪੰਜਾਬ ਖੇਤੀ ਯੂਨੀਵਰਸਿਟੀ ਦੇ ਵਿਗਿਆਨੀ ਦਾ ਇਨਕਾਰ

### * ਸਟੇਜ ਉੱਤੇ ਜਾ ਕੇ ਐਵਾਰਡ ਲੈਣ ਤੋਂ ਨਾਂਹ ਕੀਤੀ

ਲੁਧਿਆਣਾ, 10 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਖਿਲਾਫ ਕਿਸਾਨਾਂ ਦੀ ਹਮਾਇਤ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਲੁਧਿਆਣਾ ਦੇ ਡਾ: ਵਰਿੰਦਰਪਾਲ ਸਿੰਘ ਨੇ ਦਿੱਲੀ ਵਿੱਚ ਹੋਏ ਸਮਾਗਮ ਦੌਰਾਨ ਕੇਂਦਰੀ ਕੈਮੀਕਲਜ਼ਅਤੇ ਖਾਦ ਮੰਤਰੀ ਸਦਾਨੰਦ ਗੌੜਾ ਤੋਂ ਮੰਚ 'ਤੇ ਹੀ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਇੱਕ ਪੱਤਰ ਵੀ ਭੇਜਿਆ ਹੈ।



ਡਾ: ਵਰਿੰਦਰਪਾਲ ਸਿੰਘ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਭੂਮੀ ਵਿਭਾਗ ਦੇ ਪ੍ਰਿੰਸੀਪਲ ਹਨ।ਮੀਡੀਆ ਨਾਲ ਗੱਲ ਦੌਰਾਨ ਡਾ: ਵਰਿੰਦਰਪਾਲ ਨੇ ਦੱਸਿਆ ਕਿ ਉਨ੍ਹਾਂ ਨੂੰ 'ਫਰਟੀਲਾਈਜ਼ਰ ਐਸੋਸੀਏਸ਼ਨ ਆਫ ਇੰਡੀਆ' ਵੱਲੋਂ ਭੂਮੀ ਵਿਗਿਆਨ ਵਿੱਚ ਉਤਮ ਖੋਜ ਲਈ ਇੱਕ ਲੱਖ ਰੁਪਏ ਇਨਾਮ ਅਤੇ ਸੋਨੇ ਦੇ ਤਮਗੇ ਦਾ ਸਨਮਾਨ ਲੈਣ ਲਈ ਬੁਲਾਇਆ ਗਿਆ ਸੀ। ਉਥੇ ਤਕਰੀਬਨ 800 ਹੋਰ ਵਿਗਿਆਨੀ ਵੀ ਮੌਜੂਦ ਸਨ। ਉਨ੍ਹਾਂ ਨੇ ਇਹ ਕਹਿ ਕੇ ਐਵਾਰਡ ਲੈਣ ਤੋਂ ਸਪੱਸ਼ਟ ਨਾਂਹ ਕਰ ਦਿੱਤੀ ਕਿ ਜਦੋਂ ਕਿਸਾਨਾਂ ਨਾਲ ਧੱਕਾ ਹੋ ਰਿਹਾ ਹੈ, ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨੀਆਂ ਨਹੀਂ ਜਾ ਰਹੀਆਂ, ਉਸ ਵਕਤ ਇਹੋ ਜਿਹਾ ਐਵਾਰਡ ਲੈਣਾ ਮੇਰੀ ਜ਼ਮੀਰ ਉੱਤੇ ਬੋਝ ਪਾਵੇਗਾ।

## ਸੁਖਬੀਰ ਸਿੰਘ ਬਾਦਲ ਵੱਲੋਂ ਮਾਣ-ਹਾਨੀ ਕੇਸ ਦੇ ਵਾਰੰਟ ਨੂੰ ਹਾਈ ਕੋਰਟ ਵਿੱਚ ਚੁਣੌਤੀ

ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਅਦਾਲਤ ਵੱਲੋਂਉਨ੍ਹਾਂ ਦੇ ਖਿਲਾਫ ਜਾਰੀ ਕੀਤੇ ਜਮਾਨਤੀ ਵਾਰੰਟ ਤੇ ਵਿਚਾਰ ਅਧੀਨ ਮਾਣ-ਜਾਨੀ ਕੇਸ ਨੂੰ ਰੱਦ ਕਰਨ ਲਈ ਹਾਈਕੋਰਟ ਵਿੱਚ ਪਹੁੰਚ ਕੀਤੀ ਹੈ। ਐਡਵੋਕੇਟ ਐਚ ਐਸ ਬਰਾੜ ਰਾਹੀਂ ਦਾਖ਼ਲ ਕੀਤੀ ਪਟੀਸ਼ਨ ਵਿੱਚ ਸ਼ਿਕਾਇਤ ਅਤੇ ਵਾਰੰਟ ਨੂੰ ਚੁਣੌਤੀ ਦਿੰਦੀ ਮੰਗ ਹਾਈ ਕੋਰਟ ਵਿੱਚ ਸੁਣਵਾਈ ਹੋਵੇਗੀ।

ਇਸ ਪਟੀਸ਼ਨ ਮੁਤਾਬਕ ਸਾਲ 2017 ਵਿੱਚ ਇੱਕ ਅਖ਼ਬਾਰ ਵਿੱਚ ਸੁਖਬੀਰ ਸਿੰਘ ਬਾਦਲ ਦਾ ਬਿਆਨ ਛਪਿਆ ਸੀ, ਜਿਸ ਵਿੱਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਵੱਲੋਂ ਅਖੰਡ ਕੀਰਤਨੀ ਜਥੇ ਦੇਕੁਝ ਜਥੇਦਾਰਾਂ ਨਾਲ ਮੁਲਾਕਾਤ ਕਰਨ ਦਾ ਹਵਾਲਾ ਦੇ ਕਿਹਾ ਸੀ ਕਿ ਕੇਜਰੀਵਾਲ ਨੇ ਵੱਖਵਾਦੀਆਂ ਨਾਲ ਸੰਪਰਕ ਕਾਇਮ ਕਰਨਾ ਸ਼ੁਰੂ ਕੀਤਾ ਹੈ। ਇਸ ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਬਾਰੇ ਇਹ ਬਿਆਨ ਵੀ ਦਿੱਤਾ ਸੀ ਕਿ ਜੇ ਇਹ ਪਾਰਟੀ ਪੰਜਾਬ ਵਿੱਚ ਸੱਤਾ ਵਿੱਚ ਆਈ ਤਾਂ ਗੜਬੜੀ ਹੋਵੇਗੀ ਤੇ ਇਹ ਪਾਰਟੀ ਧਰਨਿਆਂ 'ਚ ਭਰੋਸਾ ਰਖੱਦੀ ਹੈ। ਅਖ਼ਬਾਰ ਵਿੱਚ ਸੁਖਬੀਰ ਸਿੰਘ ਬਾਦਲ ਦੇ ਬਿਆਨ ਨਾਲ ਛਪੀ ਇਸ ਖ਼ਬਰ 'ਤੇ ਰਾਜਿੰਦਰ ਪਾਲ ਸਿੰਘ ਨਾਂ ਦੇ ਵਿਅਕਤੀ ਨੇ ਚੰਡੀਗੜ੍ਹ ਅਦਾਲਤ 'ਚ ਸ਼ਿਕਾਇਤ ਕਰਕੇ ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਮਾਣ-ਹਾਨੀ ਕਰਨ ਦੀ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਸੀ, ਜਿਸ ਉੱਤੇ ਅਦਾਲਤ ਨੇ ਸੁਖਬੀਰ ਬਾਦਲ ਦੇ ਜਮਾਨਤੀ ਵਾਰੰਟ ਜਾਰੀ ਕੀਤੇ ਸੀ। ਕੱਲ੍ਹ ਸੁਖਬੀਰ ਸਿੰਘ ਬਾਦਲ ਨੇ ਇਸੇ ਕੇਸ ਨੂੰ ਚੁਣੌਤੀ ਦਿੱਤੀ ਹੈ।

## ਪੰਜਾਬ ਪਾਵਰਕਾਮ ਵਿੱਚ 3500 ਸਹਾਇਕ ਲਾਈਨਮੈਨਾਂ ਦੀ ਭਰਤੀ ਬਾਰੇ ਵਿਵਾਦ

### * ਫ਼ਰਜ਼ੀ ਸਰਟੀਫਿਕੇਟਾਂ ਰਾਹੀਂ ਨੌਕਰੀਆਂ ਲੈਣ ਦੇ ਦੋਸ਼

ਰਾਮਪੁਰਾ ਫੂਲ, 10 ਦਸੰਬਰ (ਪੋਸਟ ਬਿਊਰੋ)- ਪੰਜਾਬ ਰਾਜ ਪਾਵਰ ਕਾਰਪੋਰੇਸ਼ਨ 'ਚ 3500 ਸਹਾਇਕ ਲਾਈਨਮੈਨਾਂ ਦੀ ਭਰਤੀ ਵਿਵਾਦਾਂ ਵਿੱਚ ਘਿਰ ਗਈ ਹੈ। ਉਮੀਦਵਾਰਾਂ 'ਤੇ ਫ਼ਰਜ਼ੀ ਤਜਰਬਾ ਸਰਟੀਫਿਕੇਟਾਂ ਰਾਹੀਂ ਨੌਕਰੀਆਂ ਹਾਸਲ ਕਰਨ ਦੇ ਦੋਸ਼ ਲੱਗੇ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਡੀ ਜੀ ਪੀ ਕ੍ਰਾਈਮ ਪੰਜਾਬ ਨੂੰ ਇਸ ਭਰਤੀ ਦੀ ਪੜਤਾਲ ਆਈ ਜੀ ਰੈਂਕ ਦੇ ਕਿਸੇ ਅਧਿਕਾਰੀ ਤੋਂ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।



ਅਦਾਲਤ ਦੇ ਹੁਕਮਾਂ ਤੋਂ ਬਾਅਦ ਕ੍ਰਾਈਮ ਬਰਾਂਚ ਪੰਜਾਬ ਵੱਲੋਂ ਕੁਝ ਉਮੀਦਵਾਰਾਂ ਖਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਇਸ ਪਿੱਛੋਂਜਾਂਚ ਟੀਮ ਦੇ ਮੈਂਬਰ ਸਹਾਇਕ ਇੰਸਪੈਕਟਰ ਜਨਰਲ ਪੁਲਸ (ਕ੍ਰਾਈਮ) ਪਟਿਆਲਾ ਰਾਜ ਕੁਮਾਰ ਜਲਹੋਤਰਾ ਪੀ ਪੀ ਐਸ ਨੇ ਪਾਵਰਕਾਮ ਦੇ ਅਧਿਕਾਰੀਆਂ ਦੇ ਬਿਆਨ ਦਰਜ ਕਰਦਿਆਂ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਪਾਵਰਕਾਮ ਦੇ ਭਰਤੀ ਸੈਲ ਨੂੰ ਲਿਖੇ ਪੱਤਰ ਰਾਹੀਂ ਸਹਾਇਕ ਲਾਈਨਮੈਨਾਂ ਦੀ ਭਰਤੀ ਦਾ ਸਾਰਾ ਰਿਕਾਰਡ 3 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰਨ ਲਈ ਕਿਹਾ ਹੈ। ਇਸ ਪਿੱਛੋਂ ਪਾਵਰਕਾਮ ਦਾ ਸਾਰਾ ਅਮਲਾ ਫੈਲਾ ਉਕਤ ਰਿਕਾਰਡ ਇਕੱਠਾ ਕਰਨ ਵਿੱਚ ਰੁਝਿਆ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਪਾਵਰਕਾਮ ਵੱਲੋਂ 3 ਅਕਤੂਬਰ 2019 ਨੂੰ 3500 ਸਹਾਇਕ ਲਾਈਨਮੈਨਾਂ ਦੀ ਭਰਤੀ ਲਈ ਇਸ਼ਤਿਹਾਰ ਦਿੱਤਾ ਗਿਆ ਸੀ।



ਆਈ ਸੀ ਆਈ ਸੀ ਆਈ ਬੈਂਕ ਫਰਾਡ :

# ਦੀਪਕ ਕੋਚਰ, ਵੇਣੂਗੋਪਾਲ ਧੂਤ ਦੇ ਡਰਾਈਵਰ ਤੇ ਆਫਿਸ ਬੁਆਏ ਡੰਮੀ ਡਾਇਰੈਕਟਰ ਨਿਕਲੇ



ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਆਈ ਸੀ ਆਈ ਸੀ ਆਈ ਬੈਂਕ ਫਰਾਡ ਕੇਸ ਵਿੱਚ ਬੀਤੇ ਮਹੀਨੇ ਚਾਰਜਸ਼ੀਟ ਦਾਇਰ ਕੀਤੀ, ਜਿਸ ਵਿੱਚ ਕਿਹਾ ਹੈ ਕਿ ਆਈ ਸੀ ਆਈ ਸੀ ਆਈ ਬੈਂਕ ਦੀ ਸਾਬਕਾ ਮੈਨੇਜਿੰਗ ਡਾਇਰੈਕਟਰ ਚੰਦਾ ਕੋਚਰ ਦੇ ਪਤੀ ਦੀਪਕ ਕੋਚਰ ਨੇ ਵੀਡੀਓਕਾਨ ਗਰੁੱਪ ਦੇ ਚੇਅਰਮੈਨ ਵੇਣੂਗੋਪਾਲ ਧੂਤ ਨੇ ਆਪਣੇ ਡਰਾਈਵਰ, ਮਾਲੀ, ਆਫਿਸ ਬੁਆਏ ਅਤੇ ਹੋਰ ਜੂਨੀਅਰ ਕਰਮਚਾਰੀਆਂ ਨੂੰ ਕੰਪਨੀ ਦੇ ਡੰਮੀ ਡਾਇਰੈਕਟਰ ਬਣਾਇਆ ਹੋਇਆ ਸੀ ਅਤੇ ਫਰਾਡ ਕਰਦੇ ਰਹੇ ਸਨ।

ਵਰਨਣ ਯੋਗ ਹੈ ਕਿ ਇਨ੍ਹਾਂ ਕਰਮਚਾਰੀਆਂ ਦੀ ਸਟੇਟਮੈਂਟ ਚਾਰਜਸ਼ੀਟ ਦਾ ਹਿੱਸਾ ਹੈ, ਜਿਨ੍ਹਾਂ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਦਰਜ ਕੀਤਾ ਹੈ। ਉਨ੍ਹਾਂ 'ਚੋਂ ਕੁਝ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਕਦੀ ਉਨ੍ਹਾਂ ਕੰਪਨੀਆਂ ਬਾਰੇ ਵੀ ਨਹੀਂ ਸੁਣਿਆ, ਜਿਨ੍ਹਾਂ 'ਚ ਉਨ੍ਹਾਂ ਨੂੰ ਡਾਇਰੈਕਟਰ ਬਣਾਇਆ ਗਿਆ। ਈ ਡੀ ਦੀ ਚਾਰਜਸ਼ੀਟ 'ਚ ਕਿਹਾ ਗਿਆ ਹੈ ਕਿ 1994 ਤੋਂ ਅਹਿਮਦਨਗਰ 'ਚ ਧੂਤ ਦੇ ਬੰਗਲੇ ਵਿੱਚ ਕਲੀਨਰ ਦਾ ਕੰਮ ਕਰਨ ਵਾਲਾ ਕੇਸਰਮਲ ਨੈਨਸੁਖਲਾਲ ਗਾਂਧੀ ਇੰਡੀਅਨ ਰੈਫਰੀਜਰੇਟਰ ਕੰਪਨੀ ਲਿਮਟਿਡ (ਆਈ ਆਰ ਸੀ ਐਲ) 'ਚ ਡਾਇਰੈਕਟਰ ਸੀ। ਉਸ ਨੇ ਖੁਦ ਈ ਡੀ ਨੂੰ ਦੱਸਿਆ ਕਿ ਉਹ ਨਾ ਆਈ ਆਰ ਸੀ ਐਲ ਕੰਪਨੀ ਬਾਰੇ ਜਾਣਦਾ ਹੈ ਅਤੇ ਨਾ ਆਈ ਆਰ ਸੀ ਐਲ ਅਤੇ ਹੋਰ ਲੋਕ ਉਸ ਦੇ ਡਾਇਰੈਕਟਰ ਹੋਣ ਬਾਰੇ ਜਾਣਦੇ ਸਨ। ਉਹ ਕੰਪਨੀ ਵੱਲੋਂ ਕੀਤੇ ਲੈਣ-ਦੇਣ ਬਾਰੇ ਵੀ ਅਣਜਾਣ ਸਨ। ਗਾਂਧੀ ਨੇ ਈ ਡੀ ਨੂੰ ਦੱਸਿਆ ਕਿ ਉਹ ਧੂਤ ਦੇ ਨਿਰਦੇਸ਼ 'ਤੇ ਦਸਤਾਵੇਜ਼ਾਂ 'ਤੇ ਦਸਖ਼ਤ ਕਰਦਾ ਸੀ ਤੇ ਕੰਪਨੀ ਦੀ ਕਿਸੇ ਬੋਰਡ ਮੀਟਿੰਗ 'ਚ ਸ਼ਾਮਲ ਨਹੀਂ ਹੁੰਦਾ ਸੀ।ਇੱਕ ਹੋਰ ਕਰਮਚਾਰੀ ਲਕਸ਼ਮੀਕਾਂਤ ਸੁਧਾਕਰ ਕਟੋਰੇ, ਜਿਸ ਨੇ 2001 ਤੋਂ 2016 ਤੱਕ ਮੈਸਰਸ ਵੀਡੀਓਕਾਨ ਇੰਟਰਨੈਸ਼ਲ 'ਚ ਮਾਲੀ ਵਜੋਂ ਕੰਮ ਕੀਤਾ, ਨੇ ਈ ਡੀ ਨੂੰ ਦੱਸਿਆ ਕਿ ਉਹ ਵੱਖ-ਵੱਖ ਕੰਪਨੀਆਂ 'ਚ ਉਨ੍ਹਾਂ ਦੇ ਡਾਇਰੈਕਟਰ ਅਹੁਦੇ ਅਤੇ ਰਿਅਲ ਕਲੀਨਟੈਕ ਪ੍ਰਾਈਵੇਟ ਲਿਮਟਿਡ ਵਿੱਚ 50 ਫੀਸਦੀ ਦੀ ਹਿੱਸੇਦਾਰੀ ਬਾਰੇ ਅਣਜਾਣ ਸੀ। ਕਟੋਰੇ ਨੂੰ ਕੰਪਨੀ ਤੋਂ ਸਿਰਫ਼ 10,000 ਰੁਪਏ ਮਹੀਨਾ ਤਨਖਾਹ ਮਿਲਦੀ ਸੀ।

ਵੀਡੀਓਕਾਨ ਦਾ ਐਡਮਿਨਿਸਟ੍ਰੇਸ਼ਨ, ਬੈਕਿੰਗ, ਇਨਕਮ ਟੈਕਸ ਅਤੇ ਸੇਵਾ ਟੈਕਸ ਰਿਟਰਨ ਦਾਖਲ ਕਰਨ ਦਾ ਕੰਮ ਕਰਨ ਵਾਲੇ ਵਸੰਤ ਸ਼ੇਸ਼ਰਾਵ ਕਾਕੜੇ ਨੂੰ ਵੀ ਵੀਡੀਓਕਾਨਗਰੁੱਪ ਦੀਆਂ 100 ਤੋਂ ਵੱਧ ਕੰਪਨੀਆਂ ਵਿੱਚ ਡਾਇਰੈਕਟਰ ਬਣਾਇਆ ਗਿਆ ਹੈ। ਉਹ ਗਰੁੱਪ ਦੇ ਨਾਲ 1998 ਤੋਂ ਜੁੜਿਆ ਹੋਇਆ ਸੀ ਤੇ ਉਹ 2008 ਤੋਂ 2011 ਤੱਕ ਸੁਪਰੀਮ ਐਨਰਜੀ ਪ੍ਰਾਈਵੇਟ ਲਿਮਟਿਡ (ਐਸ ਈ ਪੀ ਐਲ) ਦਾ ਡਾਇਰੈਕਟਰ ਵੀ ਰਿਹਾ, ਪਰ ਉਸ ਨੇ ਦਸਖ਼ਤ ਕਰਨ ਤੋਂ ਪਹਿਲਾਂ ਕੋਈ ਦਸਤਾਵੇਜ਼ ਨਹੀਂ ਦੇਖਿਆ।ਦੀਪਕ ਕੋਚਰ ਨੇ ਵੀ ਅਜਿਹੇ ਲੋਕਾਂ ਨੂੰ ਨਿਯੁਕਤ ਕੀਤਾ, ਜਿਨ੍ਹਾਂ ਦਾ ਡਾਇਰੈਕਟਰ ਦੇ ਰੂਪ 'ਚ ਉਨ੍ਹਾਂ ਦੀਆਂ ਕੰਪਨੀਆਂ ਦੇ ਕਾਰੋਬਾਰ ਨਾਲ ਕੋਈ ਲੈਣ-ਦੇਣ ਨਹੀਂ ਸੀ।ਈ ਡੀ ਨੇ ਕੋਚਰ ਜੋੜੇ ਅਤੇ ਉਨ੍ਹਾਂ ਦੀਆਂ ਕਾਰੋਬਾਰੀਯੂਨਿਟਾਂ ਅਤੇ ਵੀਡੀਓਕਾਨ ਗਰੁੱਪ ਦੀਆਂ ਕੰਪਨੀਆਂ ਨੂੰ 1,85 ਕਰੋੜ ਰੁਪਏ ਦਾ ਕਰਜ਼ਾ ਗੈਰ-ਕਾਨੂੰਨੀ ਤਰੀਕੇ ਨਾਲ ਅਲਾਟ ਕਰਨ ਅਤੇ ਉਸ ਵਿੱਚ ਮਨੀ ਲਾਂਡਰਿੰਗ ਦੇ ਦੋਸ਼ ਦਾਇਰ ਕੀਤੇ ਹਨ। ਈ ਡੀ ਮੁਤਾ-ਬਕ ਚੰਦਾ ਕੋਚਰ ਦੀ ਪ੍ਰਧਾਨਗੀ ਵਾਲੀ ਕਮੇਟੀ ਨੇ ਵੀਡੀਓਕਾਨ ਇੰਟਰਨੈਸ਼ਨਲ ਇਲੈਕਟ੍ਰਾਨਿਕਸ ਲਿਮਟਿਡ ਨੂੰ 300 ਕਰੋੜ ਰੁਪਏ ਦਾ ਲੋਨ ਅਲਾਟ ਕੀਤਾ ਸੀ। ਇਸ ਕਰਜ਼ੇ ਦੇ ਪ੍ਰਾਪਤ ਹੋਣ ਤੋਂ ਅਗਲੇ ਹੀ ਦਿਨ 8 ਸਤੰਬਰ 2009 ਨੂੰ ਵੀਡੀਓਕਾਨ ਇੰਡਸਟ੍ਰੀਜ਼ ਲਿਮਟਿਡ ਨੇ 64 ਕਰੋੜ ਰੁਪਏ ਦੀ ਰਾਸ਼ੀ ਉਨ੍ਹਾਂ ਦੇ ਪਤੀ ਦੀ ਕੰਪਨੀ ਨਿਊਪਾਵਰ ਰਿਨਿਊਏਬਲ ਪ੍ਰਾਈਵੇਟ ਲਿਮਟਿਡ (ਐਨ ਆਰ ਪੀ ਐਲ) ਨੂੰ ਟ੍ਰਾਂਸਫਰ ਕੀਤੀ ਸੀ। ਐਨ ਆਰ ਪੀ ਐਲ ਨੂੰ ਪਹਿਲਾਂ ਨਿਊਪਾਵਰ ਰਿਨਿਊਏਬਲ ਲਿਮਟਿਡ (ਐਨ ਆਰ ਐਲ) ਦੇ ਨਾਂ ਨਾਲ ਜਾਣਿਆ ਜਾਂਦਾ ਸੀ।

# ਖ਼ੁਰਾਕ ਘੋਟਾਲਾ-2015 ਮਾਮਲੇ ਵਿਚ ਹਰਿਆਣਾ ਦੇ 12 ਅਫਸਰਾਂ ਸਮੇਤ 58 ਡੀਪੂ ਹੋਲਡਰਾਂ ਉਤੇ ਕੇਸ



ਸਿਰਸਾ, 10 ਦਸੰਬਰ (ਪੋਸਟ ਬਿਊਰੋ)- ਇਸ ਜ਼ਿਲ੍ਹੇ ਵਿੱਚ ਤਿੰਨ ਸਾਲ ਪਹਿਲਾਂ ਖ਼ੁਰਾਕ ਸਪਲਾਈ ਵਿਭਾਗ ਦੇ ਅਫਸਰਾਂ ਅਤੇ ਡੀਪੂ ਹੋਲਡਰਾਂ ਵੱਲੋਂ ਕੀਤੇ ਗਏ 15 ਹਜ਼ਾਰ ਕੁਇੰਟਲ ਕਣਕ ਘੋਟਾਲੇ ਦੀ ਦੱਬੀ ਪਈ ਫਾਈਲ 'ਤੇ ਐਸ ਪੀ ਭੂਪਿੰਦਰ ਸਿੰਘ ਨੇ ਤੇਜ਼ੀ ਨਾਲ ਜਾਂਚ ਕਰਦੇ ਹੋਏ ਕੱਲ੍ਹ ਵੱਡਾ ਐਕਸ਼ਨ ਲਿਆ ਹੈ।

ਐਸ ਪੀ ਦੀ ਟੀਮ ਵਿਚਲੇ ਸੀ ਆਈ ਏ ਨੇ ਇੰਸਪੈਕਟਰ ਨਰੇਸ਼ ਕੁਮਾਰ ਦੀ ਅਗਵਾਈ ਹੇਠ ਘੋਟਾਲੇ ਵਿੱਚ ਸ਼ਾਮਲ ਖ਼ੁਰਾਕ ਸਪਲਾਈ ਵਿਭਾਗ ਦੇ ਦੋ ਰਿਟਾਇਰਡ ਇੰਸਪੈਕਟਰਾਂ ਅਤੇ ਚਾਰ ਮੌਜੂਦਾ ਏ ਐਫ ਐਸ ਓਜ਼ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਇਸ ਵਿੱਚ ਏ ਐਫ ਐਸ ਓ (ਸਹਾਇਕ ਖ਼ੁਰਾਕ ਸਪਲਾਈ ਅਫਸਰ) ਜਗਤ ਪਾਲ ਰਾਣੀਆਂ, ਏ ਐਫ ਐਸ ਓ ਨਰਿੰਦਰ ਸਰਦਾਨਾ ਸਿਰਸਾ, ਏ ਐਫ ਐਸ ਓ ਸੰਜੀਵ ਕੁੰਡੂ ਸਿਰਸਾ, ਰਵਿੰਦਰ ਕੁਮਾਰ ਸਟੋਰ ਕੀਪਰ ਕਾਨਫੈੱਡ, ਰਿਟਾਇਰਡ ਇੰਸਪੈਕਟਰ ਫੂਡ ਸਪਲਾਈ ਅਸ਼ੋਕ ਕੁਮਾਰ, ਰਿਟਾਇਰਡ ਸਟੋਰ ਕੀਪਰ ਮਹਿੰ-ਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੇ ਬਾਅਦ ਇਸ ਘੋਟਾਲੇ ਨਾਲ ਜੁੜੇ ਹੋਏ ਹੋਰਨਾਂ ਦੋਸ਼ੀਆਂ ਅਤੇ ਕਣਕ ਖਰੀਦਣ ਅਤੇ ਵੇਚਣ ਵਾਲਿਆਂ ਦੇ ਨਾਂਵਾਂ ਬਾਰੇ ਪੁੱਛਗਿੱਛ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਐਸ ਪੀ ਨੇ ਤਿੰਨ ਸਾਲ ਤੋਂ ਦੱਬੀ ਫਾਈਲ ਦੀ ਜਾਂਚ ਕਰਵਾਈ ਅਤੇ ਡੀ ਐਸ ਪੀ ਆਰੀਅਨ ਚੌਧਰੀ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਟੀਮ(ਐਸ ਆਈ ਟੀ) ਬਣਾਈ ਸੀ, ਜਿਸ ਦੀ ਜਾਂਚ ਵਿੱਚ ਦੋਸ਼ੀ ਪਾਏ ਜਾਣ 'ਤੇ ਗ੍ਰਿਫਤਾਰੀ ਦਾ ਜ਼ਿੰਮਾ ਐਸ ਪੀ ਨੇ ਸੀ ਆਈ ਏ ਪੁਲਸ ਨੂੰ ਸੌਂਪਿਆ ਹੈ। ਇਸ ਵਿੱਚ 58 ਡੀਪੂ ਹੋਲਡਰਾਂ ਤੇ ਵਿਭਾਗ ਦੇ 12 ਅਧਿਕਾਰੀਆਂ ਦੇ ਖਿਲਾਫ ਕੇਸ ਦਰਜ ਹੋਇਆ ਹੈ।

# ਕੋਰੋਨਾ ਇਨਫੈਕਟਡ ਮਰੀਜ਼ਾਂ ਦੇ ਘਰਾਂ ਅੱਗੇ ਪੋਸਟਰ ਨਾ ਲਾਓ: ਸੁਪਰੀਮ ਕੋਰਟ

ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੇਂਦਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਗੌਰ ਕਰਦੇ ਹੋਏ ਫਿਰ ਕਿਹਾ ਕਿ ਅਧਿਕਾਰੀਆਂ ਨੂੰ ਕੋਰੋਨਾ ਵਾਇਰਸ ਤੋਂ ਇਨਫੈਕਟਡ ਮਰੀਜ਼ਾਂ ਦੇ ਘਰਾਂ ਦੇ ਬਾਹਰ ਪੋਸਟਰ ਅਤੇ 'ਸਾਈਨੇਜ' (ਨਿਰਦੇਸ਼ਕ ਜਾਂ ਚਿਤਾਵਨੀ ਸੰਕੇਤ) ਨਹੀਂ ਲਾਉਣੇ ਚਾਹੀਦੇ। ਅਦਾਲਤ ਨੇ ਕਿਹਾ ਕਿ ਜੇ ਯੋਗ ਅਧਿਕਾਰੀ ਆਫਤ ਪ੍ਰਬੰਧ ਕਾਨੂੰਨ ਅਧੀਨ ਵਿਸ਼ੇਸ਼ ਨਿਰਦੇਸ਼ ਜਾਰੀ ਕਰਨ ਤਾਂ ਇਹ ਪੋਸਟਰ ਵਿਸ਼ੇਸ਼ ਕੇਸ ਵਿੱਚ ਲਾਏ ਜਾ ਸਕਦੇ ਹਨ।

ਜਸਟਿਸ ਅਸ਼ੋਕ ਭੂਸ਼ਣ ਦੀ ਅਗਵਾਈ ਵਾਲੇ ਬੈਂਚ ਨੇ ਕੋਰੋਨਾ ਵਾਇਰਸ ਤੋਂ ਇਨਫੈਕਟਡ ਲੋਕਾਂ ਦੇ ਘਰਾਂ ਮੂਹਰੇ ਪੋਸਟਰ ਨਾ ਲਾਉਣ ਦੇ ਨਿਰਦੇਸ਼ ਦਿੱਤੇ ਜਾਣ ਦੀ ਅਪੀਲ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਇਹ ਕਿਹਾ। ਬੈਂਚ ਨੇ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਕਿਹਾ ਕਿ ਕੇਂਦਰ ਨੇ ਪਹਿਲਾਂ ਹੀ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਹਨ। ਇਸ ਲਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇਸ ਪ੍ਰਕਾਰ ਦੇ ਪੋਸਟਰ ਨਹੀਂ ਲਾਉਣੇ ਚਾਹੀਦੇ। ਕੇਂਦਰ ਨੇ ਪਹਿਲਾਂ ਅਦਾਲਤ ਨੂੰ ਕਿਹਾ ਸੀ ਕਿ ਦਿਸ਼ਾ-ਨਿਰਦੇਸ਼ਾਂ ਵਿੱਚ ਕੋਵਿਡ-19 ਮਰੀਜ਼ਾਂ ਦੇ ਘਰਾਂ ਦੇ ਬਾਹਰ ਪੋਸਟਰ ਲਾਉਣ ਦਾ ਕੋਈ ਨਿਰਦੇਸ਼ ਨਹੀਂ ਦਿੱਤਾ ਗਿਆ ਹੈ। ਪੋਸਟਰ ਲਾਉਣ ਦਾ ਮਕਸਦ ਕਿਸੇ ਨੂੰ 'ਕਲੰਕਿਤ ਕਰਨਾ' ਨਹੀਂ ਸੀ।

# ਸੁਸ਼ਾਂਤ ਕੇਸ 'ਚ ਐਨ ਸੀ ਬੀ ਨੇ ਮਲਾਨਾ ਕ੍ਰੀਮ ਨਾਮੀ 2.5 ਕਰੋੜ ਰੁਪਏ ਦਾ ਨਸ਼ੀਲਾ ਪਦਾਰਥ ਫੜਿਆ

ਮੁੰਬਈ, 10 ਦਸੰਬਰ (ਪੋਸਟ ਬਿਊਰੋ)- ਫਿਲਮ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਨਾਲ ਜੁੜੇ ਨਸ਼ੀਲੇ ਪਦਾਰਥ ਕੇਸ ਵਿੱਚ ਇੱਕ ਫਰਾਰ ਮੁਲਜ਼ਮ ਨੂੰ ਐਨ ਸੀ ਬੀ ਨੇ ਗ੍ਰਿਫ਼ਤਾਰ ਕੀਤਾ ਹੈ, ਇਸ ਦੇ ਨਾਲ ਮੁੰਬਈ ਵਿੱਚ ਛਾਪੇ ਮਾਰਕੇ 2.5 ਕਰੋੜ ਰੁਪਏ ਦੇ ਇੱਕ ਨਸ਼ੀਲੇ ਪਦਾਰਥ 'ਮਲਾਨਾ ਕ੍ਰੀਮ' ਨੂੰ ਜ਼ਬਤ ਕੀਤਾ ਗਿਆ ਹੈ। ਰਾਜਪੂਤ ਦੀ ਮੌਤ ਨਾਲ ਜੁੜੇ ਮਾਮਲੇ ਵਿੱਚ ਨਸ਼ੀਲੇ ਪਦਾਰਥ ਦੀ ਇਹ ਸਭ ਤੋਂ ਵੱਡੀ ਬਰਾਮਦਗੀ ਹੈ। ਮੁੰਬਈ ਦੇ ਲੋਖੰਡਵਾਲਾ ਸਮੇਤ ਕੁਝ ਇਲਾਕਿਆਂ ਵਿੱਚ ਛਾਪੇ ਮਾਰਨ ਪਿੱਛੋਂ ਇੱਕ ਦੋਸ਼ੀ ਰੀਗਲ ਮਹਾਕਾਲ ਨੂੰ ਫੜਿਆ ਗਿਆ। ਇਸ ਕੇਸ ਵਿੱਚ ਨਸ਼ੀਲੀਆਂ ਵਸਤਾਂ ਦੇ ਕੁਝ ਸਮੱਗਲਰਾਂ ਕੋਲੋਂ ਪੁੱਛਗਿੱਛ ਦੌਰਾਨ ਰੀਗਲ ਦਾ ਨਾਂ ਸਾਹਮਣੇ ਆਇਆ ਸੀ। ਰੀਗਲ ਨੂੰ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਉਸ ਨੂੰ 11 ਦਸੰਬਰ ਤੱਕ ਐਨ ਸੀ ਬੀ ਹਿਰਾਸਤ ਵਿੱਚ ਭੇਜ ਦਿੱਤਾ। ਵਿਸ਼ੇਸ਼ ਸਰਕਾਰੀ ਵਕੀਲ ਅਤੁਲ ਨੇ ਕਿਹਾ ਕਿ ਐਨ ਸੀ ਬੀ ਨੇ ਅਦਾਲਤ ਨੂੰ ਦੱਸਿਆ ਕਿ ਇਸ ਕੇਸ ਦੀ ਜਾਂਚ ਜਾਰੀ ਹੈ। ਗ੍ਰਿਫ਼ਤਾਰ ਕੀਤੇ ਗਏ ਹੋਰ ਮੁਲਜ਼ਮਾਂ ਨਾਲ ਆਹਮੋ-ਸਾਹਮਣੇ ਕਰਵਾਉਣ ਲਈ ਰੀਗਲ ਨੂੰ ਹਿਰਾਸਤ ਵਿੱਚ ਲੈਣਾ ਜ਼ਰੂਰੀ ਹੈ। ਉਹ ਇਸ ਮਾਮਲੇ ਵਿੱਚ ਇੱਕ ਮੁਲਜ਼ਮ ਅਨੁਜ ਨੂੰ ਨਸ਼ੀਲੀਆਂ ਵਸਤਾਂ ਦੀ ਸਪਲਾਈ ਕਰਦਾ ਸੀ। ਅਨੁਜ ਨੂੰ ਵੀ ਨਸ਼ੀਲੀਆਂ ਵਸਤਾਂ ਦੀ ਸਮੱਗਲਿੰਗ ਦੇ ਦੋਸ਼ ਹੇਠ ਸਤੰਬਰ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਛਾਪਿਆਂ ਦੌਰਾਨ ਇੱਕ ਹੋਰ ਵਿਅਕਤੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ, ਪਰ ਉਸ ਬਾਰੇ ਵਧੇਰੇ ਵੇਰਵੇ ਨਹੀਂ ਮਿਲ ਸਕੇ।

# ਭਾਰਤ ਵਿੱਚ ਹਰ ਇੱਕ ਲੱਖ ਵਿੱਚੋਂ ਦਸ ਲੋਕਾਂ ਦੀ ਮੌਤ ਕੋਰੋਨਾ ਦੇ ਨਾਲ ਹੋਈ

* ਚੀਨ ਵਿੱਚ ਸਿਰਫ ਦਸ ਲੱਖ ਪਿੱਛੇ ਤਿੰਨ ਲੋਕ ਮਰੇ

ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਭਾਰਤ ਵਿੱਚ ਪਿਛਲੇ ਕੁਝ ਦਿਨਾਂ ਤੋਂ ਕੋਰੋਨਾ ਵਾਇਰਸ ਦੇ ਪ੍ਰਸਾਰ ਦੀ ਹਾਲਤ ਕੰਟਰੋਲ ਵਿੱਚ ਕਹੀ ਜਾ ਸਕਦੀ ਹੈ, ਪਰਇਸ ਦੀ ਹਰ 10 ਲੱਖ ਦੀ ਆਬਾਦੀ ਪਿੱਛੇ ਕੋਰੋਨਾ ਨਾਲ ਜਾਨ ਗਵਾਉਣ ਵਾਲੇ ਲੋਕਾਂ ਦੀ ਗਿਣਤੀ 100 ਤੋਂ ਵਧਦੀ ਹੈ। ਭਾਰਤ ਸਮੇਤ ਕੁੱਲ 71 ਦੇਸ਼ ਅਜਿਹੇ ਹਨ, ਜਿੱਥੇ ਇਹ ਅੰਕੜਾ 100 ਨੂੰ ਪਾਰ ਹੋਇਆ ਹੈ, ਜਦ ਕਿ ਚੀਨ ਵਿੱਚ ਬਹੁਤ ਘੱਟ ਅਨੁਪਾਤ ਬਣਦਾ ਹੈ।

ਯੂਰਪੀ ਦੇਸ਼ ਬੈਲਜੀਅਮ ਵਿੱਚ ਸਭ ਤੋਂਵੱਧਪ੍ਰਤੀ 10 ਲੱਖ ਦੀ ਆਬਾਦੀ ਪਿੱਛੇ 1451.1 ਮੌਤਾਂ ਹੋਈਆਂ ਹਨ। ਪੇਰੂ ਹਰ ਦਸ ਲੱਖ ਪਿੱਛੇ 1090.8 ਮੌਤਾਂ ਨਾਲ ਦੂਸਰੇ ਨੰਬਰ 'ਤੇ ਹੈ। ਇਸ ਦੇ ਬਾਅਦ ਸਪੇਨ, ਇਟਲੀ ਅਤੇ ਯੂ ਕੇ ਦਾ ਨੰਬਰ ਹੈ। ਅਮਰੀਕਾ 10ਵੇਂ ਸਥਾਨ ਉੱਤੇ ਹੈ। ਈਰਾਨ 24ਵੇਂ, ਸਵਿੱਟਜ਼ਰਲੈਂਡ 25ਵੇਂ ਅਤੇ ਨੀਦਰਲੈਂਡ 27ਵੇਂ ਸਥਾਨ 'ਤੇ ਹੈ। ਯੂਰਪੀ ਤੇ ਅਮਰੀਕੀ ਦੇਸ਼ਾਂ ਦੇ ਮੁਕਾਬਲੇ ਭਾਰਤ ਦੀ ਸਥਿਤੀ ਕਾਫੀ ਚੰਗੀ ਹੈ, ਪਰ ਦੁਨੀਆ ਦੀ ਦੂਸਰੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਇਸ ਪੱਖ ਤੋਂ ਦੂਸਰੇ ਦੇਸ਼ਾਂ ਤੋਂ ਚੰਗੀ ਸਥਿਤੀ ਵਿੱਚ ਹੈ। ਉਥੇ ਕੋਰੋਨਾ ਨਾਲ ਪ੍ਰਤੀ 10 ਲੱਖ ਲੋਕਾਂ ਵਿੱਚ ਸਿਰਫ 3.3 ਮੌਤਾਂ ਹੋਈਆਂ ਹਨ। ਜਾਪਾਨ ਅਤੇ ਦੱਖਣੀ ਕੋਰੀਆ ਵੀ ਚੀਨ ਵਰਗੀ ਸਥਿਤੀ ਵਿੱਚ ਹਨ।

# 64 ਦੇਸ਼ਾਂ ਦੇ ਦੂਤਾਂ ਵੱਲੋਂ ਹੈਦਰਾਬਾਦ ਵਿੱਚ ਭਾਰਤ ਬਾਇਓਟੈਕ ਦੇ ਪਲਾਂਟ ਦਾ ਦੌਰਾ

ਹੈਦਰਾਬਾਦ, 10 ਦਸੰਬਰ (ਪੋਸਟ ਬਿਊਰੋ)- ਤੇਲੰਗਾਨਾ ਦੇ ਹੈਦਰਾਬਾਦ ਵਿਚਲੇ ਭਾਰਤ ਬਾਇਓਟੈਕ ਫੈਸਿਲਟੀ ਦਾ 64 ਤੋਂ ਜ਼ਿਆਦਾ ਦੇਸ਼ਾਂ ਦੇ ਦੂਤਾਂ ਨੇ ਦੌਰਾ ਕੀਤਾ ਹੈ, ਜੋ ਕੋਰੋਨਾ ਲਈ ਭਾਰਤ ਦਾ ਪਹਿਲਾ ਦੇਸ਼ੀ ਟੀਕਾ ਕੋਵੈਕਸੀਨ ਬਣਾ ਰਿਹਾ ਹੈ। ਏਅਰ ਇੰਡੀਆ ਦੀ ਵਿਸ਼ੇਸ਼ ਉਡਾਣ ਰਾਹੀਂ ਹੈਦਰਾਬਾਦ ਪਹੁੰਚ ਕੇ ਰਾਜਦੂਤ ਤੇ ਹਾਈ ਕਮਿਸ਼ਨਰ ਭਾਰਤ ਬਾਇਓਟੈਕ ਅਤੇ ਬਾਇਓਲਾਜੀਕਲ ਈ ਦੀ ਯਾਤਰਾ ਲਈ ਸ਼ਹਿਰ ਦੇ ਬਾਹਰੀ ਇਲਾਕੇ ਜੀਨੋਮ ਵੈਲੀ ਪਹੁੰਚੇ। ਓਥੇ ਦੋਵਾਂ ਕੰਪਨੀਆਂ ਦੇ ਕੋਰੋਨਾ ਦੇ ਟੀਕੇ ਵਿਕਸਿਤ ਕਰਨ ਦੀ ਤਕਨੀਕ ਨੂੰ ਵੇਖਣ ਲਈ ਕੂਟਨੀਤਕ ਅਧਿਕਾਰੀ ਹੈਦਰਾਬਾਦ ਦੀ ਇੱਕ ਦਿਨਾ ਦੌਰੇ 'ਤੇ ਸਨ। ਭਾਰਤ ਬਾਇਓਟੈਕ ਦੇ ਪ੍ਰਧਾਨ ਕ੍ਰਿਸ਼ਨ ਏਲਾ ਨੇ ਆਪਣੀ ਕੰਪਨੀ ਤੇ ਟੀਕੇ ਦੀ ਜਾਣਕਾਰੀ ਦਿੱਤੀ।

ਕ੍ਰਿਸ਼ਨ ਏਲਾ ਨੇ ਦੱਸਿਆ ਕਿ 33 ਫੀਸਦੀ ਵਿਸ਼ਵ ਪੱਧਰੀ ਵੈਕਸੀਨ ਜੀਨੋਮ ਵੈਲੀ 'ਚ ਬਣਾਈ ਗਈ ਹੈ ਤੇ ਪ੍ਰਧਾਨ ਮੰਤਰੀ ਦੇ ਕਹੇ ਅਨੁਸਾਰ ਇਹ ਵੈਕਸੀਨ ਮਨੁੱਖਤਾ ਲਈ ਉਪਲੱਬਧ ਹੋਵੇਗੀ। ਭਾਰਤ ਵਿੱਚ ਡੈਨਮਾਰਕ ਦੇ ਰਾਜਦੂਤ ਐਫ ਸਵੇਨ ਨੇ ਕਿਹਾ ਕਿ ਮੈਂ ਇਹ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ ਹਾਂ ਕਿ ਤੁਸੀਂ ਕਿੰਨੇ ਅੱਗੇ ਨਿਕਲ ਚੁੱਕੇ ਹੋ। ਆਸਟ੍ਰੇਲੀਆ ਦੇ ਰਾਜਪੂਤ ਬੈਰੀ ਓ ਫੈਰਲ ਨੇ ਕਿਹਾ ਕਿ ਦੁਨੀਆ ਦੇ ਕਈ ਦੇਸ਼ਾਂ 'ਚ ਵੈਕਸੀਨ ਦਾ ਉਤਪਾਦਨ ਕੀਤਾ ਜਾ ਰਿਹਾ ਹੈ ਅਤੇ ਕੇਵਲ ਇੱਕ ਦੇਸ਼ ਅਜਿਹਾ ਹੈ, ਜਿਸ ਦੀ ਨਿਰਮਾਣ ਤੇ ਉਤਪਾਦਨ ਸਮੱਰਥਾ ਏਨੀ ਹੈ, ਜੋ ਹਰ ਦੇਸ਼ ਦੇ ਨਾਗਰਿਕਾਂ ਦੀ ਮੰਗ ਪੂਰੀ ਕਰ ਸਕਦਾ ਤੇ ਇਹ ਦੇਸ਼ ਭਾਰਤ ਹੈ।

# ਗੋਬਿੰਦ ਸਾਗਰ ਝੀਲ ਵਿੱਚ ਕਿਸ਼ਤੀ ਡੁੱਬਣ ਨਾਲ 3 ਨੌਜਵਾਨਾਂ ਦੀ ਮੌਤ



ਊਨਾ, 10 ਦਸੰਬਰ (ਪੋਸਟ ਬਿਊਰੋ)- ਗੋਬਿੰਦ ਸਾਗਰ ਝੀਲ ਵਿੱਚ ਬੋਟਿੰਗ ਕਰਦੇ ਹੋਏ ਤਿੰਨ ਨੌਜਵਾਨ ਡੁੱਬ ਗਏ, ਜਿਨ੍ਹਾਂ ਦੇ ਸੰਬੰਧ ਵਿੱਚ ਪੁਲਸ ਵੱਲੋਂ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਕੱਲ੍ਹ ਬਾਅਦ ਦੁਪਹਿਰ ਗੋਬਿੰਦ ਸਾਗਰ ਝੀਲ 'ਚ ਬੋਟਿੰਗ ਕਰਨ ਲਈ ਚਾਰ ਨੌਜਵਾਨ ਕਿਸ਼ਤੀ ਲੈ ਕੇ ਝੀਲ ਵਿੱਚ ਉਤਰ ਗਏ ਅਤੇ ਝੀਲ ਦੇ ਵਿਚਕਾਰ ਜਾਣ 'ਤੇ ਕਿਸ਼ਤੀ ਪਲਟ ਗਈ। ਇੱਕ ਨੌਜਵਾਨ ਨੇ ਤਰ ਕੇ ਜਾਨ ਬਚਾ ਲਈ, ਪਰ ਤਿੰਨ ਨੌਜਵਾਨਾਂ ਦੀ ਡੁੱਬਣ ਨਾਲ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਚਾਰ ਨੌਜਵਾਨ ਜੀਵਨ ਕੁਮਾਰ, ਕਰਨੈਲ ਸਿੰਘ, ਆਸ਼ੂ ਅਤੇ ਦੀਪਕ ਕਿਸ਼ਤੀ ਲੈ ਕੇ ਝੀਲ ਵਿੱਚ ਬੋਟਿੰਗ ਕਰਨ ਲੱਗੇ ਕਿ ਅਚਾਨਕ ਕਿਸ਼ਤੀ ਪਲਟ ਗਈ। ਨੌਜਵਾਨ ਜੀਵਨ ਕੁਮਾਰ ਨਿਵਾਸੀ ਬੀਹੜੂ ਨੇ ਤਰ ਕੇ ਆਪਣੀ ਜਾਨ ਬਚਾਅ ਲਈ, ਪਰ ਤਿੰਨ ਨੌਜਵਾਨ ਤੈਰਨਾ ਨਾ ਜਾਨਣ ਕਾਰਨ ਡੁੱਬ ਗਏ। ਮ੍ਰਿਤਕਾਂ ਵਿੱਚ ਕਰਨੈਲ ਸਿੰਘ ਪੁੱਤਰ ਦੇਸਰਾਜ ਵਾਸੀ ਥਾਣਾ ਕਲਾਂ, ਆਸ਼ੂ ਪੁੱਤਰ ਮਾਡੂ ਰਾਮ ਵਾਸੀ ਚੁਲਹੜੀ ਅਤੇ ਦੀਪਕ ਨਿਵਾਸੀ ਮਕਰੈੜ ਸ਼ਾਮਲ ਹਨ। ਕਰਨੈਲ ਸਿੰਘ ਦੀ ਲਾਸ਼ ਨੂੰ ਝੀਲ 'ਚੋਂ ਕੱਢ ਲਿਆ ਗਿਆ ਹੈ ਜਦੋਂ ਕਿ ਦੋ ਨੌਜਵਾਨਾਂ ਦੀਆਂ ਲਾਸ਼ਾਂ ਹੁਣ ਤੱਕ ਬਰਾਮਦ ਨਹੀਂ ਹੋ ਸਕੀਆਂ।

# ਹਿੰਦੂਆਂ ਤੇ ਜੈਨੀਆਂ ਨੇ ਕੁਤੁਬ ਮੀਨਾਰ ਕੰਪਲੈਕਸ ਵਿੱਚ ਪੂਜਾ ਦਾ ਅਧਿਕਾਰ ਮੰਗਿਆ

* ਭਗਵਾਨ ਵਿਸ਼ਣੂ ਅਤੇ ਰਿਸ਼ਭਦੇਵ ਵੱਲੋਂ ਅਦਾਲਤ ਵਿੱਚ ਕੇਸ ਦਾਇਰ



ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਕੁਤਬ ਮੀਨਾਰ ਕੰਪਲੈਕਸ ਵਿਚਲੀ ਕੁੱਵਤ ਉਲ ਇਸਲਾਮ ਮਸਜਿਦ ਸਮੇਤ ਹਿੰਦੂਆਂ ਅਤੇ ਜੈਨੀਆਂ ਦੇ 27 ਮੰਦਰਾਂ ਨੂੰ ਤੋੜ ਕੇ ਮਸਜਿਦਾਂ ਬਣਾਏ ਜਾਣ ਦਾ ਦੋਸ਼ ਲਾ ਕੇ ਉਥੇ ਦੇਵਤਿਆਂ ਦੀ ਮੁੜ ਸਥਾਪਨਾ ਅਤੇ ਪੂਜਾ-ਪਾਠ ਦਾ ਅਧਿਕਾਰ ਮੰਗਿਆ ਗਿਆ ਹੈ।

ਇਸ ਸੰਬੰਧ ਵਿੱਚ ਦਿੱਲੀ ਦੇ ਸਾਕੇਤ ਕੋਰਟ ਵਿੱਚ ਭਗਵਾਨ ਵਿਸ਼ਣੂ ਅਤੇ ਭਗਵਾਨ ਰਿਸ਼ਭਦੇਵ ਵੱਲੋਂ ਕੇਸ ਦਾਇਰ ਕਰਕੇ ਭਗਨਾ-ਵਸਥਾ ਵਿੱਚ ਪਈਆਂ ਦੇਵਤਿਆਂ ਦੀਆਂ ਮੂਰਤੀਆਂ ਦੀ ਮੁੜ ਸਥਾਪਨਾ ਕਰਨ ਅਤੇ ਪੂਜਾ ਦਾ ਪ੍ਰਬੰਧ ਕੀਤੇ ਜਾਣ ਦੀ ਮੰਗ ਕੀਤੀ ਗਈ ਹੈ। ਇਸ ਕੇਸ ਨੂੰ ਵਿਚਾਰ ਲਈ ਸਵੀਕਾਰ ਕਰਨ ਦੇ ਮੁੱਦੇ 'ਤੇ ਸਾਕੇਤ ਕੋਰਟ ਵਿੱਚ ਸਿਵਲ ਜੱਜ ਨੇਹਾ ਸ਼ਰਮਾ ਦੀ ਅਦਾਲਤ ਵਿੱਚ ਕੱਲ੍ਹ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਹੋਈ, ਜਿਸ 'ਤੇ ਅਗਲੀ ਸੁਣਵਾਈ 24 ਦਸੰਬਰ ਨੂੰ ਹੋਵੇਗੀ।ਇਸ ਕੇਸਦੇ ਕੁੱਲ ਪੰਜ ਪਟੀਸ਼ਨਰ ਹਨ। ਪਹਿਲੇ ਪਟੀਸ਼ਨਰ ਤੀਰਥੰਕਰ ਭਗਵਾਨ ਰਿਸ਼ਭਦੇਵ ਹਨ, ਜਿਨ੍ਹਾਂਵੱਲੋਂ ਹਰੀਸ਼ੰਕਰ ਜੈਨ ਨੇ ਨੇੜਲਾ ਮਿੱਤਰ ਬਣਕੇ ਕੇਸ ਕੀਤਾ ਹੈ। ਦੂਸਰੇ ਪਟੀਸ਼ਨਰ ਭਗਵਾਨ ਵਿਸ਼ਣੂ ਹਨ, ਜਿਨ੍ਹਾਂਵੱਲੋਂ ਰੰਜਨਾ ਅਗਨੀਹੋਤਰੀ ਨੇ ਕੇਸ ਕੀਤਾ ਹੈ।

ਇਨ੍ਹਾਂ ਕੇਸਾਂ ਵਿੱਚ ਭਾਰਤ ਸਰਕਾਰ ਅਤੇ ਭਾਰਤੀ ਪੁਰਾਤੱਤਵ ਸਰਵੇਖਣ (ਏ ਐਸ ਆਈ) ਨੂੰ ਧਿਰ ਬਣਾਇਆ ਗਿਆ ਹੈ। ਦਾਇਰ ਕੀਤੀ ਗਈ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਦੇ ਕੁਤਬ ਮੀਨਾਰ ਕੰਪਲੈਕਸ ਵਿਚਲੀ ਕੁੱਵਤ ਉਲ ਇਸਲਾਮ ਮਸਜਿਦ ਨੂੰ ਹਿੰਦੂਆਂ ਅਤੇ ਜੈਨੀਆਂ ਦੇ 27 ਮੰਦਰ ਤੋੜ ਕੇ ਉਨ੍ਹਾਂ ਦੇ ਮਲਬੇ ਨਾਲ ਬਣਾਇਆ ਗਿਆ ਹੈ। ਇਸ ਮਸਜਿਦ ਦੀ ਉਸਾਰੀ ਹਮਲਾਵਰ ਮੁਹੰਮਦ ਗੌਰੀ ਦੇ ਕਮਾਂਡਰ ਕੁਤਬਦੀਨ ਏਬਕ ਨੇ ਕਰਵਾਈ ਸੀ ਤੇ ਉਥੇ ਦੇਵੀ-ਦੇਵਤਿਆਂ ਦੀਆਂ ਸੈਂਕੜੇ ਖੰਡਿਤ ਮੂਰਤੀਆਂ ਅੱਜ ਵੀ ਹਨ। ਨਾਲ ਇਹ ਕਿਹਾ ਗਿਆ ਹੈ ਕਿ ਇਹ ਕੇਸਇਨ੍ਹਾਂ ਤੋੜੇ ਗਏ ਮੰਦਰਾਂ ਦੀ ਮੁੜ ਸਥਾਪਨਾ ਲਈ ਭਾਰਤ ਦੇ ਸੰਵਿਧਾਨ ਦੀ ਧਾਰਾ 25 ਅਤੇ 26 ਵਿੱਚ ਮਿਲੇ ਹੋਏ ਧਾਰਮਿਕ ਆਜ਼ਾਦੀ ਦੇ ਅਧਿਕਾਰਾਂ ਹੇਠਦਾਖਲ ਕੀਤਾ ਗਿਆ ਹੈ।ਪਟੀਸ਼ਨਰ ਵਜੋਂ ਖੁਦ ਬਹਿਸ ਕਰਦੇ ਹੋਏ ਹਰੀਸ਼ੰਕਰ ਜੈਨ ਨੇ ਕਿਹਾ ਕਿ ਇਸ ਮਾਮਲੇ ਵਿੱਚ ਇਤਿਹਾਸਕ ਅਤੇ ਏ ਐਸ ਆਈ ਦੇ ਸਬੂਤ ਹਨ, ਜਿਨ੍ਹਾਂ ਤੋਂ ਸਾਬਿਤ ਹੁੰਦਾ ਹੈ ਕਿ ਇਸਲਾਮ ਦੀ ਤਾਕਤ ਪ੍ਰਦਰਸ਼ਿਤ ਕਰਨ ਦੇ ਲਈ ਕੁਤਬਦੀਨ ਏਬਕ ਨੇ ਮੰਦਰਾਂ ਨੂੰ ਤੋੜ ਕੇ ਮਸਜਿਦ ਦਾ ਨਿਰਮਾਣ ਕਰਵ-ਾਇਆ ਸੀ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available

1888 864 3131



Jasbir Singh Hundal
Qualified Credit Counsellor

416-502-3100

Unit #20 - 7015 Tranmere Drive Mississauga, ON L5S 1T7

REXDALE BODY SHOP

USED CAR SALE



CHEEMA

LOWEST PRICE IN TOWN

Towing Service Car Paint Starts $799* upto 100% Deductible Paid*

Specialization In:

- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED



25 years of Canadian Experience

OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca
mcheemaaaa@hotmail.com



# ਟਰੰਪ ਨੇ ਅਮਰੀਕੀਆਂ ਨੂੰ ਸਭ ਤੋਂ ਪਹਿਲਾਂ ਟੀਕਾ ਮਿਲਣ ਦੇ ਹੁਕਮ ਉਤੇ ਦਸਤਖ਼ਤ ਕੀਤੇ

ਵਾਸ਼ਿੰਗਟਨ 10 ਦਸੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਸਰਕਾਰੀ ਹੁਕਮ ਉੱਤੇ ਦਸਖਤ ਕੀਤੇ ਹਨ, ਜਿਸ ਤਹਿਤ ਦੂਜੇ ਦੇਸ਼ਾਂ ਦੀ ਮਦਦ ਤੋਂ ਪਹਿਲਾਂ ਅਮਰੀਕੀ ਲੋਕਾਂ ਨੂੰ ਕੋਰੋਨਾ ਦਾ ਟੀਕਾ ਦੇਣਾ ਯਕੀਨੀ ਬਣਾਉਣ ਨੂੰ ਪਹਿਲ ਦਿੱਤੀ ਜਾਵੇਗੀ। ਟਰੰਪ ਨੇ ਕਿਹਾ ਕਿ ਜ਼ਰੂਰੀ ਹੋਇਆ ਤਾਂ ਸਭ ਤੋਂ ਪਹਿਲਾਂ ਅਮਰੀਕੀ ਨਾਗਰਿਕਾਂ ਨੂੰ ਟੀਕਾ ਯਕੀਨੀ ਬਣਾਉਣ ਲਈ ਰੱਖਿਆ ਉਤਪਾਦਨ ਕਾਨੂੰਨ (ਡਿਫੈਂਸ ਪ੍ਰੋਡਕਸ਼ਨ ਐਕਟ) ਵੀ ਲਾਗੂ ਕਰਨਗੇ।



ਵਰਨਣ ਯੋਗ ਹੈ ਕਿ ਰੱਖਿਆ ਉਤਪਾਦਨ ਕਾਨੂੰਨ ਜ਼ਰੀਏ ਰਾਸ਼ਟਰਪਤੀ ਨਿੱਜੀ ਕੰਪਨੀਆਂ ਨੂੰ ਉਤਪਾਦਨ ਵਧਾਉਣ ਦਾ ਨਿਰਦੇਸ਼ ਦੇ ਸਕਦੇ ਹਨ।ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਤੋਂ ਬਚਾਅ ਲਈ ਸਭ ਤੋਂ ਪਹਿਲਾਂ ਅਮਰੀਕੀ ਕੰਪਨੀਆਂ ਨੇ ਸੁਰੱਖਿਅਤ ਅਤੇ ਕਾਰਗਰ ਟੀਕਾ ਤਿਆਰ ਕੀਤਾ ਹੈ। ਵ੍ਹਾਈਟ ਹਾਊਸ ਵਿੱਚ ਬੀਤੇ ਦਿਨੀਂ ਸਰਕਾਰੀ ਹੁਕਮ 'ਤੇ ਦਸਖਤ ਕਰਦੇ ਹੋਏ ਡੋਨਾਲਡ ਟਰੰਪ ਨੇ ਕਿਹਾ ਕਿ ਅਸੀਂ ਛੇਤੀ ਹੀ ਮਹਾਮਾਰੀ ਨੂੰ ਖਤਮ ਕਰ ਦਿਆਂਗੇ ਅਤੇ ਦੇਸ਼-ਦੁਨੀਆ ਵਿੱਚ ਲੱਖਾਂ ਲੋਕਾਂ ਦੀ ਜਾਨ ਬਚਾਵਾਂਗੇ। ਅਸੀਂ ਇਸ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ।

ਟਰੰਪ ਸਰਕਾਰ ਨੇ ਕੋਰੋਨਾ ਦੇ ਸੁਰੱਖਿਅਤ ਅਤੇ ਪ੍ਰਭਾਵੀ ਟੀਕੇ ਦੇ ਉਤਪਾਦਨ ਅਤੇ ਸਪਲਾਈ ਦੇ ਸਬੰਧ ਵਿੱਚ 'ਆਪਰੇਸ਼ਨ ਵਾਰਪ ਸਪੀਡ' ਸ਼ੁਰੂ ਕੀਤਾ ਸੀ। ਟਰੰਪ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਕੋਰੋਨਾ ਵਾਇਰਸ ਟੀਕੇ ਦੇ ਵਿਕਾਸ ਲਈ 14 ਅਰਬ ਡਾਲਰ ਦੀ ਮਦਦ ਕੀਤੀ ਹੈ। ਸਰਕਾਰੀ ਮਦਦ ਨਾਲ ਦਵਾਈ ਕੰਪਨੀਆਂ ਫਾਈਜ਼ਰ ਤੇ ਮਾਡਰਨਾ ਨੂੰ ਟੀਕਾ ਬਣਾਉਣ ਵਿੱਚ ਮਦਦ ਮਿਲੀ। ਫਾਈਜ਼ਰ ਨੇ 'ਆਪਰੇਸ਼ਨ ਵਾਰਪ ਸਪੀਡ' ਨਾਲ ਵੱਖਰਾ ਆਪਣਾ ਟੀਕਾ ਤਿਆਰ ਕੀਤਾ ਹੈ, ਪਰ ਇਸ ਦੇ ਨਿਰਮਾਣ ਅਤੇ ਵੰਡ ਲਈ ਉਸ ਨੇ ਅਮਰੀਕੀ ਸਰਕਾਰ ਨਾਲ ਤਾਲਮੇਲ ਕੀਤਾ ਹੈ।

# ਆਕਸਫੋਰਡ ਦੀ ਵੈਕਸੀਨ ਤੀਜੇ ਪੱਧਰ ਦੀ ਟੈਸਟਿੰਗ ਵਿੱਚ 90 ਫੀਸਦੀ ਤੋਂ ਵੱਧ ਅਸਰਦਾਰ

ਲੰਡਨ, 10 ਦਸੰਬਰ (ਪੋਸਟ ਬਿਊਰੋ)- ਆਕਸਫੋਰਡ ਦੀ ਕੋਰੋਨਾ ਵੈਕਸੀਨ ਤੀਜੇ ਪੱਧਰ ਦੇ ਪ੍ਰਯੋਗ 'ਚ 90 ਫੀਸਦੀ ਤੋਂ ਵੱਧ ਅਸਰਦਾਰ ਰਹੀ ਹੈ। ਲਾਂਸੇਟ 'ਚ ਪ੍ਰਕਾਸ਼ਿਤ ਇੱਕ ਸਮੀਖਿਆ ਮੁਤਾਬਿਕ ਵੈਕਸੀਨ ਪ੍ਰਯੋਗ ਦੇ 24,000 ਲੋਕਾਂ 'ਚੋਂ ਸਿਰਫ਼ 3 ਲੋਕਾਂ 'ਤੇ ਹੀ ਇਸ ਦਾ ਨਕਰਾਤਮਕ ਅਸਰ ਦੇਖਣ ਨੂੰ ਮਿ-ਲਆ ਹੈ।




ਫਾਈਜ਼ਰ ਤੇ ਮੋਡੇਰਨਾ ਤੋਂ ਬਾਅਦ ਆਕਸਫੋਰਡ ਐਸਟਰਾਜ਼ੈਨਕਾ ਦੇ ਤੀਜੇ ਪੱਧਰ ਦੇ ਪ੍ਰਯੋਗ ਦੀ ਸਮੀਖਿਆ ਜਾਰੀ ਕੀਤੀ ਗਈ ਹੈ। ਇਸ ਵੈਕਸੀਨ ਦਾ ਭਾਰਤ 'ਚ ਆਖ਼ਰੀ ਪ੍ਰਯੋਗ ਚੱਲ ਰਿਹਾ ਹੈ। ਕੋਵਿਡਸ਼ੀਲਡ ਦੇ ਨਾਂਅ ਤੋਂ ਜਾਣੀ ਜਾਂਦੀ ਇਸ ਵੈਕਸੀਨ ਦੀਆਂ ਦੋ ਖ਼ੁਰਾਕਾਂ ਦੀ ਤੁਲਨਾ ਕਰਨ 'ਤੇ 70.4 ਫੀਸਦੀ ਅਸਰ ਵੇਖਿਆ ਗਿਆ ਹੈ। ਵੈਕਸੀਨ ਜ਼ਿਆਦਾ ਅਸਰਦਾਰ ਓਦੋਂ ਰਹੀ ਜਦੋਂ ਪਹਿਲੀ ਖ਼ੁਰਾਕ ਹਲਕੀ ਅਤੇ ਦੂਜੀ ਖ਼ੁਰਾਕ ਸਾਧਾਰਣ ਰੱਖੀ ਗਈ। ਸ਼ੁਰੂ ਦੇ ਨਤੀਜੇ ਮਿਲਦੇ ਹਨ ਕਿ ਵੈਕਸੀਨ ਵਾਇਰਸ ਦੇ ਟਰਾਂਸਮੀਸ਼ਨ ਨੂੰ ਘੱਟ ਕਰਨ 'ਚ ਅਸਰਦਾਰ ਹੈ।

ਯੂ ਕੇ ਸਰਕਾਰ ਨੇ ਜਿੱਥੇ ਵੱਡੀ ਗਿਣਤੀ 'ਚ ਇਸਦੇ ਆਡਰ ਦਿੱਤੇ ਹੋਏ ਹਨ, ਉਥੇ ਹੀ ਭਾਰਤ ਸਰਕਾਰ ਇਸ ਟੀਕੇ ਨੂੰ ਸਭ ਤੋਂ ਪਹਿਲਾਂ ਹਾਸਲ ਕਰਨ ਲਈ ਅਹਿਮ ਕਦਮ ਪੁੱਟ ਰਹੀ ਹੈ।

## ਮਾਸਕ ਤੋਂ ਬਿਨਾਂ ਸਿਰਫ ਕੇਸ ਸ਼ੀਲਡ ਕੋਵਿਡ-19 ਤੋਂ ਬਚਾਅ ਦੀ ਮਦਦਗਾਰ ਨਹੀ'



ਟੋਕੀਓ, 10 ਦਸੰਬਰ (ਪੋਸਟ ਬਿਊਰੋ)- ਬਿਨਾਂ ਮਾਸਕ ਤੋਂ ਸਿਰਫ ਫੇਸ ਸ਼ੀਲਡ ਪਹਿਨਣਾ ਕੋਵਿਡ-19 ਤੋਂ ਬਚਾਅ 'ਚ ਮਦਦਗਾਰ ਨਹੀਂ ਹੈ, ਕਿਉਂਕਿ ਹਵਾ ਦੇ ਪ੍ਰਵਾਹ ਨਾਲ ਆਲੇ-ਦੁਆਲੇ ਦੇ ਛੋਟੇ ਕਣ ਪਲਾਸਟਿਕ ਦੇ ਬਣੇ ਇਨ੍ਹਾਂ ਸ਼ੀਲਡਸ ਦੇ ਅੰਦਰ ਪਹੁੰਚ ਸਕਦੇ ਹਨ। ਇੱਕ ਨਵੇਂ ਅਧਿਐਨ 'ਚ ਇਹ ਜਾਣਕਾਰੀ ਦਿੱਤੀ ਗਈ ਹੈ।

ਖੋਜ ਰਸਾਲੇ 'ਫਿਜਿਕਸ ਆਫ ਫਲੂਡਸ' ਵਿੱਚ ਛਪੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਕਈ ਲੋਕ ਮਾਸਕ ਦੀ ਥਾਂ ਫੇਸ ਸ਼ੀਲਡ ਦੀ ਵਰਤੋਂ ਕਰਦੇ ਹਨ। ਸਕੂਲਾਂ, ਯੂਨੀਵਰਸਿਟੀਆਂ, ਰੈਸਟੋਰੈਂਟਸ ਅਤੇ ਕਾਰੋਬਾਰ ਕਰਨ ਦੀ ਥਾਂ 'ਤੇ ਇਸ ਦਾ ਇਸਤੇਮਾਲ ਵੱਧ ਗਿਆ ਹੈ। ਜਾਪਾਨ ਵਿੱਚ ਫੁਕੁਓਕਾ ਯੂਨੀਵਰਸਿਟੀ ਦੇ ਵਿਗਿਆਨੀਆਂ ਸਮੇਤ ਕਈ ਵਿਗਿਆਨੀਆਂ ਨੇ ਕਿਹਾ ਕਿ ਛਿੱਕਣ ਨਾਲ ਜੋ ਕਣ ਨਿਕਲਦੇ ਹਨ, ਉਹ ਫੇਸ ਸ਼ੀਲਡ ਨੂੰ ਪਾਰ ਕਰ ਸਕਦੇ ਹਨ। ਅਧਿਐਨ ਦੇ ਸਹਿ-ਲੇਖਕ ਫੁਕੁਓਕਾ ਯੂਨੀਵਰਸਿਟੀ ਤੋਂ ਫੁਈਜੋ ਅਕਾਗੀ ਨੇ ਕਿਹਾ ਕਿ ਇਹ ਕਣ ਫੇਸ ਸ਼ੀਲਡ ਤੋਂ ਹੋ ਕੇ ਮਸਾਂ ਅੱਧੇ ਤੋਂ ਇੱਕ ਸਕਿੰਟ ਦੇ ਅੰਦਰ ਚਿਹਰੇ ਤੱਕ ਪਹੁੰਚ ਸਕਦੇ ਹਨ, ਜਿਸ ਨਾਲ ਵਿਅਕਤੀ ਨੂੰ ਛਿੱਕਾਂ ਆਉਣੀਆਂ ਸ਼ੁਰੂ ਹੋ ਸਕਦੀਆਂ ਹਨ।

ਅਧਿਐਨ 'ਚ ਵਿਗਿਆਨੀਆਂ ਨੇ ਇਹ ਪਤਾ ਲਾਇਆ ਹੈ ਕਿ ਫੇਸ ਸ਼ੀਲਡ ਪਹਿਨਣ ਵਾਲਾ ਵਿਅਕਤੀ ਜੇ ਕਿਸੇ ਇਨਫੈਕਟਡ ਵਿਅਕਤੀ ਦੇ ਆਲੇ-ਦੁਆਲੇ ਇੱਕ ਮੀਟਰ ਦੇ ਘੇਰੇ 'ਚ ਹੈ ਤਾਂ ਉਸ ਦੀ (ਇਨੈਫਕਟਡ ਵਿਅਕਤੀ ਦੀ) ਛਿੱਕ ਦਾ ਕੀ ਅਸਰ ਹੋਵੇਗਾ। ਵਿਸ਼ਲੇਸ਼ਣ ਦੇ ਆਧਾਰ 'ਤੇ ਵਿਗਿਆਨੀਆਂ ਨੇ ਕਿਹਾ ਕਿ ਛਿੱਕ ਤੋਂ ਬਾਅਦ ਨਿਕਲੇ ਕਣ ਬੇਹੱਦ ਤੇਜ਼ ਰਫਤਾਰ ਨਾਲ ਨਿਕਲਦੇ ਹਨ ਅਤੇ ਹਵਾ 'ਚ ਇਨ੍ਹਾਂ ਦਾ ਪ੍ਰਵਾਹ ਤੇਜ਼ ਹੁੰਦਾ ਹੈ। ਵਿਗਿਆਨੀਆਂ ਨੇ ਦੱਸਿਆ ਕਿ ਇਹ ਕਣ ਇੰਨੇ ਸੂਖਮ ਹੁੰਦੇ ਹਨ ਕਿ ਇਨ੍ਹਾਂ ਨੂੰ ਮਾਈਕ੍ਰੋਸਕੋਪ ਦੇ ਮਾਧਿਅਮ ਰਾਹੀਂ ਦੇਖਿਆ ਜਾ ਸਕਦਾ ਹੈ।ਇਹ ਕਣ ਸ਼ੀਲਡ ਦੇ ਉਪਰੀ ਅਤੇ ਹੇਠਲੇ ਖੁੱਲ੍ਹੇ ਕਿਨਾਰਿਆਂ ਤੋਂ ਹੁੰਦੇ ਅੰਦਰ ਚਿਹਰੇ ਤੱਕ ਪਹੁੰਚ ਸਕਦੇ ਹਨ, ਜੋ ਇਨਫੈਕਸ਼ਨ ਦਾ ਕਾਰਨ ਬਣ ਸਕਦੇ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਮਾਸਕ ਤੋਂ ਬਿਨਾਂ ਸਿਰਫ ਫੇਸ ਸ਼ੀਲਡ ਪਹਿਨਣਾ ਕੋਵਿਡ-19 ਤੋਂ ਬਚਾਅ 'ਚ ਬਿਲਕੁਲ ਮਦਦਗਾਰ ਨਹੀਂ ਹੈ।

## ਪਾਕਿ 'ਚ ਰਾਜਨੀਤਕ ਸੰਕਟ :
## 31 ਦਸੰਬਰ ਤੱਕ ਸਭ ਵਿਰੋਧੀ ਪਾਰਲੀਮੈਂਟ ਮੈਂਬਰ ਅਸਤੀਫ਼ਾ ਪੇਸ਼ ਕਰ ਦੇਣਗੇ



ਲਾਹੌਰ, 10 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ 'ਚ ਰਾਜਨੀਤਕ ਸੰਕੇਤ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਵਿਰੋਧੀ ਪਾਰਟੀਆਂ ਨੇ ਅਸਤੀਫ਼ੇ ਦੇਣੇ ਸ਼ੁਰੂ ਕਰ ਦਿੱਤੇ ਹਨ। ਦੋ ਪਾਰਲੀਮੈਂਟ ਮੈਂਬਰਾਂ ਨੇ ਕੱਲ੍ਹ ਇਸ ਦੀ ਪਹਿਲ ਕੀਤੀ। ਦੱਸਿਆ ਜਾ ਰਿਹਾ ਹੈ ਕਿ ਵਿਰੋਧੀ ਧਿਰ ਦੇ ਸਾਰੇ ਪਾਰਲੀਮੈਂਟ ਮੈਂਬਰ 31 ਦਸੰਬਰ ਤੱਕ ਅਸਤੀਫ਼ਾ ਦੇਣਗੇ।

ਉਧਰ ਲਾਹੌਰ ਵਿੱਚ 13 ਦਸੰਬਰ ਨੂੰ ਹੋਣ ਵਾਲੀ ਰੈਲੀ ਬਾਰੇ ਪੁਲਸ ਨੇ ਕਿਹਾ ਹੈ ਕਿ ਮਰੀਅਮ ਨਵਾਜ਼ ਸਮੇਤ ਕੁਝ ਵੱਡੇ ਨੇਤਾਵਾਂ ਨੂੰ ਅੱਤਵਾਦੀ ਨਿਸ਼ਾਨਾ ਬਣਾ ਸਕਦੇ ਹਨਮ ਇਸ ਲਈ ਵਿਰੋਧੀ ਪਾਰਟੀਆਂ ਨੂੰ ਸੁਰੱਖਿਆ ਦੇ ਪੱਖ ਨਾਲ ਰੈਲੀ ਮੁਲਤਵੀ ਕਰ ਦੇਣੀ ਚਾਹੀਦੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੇ ਵੀ ਵਿਰੋਧੀ ਪਾਰਟੀਆਂ 'ਤੇ ਰੈਲੀ 'ਚ ਭੀੜ ਬੁਲਾ ਕੇ ਕੋਰੋਨਾ ਮਹਾਂਮਾਰੀ ਨੂੰ ਵਧਾਉਣ ਦੇ ਦੋਸ਼ ਲਾਏ ਹਨ। ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਪੰਜਾਬ ਦੇ ਪਾਰਲੀਮੈਂਟ ਮੈਂਬਰ ਅਲੀ ਹੈਦਰ ਗਿਲਾਨੀ ਨੇ ਆਪਣਾ ਅਸਤੀਫ਼ਾ ਪਾਰਟੀ ਪ੍ਰਧਾਨ ਬਿਲਾਵਲ ਭੁੱਟੋ ਜ਼ਰਦਾਰੀ ਨੂੰ ਸੌਂਪ ਦਿੱਤਾ ਹੈ। ਪਾਕਿ-ਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ ਐਨ) ਦੇ ਪਾਰਲੀਮੈਂਟ ਮੈਂਬਰ ਹਾਮਿਦ ਨੇ ਵੀ ਅਸਤੀਫ਼ਾ ਦੇ ਦਿੱਤਾ ਹੈ। 11 ਵਿਰੋਧੀ ਪਾਰਟੀਆਂ ਦੇ ਗੱਠਜੋੜ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐਮ) ਦੇ ਮੁਖੀ ਫਜ਼ਲੂਰ ਰਹਿਮਾਨ ਨੇ ਕਿਹਾ ਹੈ ਕਿ ਪਾਰਟੀ ਦੇ ਸਾਰੇ ਪਾਰਲੀਮੈਂਟ ਮੈਂਬਰ 31 ਦਸੰਬਰ ਤੱਕ ਆਪਣੇ ਪਾਰਟੀ ਪ੍ਰਧਾਨਾਂ ਨੂੰ ਅਸਤੀਫ਼ਾ ਸੌਂਪ ਦੇਣਗੇ। ਏਦਾਂ ਹੀ ਬਾਕੀ ਐੱਮ ਪੀਜ਼ ਅਸਤੀਫਾ ਦੇਣ ਵਾਲੇ ਹਨ।

# ਫਰਾਂਸ, ਜਰਮਨੀ ਤੇ ਬ੍ਰਿਟੇਨ ਵੱਲੋਂ ਈਰਾਨ ਨੂੰ ਐਟਮੀ ਤਜਰਬੇ ਦੇ ਬਾਰੇ ਚਿਤਾਵਨੀ

ਪੈਰਿਸ, 10 ਦਸੰਬਰ (ਪੋਸਟ ਬਿਊਰੋ)- ਈਰਾਨ ਵੱਲੋਂ ਆਪਣੇ ਐਟਮੀ ਪਲਾਂਟ ਵਿੱਚ ਯੂਰੇਨੀਅਮ ਵਧਾਉਣ ਦੇ ਐਲਾਨ 'ਤੇ ਫਰਾਂਸ, ਜਰਮਨੀ ਅਤੇ ਬ੍ਰਿਟੇਨ ਨੇ ਸਖਤ ਇਤਰਾਜ਼ ਕੀਤਾ ਹੈ। ਇਨ੍ਹਾਂ ਦੇਸ਼ਾਂ ਨੇ ਕਿਹਾ ਕਿ ਜੇ ਈਰਾਨ ਕੂਟਨੀਤੀ ਦਾ ਰਸਤਾ ਬਣਾਈ ਰੱਖਣ ਲਈ ਗੰਭੀਰ ਹੈ ਤਾਂ ਨਵਾਂ ਕਦਮ ਨਾ ਚੁੱਕੇ। ਇਹ ਤਿੰਨੇ ਦੇਸ਼ ਰੂਸ, ਚੀਨ ਤੇ ਅਮਰੀਕਾ ਨਾਲ 2015 ਵਿੱਚ ਈਰਾਨ ਨਾਲ ਹੋਏ ਐਟਮੀ ਸਮਝੌਤੇ ਵਿੱਚ ਸ਼ਾਮਲ ਹਨ। ਅਮਰੀਕਾ 2018 ਵਿੱਚ ਸਮਝੌਤੇ ਤੋਂ ਹੱਟ ਗਿਆ ਹੈ, ਪਰ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਨੇ ਸਮਝੌਤੇ ਵਿੱਚ ਫਿਰ ਸ਼ਾਮਲ ਹੋਣ ਦੇ ਸੰਕੇਤ ਦਿੱਤੇ ਹਨ।



ਕੌਮਾਂਤਰੀ ਊਰਜਾ ਏਜੰਸੀ (ਆਈ ਏ ਈ ਏ) ਦੀ ਇੱਕ ਗੁਪਤ ਰਿਪੋਰਟ ਅਨੁਸਾਰ ਈਰਾਨ ਆਪਣੇ ਨਾਤਾਂਜ ਵਿੱਚ ਜ਼ਮੀਨਦੋਜ਼ ਐਟਮੀ ਪਲਾਂਟ ਵਿੱਚ ਯੂਰੇਨੀਅਮ ਉਤਪਾਦਨ ਲਈ ਆਈ ਆਰ-2 ਐਮ ਸੈਂਟ੍ਰੀਫਿਊਜ਼ ਲਗਾ ਰਿਹਾ ਹੈ। ਇਨ੍ਹਾਂ ਸੈਂਟ੍ਰੀਫਿਊਜ਼ ਤੋਂਐਟਮੀ ਬੰਬ ਬਣਾਉਣ ਵਾਲਾ ਯੂਰੇਨੀਅਮ ਬਣਾਇਆ ਜਾ ਸਕੇਗਾ। ਐਟਮੀ ਸਮਝੌਤੇ ਅਨੁਸਾਰ ਈਰਾਨ ਨੂੰ ਉਚ ਪੱਧਰ ਦਾ ਯੂਰੇਨੀਅਮ ਤਿਆਰ ਨਹੀਂ ਕਰਨਾ ਪਵੇਗਾ। ਉਹ ਆਈ ਆਰ-1 ਐਮ ਸੈਂਟ੍ਰੀਫਿਊਜ਼ ਰਾਹੀਂ ਕੇਵਲ ਐਟਮੀ ਬਿਜਲੀ ਘਰ ਵਿੱਚ ਵਰਤਣ ਵਾਲਾ ਯੂਰੇਨੀਅਮ ਤਿਆਰ ਕਰ ਸਕਦਾ ਹੈ, ਪਰ ਅਮਰੀਕਾ ਨਾਲ ਤਣਾਅ ਦੌਰਾਨ ਈਰਾਨ ਨੇ ਪਹਿਲਾਂ ਇਸ ਬਾਰੇ ਐਲਾਨ ਕੀਤਾ ਅਤੇ ਅੱਜਕੱਲ੍ਹ ਉਹ ਉਚ ਸਮਰੱਥਾ ਵਾਲੇ ਸੈਂਟ੍ਰੀਫਿਊਜ਼ ਬਣਾ ਕੇ ਐਟਮੀ ਹਥਿਆਰ ਬਣਾਉਣ ਦੀ ਦਿਸ਼ਾ ਵਿੱਚ ਅੱਗੇ ਵੱਧ ਰਿਹਾ ਹੈ। ਉਸ ਨੇ ਆਈ ਏ ਈ ਏ ਨੂੰ ਪੱਤਰ ਲਿਖ ਕੇ ਆਪਣੀ ਯੋਜਨਾ ਦੇ ਬਾਰੇ ਵੀ ਦੱਸ ਦਿੱਤਾ ਹੈ।ਤਿੰਨਾਂ ਯੂਰਪੀ ਦੇਸ਼ਾਂ ਨੇ ਕਿਹਾ ਹੈ ਕਿ ਸਮਝੌਤੇ ਅਨੁਸਾਰ ਈਰਾਨ ਸਰਕਾਰ ਆਈ ਏ ਈ ਏ ਦੇ ਗਰੁੱਪ ਨੂੰ ਆਪਣੇ ਐਟਮੀ ਪਲਾਂਟਾਂ ਦਾ ਨਿਰੀਖਣ ਨਹੀਂ ਕਰਨ ਦੇ ਰਹੀ ਹੈ। ਉਹ ਸਮਝੌਤੇ ਤੋਂ ਬਾਹਰ ਜਾ ਕੇ ਯੂਰੇਨੀਅਮ ਪਲਾਂਟ ਦੀ ਸੀਮਾ ਵਧਾਉਣ ਵਾਲੇ ਕਦਮ ਵੀ ਚੁੱਕ ਰਹੀ ਹੈ। ਅਜਿਹਾ ਕਰ ਕੇ ਉਹ ਆਪਣੇ ਲਈ ਰਸਤਾ ਮੁਸ਼ਕਲ ਕਰ ਰਹੀ ਹੈ, ਜਦ ਕਿ ਐਟਮੀ ਸਮਝੌਤਾ ਈਰਾਨ ਲਈ ਹੀ ਫਾਇਦੇਮੰਦ ਹੈ। ਤਿੰਨਾਂ ਦੇਸ਼ਾਂ ਨੇ ਬਾਇਡਨ ਦੇ ਐਟਮੀ ਸਮਝੌਤੇ ਵਿੱਚ ਪਰਤਣ ਦੀ ਮਨਸ਼ਾ ਦਾ ਜ਼ਿਕਰ ਵੀ ਕੀਤਾ।

## ਅਮਰੀਕੀ ਫੌਜੀਆਂ ਦੀ ਵਾਪਸੀ ਨਾਲ ਪੱਛਮੀ ਏਸ਼ੀਆ 'ਚ ਇਰਾਨੀ ਹਮਲਿਆਂ ਦਾ ਡਰ ਵਧਿਆ

ਵਾਸ਼ਿੰਗਟਨ, 10 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ ਦੇ ਤਹਿਤ ਪੈਂਟਾਗਨ ਅਗਲੇ ਕੁਝ ਹਫਤਿਆਂ 'ਚ ਪੱਛਮੀ ਏਸ਼ੀਆ ਤੋਂ ਆਪਣੇ ਫੌਜੀ ਵਾਪਸ ਸੱਦਣਾ ਸ਼ੁਰੂ ਕਰ ਦੇਵੇਗਾ। ਇਸ ਪਿੱਛੋਂ ਅਮਰੀਕੀ ਫੌਜੀ ਕਮਾਂਡਰਾਂ ਨੇ ਇਸ ਖੇਤਰ ਵਿੱਚ ਇਰਾਨ ਅਤੇ ਉਸ ਦੇ ਕਰੀਬੀ ਦੇਸ਼ਾਂ ਦੇ ਸੰਭਾਵਿਤ ਹਮਲਿਆਂ ਨਾਲ ਨਜਿੱਠਣ ਦੇ ਲਈ ਵੱਖ-ਵੱਖ ਨਵੇਂ ਤਰੀਕੇ ਲੱਭਣੇ ਸ਼ੁਰੂ ਕਰ ਦਿੱਤੇ ਹਨ। ਇਸ ਖੇਤਰ ਦੀ ਜਾਣਕਾਰੀ ਰੱਖਣ ਵਾਲੇ ਅਮਰੀਕੀ ਫੌਜ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਈਰਾਕ ਅਤੇ ਅਫਗਾਨਿਸਤਾਨ ਤੋਂ ਅਮਰੀਕੀ ਫੌਜੀਆਂ ਦੀ ਵਾਪਸੀ ਅਤੇ ਅਰਬ ਦੀ ਖਾੜੀ ਤੋਂ ਏਅਰ ਕ੍ਰਾਫਟ ਕੈਰੀਅਰ 'ਯੂ ਐਸ ਐਸ ਨਿਮਿਤਜ' ਦੀ ਰਵਾਨਗੀ ਦੀ ਯੋਜਨਾ ਦਾ ਲਾਭ ਇਰਾਨ ਉਠਾ ਸਕਦਾ ਹੈ। ਇਸ ਅਧਿਕਾਰੀ ਨੇ ਕਿਹਾ ਕਿ ਇਸ ਖੇਤਰ 'ਚ ਸੁਰੱਖਿਆ ਸਥਿਤੀ ਨੂੰ ਦੇਖਦੇ ਹੋਏ ਫੌਜੀ ਕਮਾਂਡਰਾਂ ਨੇ 'ਨਿਮਿਤਜ' ਨੂੰ ਹਾਲੇ ਹੋਰ ਆਉਣ ਵਾਲੇ ਕੁਝ ਸਮੇਂ ਲਈ ਉਥੇ ਰਹਿਣ ਦੇਣ ਦਾ ਫੈਸਲਾ ਕੀਤਾ ਹੈ। ਅਧਿਕਾਰੀ ਨੇ ਦੱਸਿਆ ਕਿ ਇਸ ਤੋਂ ਬਿਨਾ ਲੋੜ ਪੈਣ 'ਤੇ ਲੜਾਕੂ ਜਹਾਜ਼ 'ਸਕਵਾਡ੍ਰਨ' ਵੀ ਉਥੇ ਭੇਜਿਆ ਜਾਵੇਗਾ। 'ਨਿਮਿਤਜ' ਖਾੜੀ ਖੇਤਰ ਤੋਂ ਚੱਲ ਪਿਆ ਅਤੇ ਵਾਪਸ ਦੇਸ਼ ਪੁੱਜਣ ਵਾਲਾ ਸੀ, ਪਰ ਈਰਾਕ ਤੇ ਅਫਗਾਨਿਸਤਾਨ ਤੋਂ ਫੌਜੀਆਂ ਦੀ ਵਾਪਸੀ ਕਾਰਨ ਇਸ ਨੂੰ ਹਾਲੇ ਉਥੇ ਹੋਰ ਸੁਰੱਖਿਆ ਦੇਣ ਨੂੰ ਕਿਹਾ ਗਿਆ ਹੈ।

# ਚੀਨ ਵਿੱਚ ਸੂਬਾ ਸਰਕਾਰਾਂ ਨੇ ਸਵਦੇਸ਼ੀ ਕੋਵਿਡ-19 ਟੀਕੇ ਦੇ 'ਆਰਡਰ' ਦੇਣੇ ਸ਼ੁਰੂ ਕੀਤੇ

ਤਾਇਪੇ, 10 ਦਸੰਬਰ (ਪੋਸਟ ਬਿਊਰੋ)- ਚੀਨ 'ਚ ਸੂਬਾਈ ਸਰਕਾਰਾਂ ਨੇ ਕੋਰੋਨਾ ਵਾਇਰਸ ਦੀ ਰੋਕ ਲਈ ਪ੍ਰਾਯੋਗ ਵਾਸਤੇ ਸਵਦੇਸ਼ੀ ਟੀਕਿਆਂ ਦੇ 'ਆਰਡਰ' ਦੇਣੇ ਸ਼ੁਰੂ ਕਰ ਦਿੱਤੇ ਹਨ, ਪਰ ਸਿਹਤ ਅਧਿਕਾਰੀਆਂ ਨੇ ਅਜੇ ਇਹ ਨਹੀਂ ਦੱਸਿਆ ਕਿ ਇਹ ਟੀਕੇ ਕਿੰਨੇ ਕਾਰਗਰ ਹਨ ਜਾਂ ਇਨ੍ਹਾਂ ਨੂੰ ਦੇਸ਼ ਦੇ 14 ਅਰਬ ਲੋਕਾਂ ਤੱਕ ਕਿਵੇਂ ਪੁਚ-ਾਇਆ ਜਾਵੇਗਾ।ਚੀਨ ਦੇ ਵਿਦੇਸ਼ ਮੰਤਰੀ ਨੇ ਪਿਛਲੇ ਹਫ਼ਤੇ ਯੂ ਐੱਨ ਓ ਦੀ ਇੱਕ ਬੈਠਕ 'ਚ ਕਿਹਾ ਸੀ ਕਿ ਉਹ ਟੀਕਾ ਬਣਾਉਣ ਵਾਲੇ ਅੰਤਿਮ ਟੈਸਟ ਨੂੰ ਪੂਰਾ ਕਰਨ ਦਾ ਕੰਮ ਤੇਜ਼ੀ ਨਾਲ ਕਰ ਰਹੇ ਹਨ। ਖਬਰ ਸਮਾਚਾਰ ਏਜੰਸੀ 'ਸਿਨਹੁਆ' ਅਨੁਸਾਰ ਉਪ-ਪ੍ਰਧਾਨ ਮੰਤਰੀ ਸੁਨ ਚੁਨਲਾਨ ਨੇ ਕਿਹਾ, ''ਸਾਨੂੰ ਵੱਡੇ ਪੱਧਰ 'ਤੇ ਉਤਪਾਦਨ ਲਈ ਤਿਆਰ ਰਹਿਣਾ ਚਾਹੀਦਾ ਹੈ।''ਸਿਹਤ ਅਧਿਕਾਰੀਆਂ ਨੇ ਪਹਿਲਾਂ ਕਿਹਾ ਸੀ ਕਿ ਚੀਨ ਇਸ ਸਾਲ ਦੇ ਅੰਤ ਤੱਕ 61 ਕਰੋੜ ਖੁਰਾਕਾਂ ਦਾ ਨਿਰਮਾਣ ਕਰ ਲਵੇਗਾ ਅਤੇ ਇਸ ਨੂੰ ਅਗਲੇ ਸਾਲ ਤੱਕ ਵਧਾ ਕੇ 1 ਅਰਬ ਕੀਤਾ ਜਾ ਸਕਦਾ ਹੈ। ਅਜੇ ਅੰਤਿਮ ਮਨਜ਼ੂਰੀ ਨਾ ਮਿਲਣ ਦੇ ਬਾਵਜੂਦ ਚੀਨ 'ਚ ਕਰੀਬ 10 ਲੱਖ ਸਿਹਤ ਕਰਮਚਾਰੀਆਂ ਅਤੇ ਹੋਰ ਲੋਕਾਂ ਨੂੰ ਐਮਰਜੈਂਸੀ ਹਾਲਤ 'ਚ ਇਸਤੇਮਾਲ ਲਈ ਟੀਕਾ ਲਾਇਆ ਜਾ ਚੁੱਕਾ ਹੈ।

# ਅਮਾਸਟਰ ਕਾਰਡ ਤੇ ਵੀਜ਼ਾ ਪੋਰਨ ਹੱਬ ਨਾਲ ਕਾਰੋਬਾਰੀ ਸਬੰਧਾਂ ਦੀ ਜਾਂਚ ਕਰਨਗੇ

ਨਿਊਯਾਰਕ, 10 ਦਸੰਬਰ (ਪੋਸਟ ਬਿਊਰੋ)- ਮਸ਼ਹੂਰ ਕ੍ਰੈਡਿਟ ਕਾਰਡ ਕੰਪਨੀਆਂ ਵੀਜ਼ਾ ਅਤੇ ਮਾਸਟਰ ਕਾਰਡ ਨੇ ਕਿਹਾ ਹੈ ਕਿ ਉਹ ਪੋਰਨ ਹੱਬ ਨਾਲ ਆਪਣੇ ਕਾਰੋਬਾਰੀ ਸੰਬੰਧਾਂ ਦੀ ਜਾਂਚ ਕਰਨਗੀਆਂ। ਇੱਕ ਅਖ਼ਬਾਰ ਦੇ ਮੰਨੇ-ਪ੍ਰਮੰਨੇ ਕਾਲਮ ਲੇਖਕ ਨੇ ਦੋਸ਼ ਲਾਇਆ ਹੈ ਕਿ ਅਸ਼ਲੀਲ ਵੀਡੀਓ ਪ੍ਰਸਾਰਤ ਕਰਨ ਵਾਲੀ ਇਹ ਵੈਬਸਾਈਟ ਕੁਕਰਮ ਸਮੇਤ ਕਈ ਇਤਾਰਜ ਯੋਗ ਵੀਡੀਓ ਦਿਖਾਉਂਦੀ ਹੈ, ਜਿਸ ਤੋਂ ਬਾਅਦ ਕੰਪਨੀਆਂ ਦਾ ਇਹ ਬਿਆਨ ਸਾਹ-ਮਣੇ ਆਇਆ ਹੈ। 'ਦਿ ਨਿਊਯਾਰਕ ਟਾਈਮਸ' ਦੇ ਕਾਲਮ ਲੇਖਕ ਨਿਕੋਲਸ ਕ੍ਰਿਸਟੋਫ ਨੇ ਲਿਖਿਆ ਹੈ ਕਿ ਪੋਰਨ ਹੱਬ ਵੈਬਸਾਈਟ 'ਤੇ ਕੁਕਰਮ ਦੇ ਦ੍ਰਿਸ਼, ਬਦਲੇ ਦੀ ਭਾਵਨਾ ਨਾਲ ਬਣਾਏ ਗਏ ਹਨ। ਅਸ਼ਲੀਲ ਵੀਡੀਓ ਅਤੇ ਲੋਕਾਂ ਦੀ ਮਨਜ਼ੂਰੀ ਤੋਂ ਬਿਨਾਂ ਬਣਾਏ ਗਏ ਵੀਡੀਓ ਦਿਖਾਏ ਜਾਂਦੇ ਹਨ। ਪੋਰਨ ਹੱਬ ਨੇ ਇਨ੍ਹਾਂ ਦੋਸ਼ਾਂ ਉੱਤੇ ਅਜੇ ਕੋਈ ਟਿੱਪਣੀ ਨਹੀਂ ਕੀਤੀ।

# ਦਿਲੀਪ ਕੁਮਾਰ ਤੇ ਰਾਜ ਕਪੂਰ ਦੇ ਜੱਦੀ ਘਰਾਂ ਦੀਆਂ ਕੀਮਤਾਂ ਤੈਅ

ਪਿਸ਼ਾਵਰ, 10 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਖੈਬਰ ਪਖਤੂਨਖਵਾ ਸਰਕਾਰ ਨੇ ਬਾਲੀਵੁੱਡ ਅਦਾਕਾਰਾਂ ਦਿਲੀਪ ਕੁਮਾਰ ਤੇ ਰਾਜ ਕਪੂਰ ਦੇ ਪਿਸ਼ਾਵਰ ਵਾਲੇ ਜੱਦੀ ਘਰਾਂ ਦੀ ਕੀਮਤ ਤੈਅ ਕਰ ਦਿੱਤੀ ਹੈ। ਦਿਲੀਪ ਕੁਮਾਰ ਦੇ ਘਰ ਦੀ ਕੀਮਤ 80,56,000 ਰੁਪਏ ਤੇ ਕਪੂਰ ਦੇ ਘਰ ਦੀ ਕੀਮਤ 1,50,00,000 ਰੁਪਏ ਮਿਥੀ ਗਈ ਹੈ।



ਸੂਬਾ ਸਰਕਾਰ ਨੇ ਸਤੰਬਰ ਵਿੱਚ ਇਨ੍ਹਾਂ ਇਤਿਹਾਸਕ ਇਮਾਰਤਾਂ ਨੂੰ ਖਰੀਦਣ ਦਾ ਐਲਾਨ ਕੀਤਾ ਸੀ ਤਾਂ ਕਿ ਇਨ੍ਹਾਂ ਖਸਤਾ ਹਾਲ ਇਨ੍ਹਾਂ ਘਰਾਂ ਨੂੰ ਸਾਂਭਿਆ ਜਾ ਸਕੇ। ਦੋਵੇਂ ਇਮਾਰਤਾਂ ਪਿਸ਼ਾਵਰ ਦੇ ਬਿਲਕੁਲ ਵਿਚਾਲੇ ਪ੍ਰਮੁੱਖ ਇਲਾਕੇ ਵਿੱਚ ਹਨ ਤੇ ਇਨ੍ਹਾਂ ਨੂੰ ਕੌਮੀ ਵਿਰਾਸਤ ਐਲਾਨਿਆ ਗਿਆ ਹੈ। ਰਾਜ ਕਪੂਰ ਦਾ ਘਰ ਛੇ ਮਰਲਿਆਂ ਦਾ ਅਤੇ ਦਿਲੀਪ ਕੁਮਾਰ ਦਾ ਘਰ ਚਾਰ ਮਰਲਿਆਂ ਦਾ ਹੈ। ਜੱਦੀ ਘਰ ਖਰੀਦਣ ਲਈ ਪੁਰਾਤੱਤਵ ਵਿਭਾਗ ਨੇ ਸਰਕਾਰ ਨੂੰ ਤਜਵੀਜ਼ ਭੇਜ ਦਿੱਤੀ ਹੈ ਤੇ ਦੋ ਕਰੋੜ ਰੁਪਏ ਜਾਰੀ ਕਰਨ ਦੀ ਮੰਗ ਕੀਤੀ ਹੈ। ਵਰਨਣ ਯੋਗ ਹੈ ਕਿ ਦੋਵਾਂ ਇਮਾਰਤਾਂ ਦੇ ਮੌਜੂਦਾ ਮਾਲਕਾਂ ਨੇ ਕਈ ਵਾਰ ਇਨ੍ਹਾਂ ਨੂੰ ਢਾਹ ਕੇ ਇਥੇ ਵਪਾਰਕ ਪਲਾਜ਼ਾ ਉਸਾਰਨ ਦੀ ਕੋਸ਼ਿਸ਼ ਕੀਤੀ ਹੈ।

## ਨਿਊਜ਼ੀਲੈਂਡ ਵਿੱਚ ਹਮਲੇ ਕਰਨ ਵਾਲਾ ਆਸਟਰੇਲੀਅਨ ਸੈਰ ਸਪਾਟੇ ਲਈ ਭਾਰਤ ਵੀ ਆਇਆ ਸੀ

ਮੈਲਬਰਨ, 10 ਦਸੰਬਰ (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ ਮਸਜਿ-ਜਦਾਂ ਉਤੇ ਹਮਲੇ ਕਰ ਕੇ 51 ਲੋਕਾਂ ਦੀ ਜਾਨ ਲੈਣ ਵਾਲੇ ਆਸਟਰੇਲੀਆ ਦੇ ਜੰਮਪਲ ਬ੍ਰੈਂਟਨ ਟਾਰੈਂਟ ਨੇ ਹਮਲੇ ਤੋਂ ਪਹਿਲਾਂ ਭਾਰਤ ਸਣੇ ਵਿਸ਼ਵ ਦੇ ਕਈ ਦੇਸ਼ਾਂ ਦੀ ਯਾਤਰਾ ਕੀਤੀ ਸੀ। ਭਾਰਤ ਵਿੱਚ ਉਹ ਕਰੀਬ ਤਿੰਨ ਮਹੀਨੇ ਰਿਹਾ ਸੀ। ਉਸ ਹਮਲੇ ਬਾਰੇ ਇੱਕ ਰਿਪੋਰਟ ਵਿਸਥਾਰ ਵਿੱਚ ਰਿਲੀਜ਼ ਕੀਤੀ ਗਈ ਹੈ। ਇਨ੍ਹਾਂ ਹਮਲਿਆਂ ਵਿੱਚ ਪੰਜ ਭਾਰਤੀ ਵੀ ਮਾਰੇ ਗਏ ਸਨ।ਦੁਨੀਆ ਦੇ ਸਭ ਤੋਂ ਸ਼ਾਂਤ ਸਮਝੇ ਜਾਂਦੇ ਦੇਸ਼ ਨਿਊ ਜ਼ੀਲੈਂਡ ਦੇ ਇਤਿਹਾਸ ਵਿੱਚ ਉਸ ਵੱਲੋਂ ਕੀਤਾ ਗਿਆ ਇਹ ਸਭ ਤੋਂ ਖਤਰਨਾਕ ਹਮਲਾ ਸੀ। ਕੁੱਲ 792 ਸਫਿਆਂ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਕੂਲ ਛੱਡਣ ਪਿੱਛੋਂ ਦੋਸ਼ੀ ਨੇ ਜਿਮ ਵਿੱਚ ਨਿੱਜੀ ਟ੍ਰੇਨਰ ਵਜੋਂ ਕੰਮ ਕੀਤਾ ਸੀ, ਜਿੱਥੇ 2012 ਵਿੱਚ ਉਸ ਦੇ ਸੱਟ ਲੱਗ ਗਈ ਸੀ। ਇਸ ਤੋਂ ਬਾਅਦ ਉਸ ਨੇ ਕੰਮ ਨਹੀਂ ਕੀਤਾ ਅਤੇ ਪਿਤਾ ਵੱਲੋਂ ਮਿਲੇ ਪੈਸਿਆਂ ਨੂੰ ਵੱਖ-ਵੱਖ ਢੰਗ ਨਾਲ ਵਰਤਦਾ ਰਿਹਾ। 2013 ਵਿੱਚ ਉਸ ਨੇ ਪੂਰੇ ਆਸਟਰੇਲੀਆ, ਨਿਊਜ਼ੀਲੈਂਡ ਦੀ ਯਾਤਰਾ ਕੀਤੀ ਤੇ ਫਿਰ 2014-17 ਦੌਰਾਨ ਊਹ ਪੂਰੇ ਵਿਸ਼ਵ ਵਿੱਚ ਵੱਖ-ਵੱਖ ਥਾਈਂ ਇਕੱਲਾ ਘੁੰਮਦਾ ਰਿਹਾ।

# ਅਮਰੀਕੀ ਪਾਰਲੀਮੈਂਟ ਮੈਂਬਰਾਂ ਵੱਲੋਂ ਭਾਰਤ ਵਿੱਚ ਅੰਦੋਲਨ ਕਰਦੇ ਕਿਸਾਨਾਂ ਦਾ ਸਮਰਥਨ

ਵਾਸ਼ਿੰਗਟਨ, 10 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਕਈ ਪਾਰਲੀਮੈਂਟ ਮੈਂਬਰਾਂ ਨੇ ਭਾਰਤ ਵਿੱਚ ਨਵੇਂ ਖੇਤੀਬਾੜੀ ਕਾਨੂੰਨਾਂ ਦੇ ਖ਼ਿਲਾਫ਼ ਅੰਦੋਲਨ ਕਰ ਰਹੇ ਕਿਸਾਨਾਂ ਦਾ ਸਮਰਥਨ ਕੀਤਾ ਅਤੇ ਉਨ੍ਹਾਂ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦੇਣ ਦੀ ਬੇਨਤੀ ਕੀਤੀ ਹੈ। ਕਿਸਾਨਾਂ ਦੇ ਪ੍ਰਦਰਸ਼ਨ 'ਤੇ ਵਿਦੇਸ਼ੀ ਨੇਤਾਵਾਂ ਦੇ ਬਿਆਨਾਂ ਨੂੰ ਭਾਰਤ ਨੇ 'ਭਰਮਾਊ' ਅਤੇ 'ਅਣਉਚਿੱਤ' ਦੱਸਿਆ ਅਤੇ ਕਿਹਾ ਹੈ ਕਿ ਇਹ ਲੋਕਤੰਤਰੀ ਦੇਸ਼ ਦਾ ਅੰਦਰੂਨੀ ਮਾਮਲਾ ਹੈ।



ਅਮਰੀਕੀ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਡਗ ਲਾਮਾਲਫਾ ਨੇ ਕਿਹਾ ਕਿ ਭਾਰਤ 'ਚ ਆਪਣੀ ਰੋਜ਼ੀ ਬਚਾਉਣ ਦੇ ਲਈ ਅਤੇ ਸਰਕਾਰ ਦੇ ਭਰਮਾਊ, ਅਸਪੱਸ਼ਟ ਨਿਯਮ-ਕਾਨੂੰਨਾਂ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਪੰਜਾਬੀ ਕਿਸਾਨਾਂ ਦਾ ਮੈਂ ਸਮਰਥਨ ਕਰਦਾ ਹਾਂ। ਕੈਲੀਫੋਰਨੀਆ ਤੋਂ ਰਿਪਬਲਿਕਨ ਪਾਰਲੀਮੈਂਟ ਮੈਂਬਰ ਨੇ ਕਿਹਾ ਕਿ ਪੰਜਾਬੀ ਕਿਸਾਨਾਂ ਨੂੰ ਆਪਣੀ ਸਰਕਾਰ ਦੇ ਖ਼ਿਲਾਫ਼ ਹਿੰਸਾ ਦੇ ਡਰ ਤੋਂ ਬਿਨਾਂ ਸ਼ਾਂਤੀਪੂਰਨ ਪ੍ਰਦਰਸ਼ਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ।

ਡੈਮੋਕ੍ਰੇਟ ਪਾਰਲੀਮੈਂਟ ਮੈਂਬਰ ਜੋਸ਼ ਹਾਰਡਰ ਨੇ ਕਿਹਾ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਉਸ ਨੂੰ ਆਪਣੇ ਨਾਗਰਿਕਾਂ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ।

ਭਾਰਤ ਵਿੱਚ ਕਿਸਾਨਾਂ ਦੇ ਅੰਦੋਲਨ ਨੂੰ ਅਮਰੀਕਾ ਦੀ ਮੁੱਖ ਧਾਰਾ ਦੀ ਮੀਡੀਆ ਨੇ ਵੀ ਥਾਂ ਦਿੱਤੀ ਹੈ। ਨਿਊਯਾਰਕ ਟਾਈਮਸ ਨੇ ਲਿਖਿਆ, ''ਪ੍ਰਦਸ਼ਨ ਦਿੱਲੀ ਤੋਂ ਬਾਹਰ ਤੱਕ ਫੈਲ ਗਿਆ ਹੈ। ਕਿਸਾਨਾਂ ਨੇ ਦੱਖਣੀ ਰਾਜਾਂ ਕੇਰਲ ਤੇ ਕਰਨਾਟਕ ਅਤੇ ਪੂਰਬ ਉਤਰ ਦੇ ਸੂਬੇ ਅਸਾਮ 'ਚ ਵੀ ਮਾਰਚ ਕੱਢਿਆ ਅਤੇ ਬੈਨਰਾਂ ਨਾਲ ਪ੍ਰਦਰਸ਼ਨ ਕੀਤਾ। ਉਤਰ ਪ੍ਰਦੇਸ਼ ਦੇ ਗੰਨਾ ਕਿਸਾਨਾਂ ਨੇ ਵੀ ਇੱਕਜੁਟਤਾ ਦਿਖਾਉਂਦੇ ਹੋਏ ਦਿੱਲੀ ਦੇ ਨਾਲ ਲਗਦੀ ਸੂਬੇ ਦੀ ਸਰਹੱਦ 'ਤੇ ਪ੍ਰਦਰਸ਼ਨ ਕੀਤਾ। ਸੀ ਐਨ ਐਨ ਦੀ ਖਬਰ ਮੁਤਾਬਕ ਹਜ਼ਾਰਾਂ ਕਿਸਾਨ ਨਵੇਂ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਡਟੇ ਹਨ। ਇਨ੍ਹਾਂ ਕਿਸਾਨਾਂ ਨੂੰ ਖਦਸ਼ਾ ਹੈ ਕਿ ਨਵੇਂ ਕਾਨੂੰਨਾਂ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ 'ਤੇ ਅਸਰ ਪਵੇਗਾ।

## ਆਸਟਰੇਲੀਆ ਵਿੱਚ ਗੂਗਲ ਤੇ ਫੇਸਬੁੱਕ ਨੂੰ ਖਬਰਾਂ ਲਈ ਭੁਗਤਾਨ ਕਰਨਾ ਪਵੇਗਾ

ਕੈਨਬਰਾ, 10 ਦਸੰਬਰ (ਪੋਸਟ ਬਿਊਰੋ)- ਆਸਟ੍ਰੇਲੀਆਈ ਸਰਕਾਰ ਪਾਰਲੀਮੈਂਟ ਵਿੱਚ ਇੱਕ ਨਵਾਂ ਬਿੱਲ ਪੇਸ਼ ਕਰੇਗੀ ਜੋ ਗੂਗਲ ਅਤੇ ਫੇਸਬੁੱਕ ਨੂੰ ਇਸ ਦੇਸ਼ ਵਿੱਚ ਪੱਤਰਕਾਰੀ ਜਾਂ ਖ਼ਬਰਾਂ ਨਾਲ ਸਬੰਧਤ ਗਤੀਵਿਧੀਆਂ ਲਈ ਭੁਗਤਾਨ ਕਰਨ ਨੂੰ ਲਾਜ਼ਮੀ ਕਰੇਗਾ। ਇਸ ਬਾਰੇ ਵਿੱਤ ਮੰਤਰੀ ਜੋਸ਼ ਫ੍ਰਿਡੇਨਬਰਗ ਨੇ ਕਿਹਾ ਕਿ 'ਨਿਊਜ਼ ਮੀਡੀਆ ਮੋਲ-ਤੋਲ ਕੋਡ' ਬਣਾਉਣ ਲਈ ਇਹ ਬਿੱਲ ਲਿਆਂਦਾ ਜਾਵੇਗਾ ਅਤੇ ਪਾਰਲੀਮੈਂਟਰੀ ਕਮੇਟੀ ਇਸ 'ਤੇ ਵਿਚਾਰ ਕਰੇਗੀ ਤੇ ਉਸ ਤੋਂ ਬਾਅਦ ਅਗਲੇ ਸਾਲ ਸੰਸਦ ਮੈਂਬਰ ਇਸ 'ਤੇ ਵੋਟਿੰਗ ਕਰਨਗੇ।

ਵਿੱਤ ਮੰਤਰੀ ਨੇ ਕਿਹਾ ਕਿ ਇਸ ਨਾਲ ਬਹੁਤ ਵੱਡਾ ਸੁਧਾਰ ਹੋਵੇਗਾ। ਇਹ ਵਿਸ਼ਵ ਵਿੱਚ ਪਹਿਲੀ ਵਾਰ ਹੋਵੇਗਾ ਕਿ ਨਵੇਂ ਕਾਨੂੰਨ ਦੇ ਹਿਸਾਬ ਨਾਲ ਇਨ੍ਹਾਂ ਕੰਪਨੀਆਂ ਨੂੰ ਵੀ ਆਮ ਵਪਾਰਕ ਮੀਡੀਆ ਕਾਰੋਬਾਰ ਦੇ ਵਾਂਗ ਪੱਤਰਕਾਰੀ ਕਰਨ ਲਈ ਭੁਗਤਾਨ ਕਰਨਾ ਹੋਵੇਗਾ। ਆਨਲਾਈਨ ਇਸ਼ਤਿਹਾਰ ਬਾਜ਼ਾਰ ਵਿੱਚ ਗੂਗਲ ਦਾ ਹਿੱਸਾ 53 ਫੀਸਦੀ ਅਤੇ ਫੇਸਬੁੱਕ ਦਾ 23 ਫੀਸਦੀ ਹੈ।ਫੇਸਬੁੱਕ ਨੇ ਚਿਤਾਵਨੀ ਦਿੱਤੀ ਸੀ ਕਿ ਉਹ ਖ਼ਬਰਾਂ ਲਈ ਭੁਗਤਾਨ ਕਰਨ ਦੀ ਥਾਂ ਆਸਟ੍ਰੇਲੀਆਈ ਖਬਰਾਂ ਨੂੰ ਬੰਦ ਕਰ ਸਕਦਾ ਹੈ। ਗੂਗਲ ਨੇ ਕਿਹਾ ਕਿ ਪ੍ਰਸਤਾਵਿਤ ਕਾਨੂੰਨ ਗੂਗਲ ਸਰਚ ਅਤੇ ਯੂ-ਟਿਊਬ ਲਈ ਨਾਟਕੀ ਤੌਰ 'ਤੇ ਬੁਰਾ ਹੋਵੇਗਾ।

# ਅਮਰੀਕੀ ਆਗੂਆਂ ਨਾਲ ਰਾਤਾਂ ਗੁਜ਼ਾਰਨ ਵਾਲੀ ਚੀਨ ਲਈ ਜਾਸੂਸੀ ਕਰਦੀ ਰਹੀ

ਵਾਸ਼ਿੰਗਟਨ, 10 ਦਸੰਬਰ (ਪੋਸਟ ਬਿਊਰੋ)- ਚੀਨ ਵੱਲੋਂ ਅਮਰੀਕਾ ਵਿੱਚ ਜਾਸੂਸੀ ਕਰਨ ਦਾ ਇੱਕ ਵੱਡਾ ਖੁਲਾਸਾ ਹੋਇਆ ਹੈ। ਇੱਕ ਰਿਪੋਰਟ ਮੁਤਾਬਕ ਚੀਨ ਦੀ ਇੱਕ ਔਰਤ ਕਰੀਬ ਪੰਜ ਸਾਲ ਅਮਰੀਕਾ ਵਿੱਚ ਰਹੀ ਤੇ ਕਈ ਆਗੂਆਂ ਦੇ ਨਾਲ ਉਸ ਦੇ ਰੋਮਾਂਟਿਕ ਰਿਲੇਸ਼ਨਸ਼ਿਪ ਰਹੇ। ਘੱਟ ਤੋਂ ਘੱਟ ਦੋ ਆਗੂਆਂ ਨਾਲ ਇਸ ਔਰਤ ਨੇ ਰਾਤ ਵੀ ਬਤਾਈ।

ਇੱਕ ਰਿਪੋਰਟ ਮੁਤਾਬਕ ਫਾਂਗ ਫਾਂਗ ਯਾ ਕ੍ਰਿਸਟੀਨ ਭਾਂਗ ਨਾਂਅ ਦੀ ਔਰਤ ਚੀਨੀ ਖੁਫੀਆ ਏਜੰਸੀ ਲਈ ਕੰਮ ਕਰ ਰਹੀ ਸੀ। ਫਾਂਗ ਨੇ ਅਮਰੀਕਾ ਦੇ ਕਈ ਆਗੂਆਂ ਲਈ ਚੋਣਾਂ ਵਿੱਚ ਧਨ ਇਕੱਠਾ ਕਰਨ ਵਿੱਚ ਮਦਦ ਕੀਤੀ ਸੀ। ਉਹ ਸਾਲ 2011 ਤੋਂ 2015 ਤੱਕ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਰਹੀ, ਪਰ ਜਦ ਉਸ ਨੂੰ ਲੱਗਾ ਕਿ ਐਫ ਬੀ ਆਈ ਉਸ ਤੱਕ ਪਹੁੰਚ ਸਕਦੀ ਹੈ ਤਾਂ ਉਹ ਅਮਰੀਕਾ ਤੋਂ ਭੱਜ ਨਿਕਲੀ।ਫਾਂਗ ਨੇ ਅਮਰੀਕੀ ਪਾਰਲੀਮੈਂਟ ਦੇ ਸਭ ਤੋਂ ਘੱਟ ਉਮਰ ਵਾਲੇ ਮੈਂਬਰ ਦੇ ਕਰੀਬ ਪਹੁੰਚਣ ਦੀ ਕੋਸ਼ਿਸ਼ ਵੀ ਕੀਤੀ ਸੀ। ਅਮਰੀਕੀ ਪਾਰਲੀਮੈਂਟ ਮੈਂਬਰ ਏਰਿਕ ਸਵਾਲਵੇਲ ਦੇ ਦੋਬਾਰਾ ਚੋਣਾਂ ਲੜਨ ਵੇਲੇ ਫਾਂਗ ਨੇ ਫੰਡ ਇਕੱਠਾ ਕਰਨ ਵਿੱਚ ਮਦਦ ਕੀਤੀ ਸੀ। ਫਾਂਗ ਨੇ ਫੰਡ ਇਕੱਠਾ ਕਰਨ ਵਿੱਚ ਤੁਲਸੀ ਗਬਾਰਡ ਦੀ ਵੀ ਮਦਦ ਕੀਤੀ ਸੀ। ਕੈਲੀਫੋਰਨੀਆ ਦੇ ਰਾਜਸੀ ਸਰਕਲ ਵਿੱਚ ਫਾਂਗ ਕਾਫੀ ਮਸ਼ਹੂਰ ਹੋ ਗਈ ਸੀ। ਉਸ ਨੇ ਦੋ ਚੁਣੇ ਹੋਏ ਆਗੂਆਂ ਨਾਲ ਸਰੀਰਕ ਸੰਬੰਧ ਬਣਾਏ ਸਨ। ਇਸਰਿਪੋਰਟ ਵਿੱਚ ਇਹ ਕਿਹਾ ਗਿਆ ਹੈ ਕਿ ਔਰਤ ਨੇ ਚੀਨ ਦੇ ਸੁਰੱਖਿਆ ਮੰਤਰਾਲੇ ਦੇ ਨਿਰਦੇਸ਼ 'ਤੇ ਜਾਸੂਸੀ ਦਾ ਕੰਮ ਕੀਤਾ। ਦੱਸਿਆ ਜਾ ਰਿਹਾ ਹੈ ਕਿ ਫਾਂਗ ਦੇ ਬਾਰੇ ਐਫ ਬੀ ਆਈ ਨੂੰ ਅਚਾਨਕ ਪਤਾ ਲੱਗਾ ਸੀ, ਜਦ ਏਜੰਸੀ ਕਿਸੇ ਹੋਰ ਬਾਰੇ ਜਾਂਚ ਕਰ ਰਹੀ ਸੀ। ਫਾਂਗ ਦੇ ਬਾਰੇ ਖੁਲਾਸੇ ਤੋਂ ਸਮਝ ਪੈਂਦਾ ਹੈ ਕਿ ਚੀਨ ਕਿਸ ਹੱਦ ਤੱਕ ਦੂਸਰੇ ਦੇਸ਼ਾਂ ਵਿੱਚ ਵੜ ਕੇ ਸੂਚਨਾਵਾਂ ਇਕੱਠੀਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਕਿਸਾਨੀ ਸੰਘਰਸ਼ ਨੂੰ ਸਮੱਰਪਿਤ ਅੰਤਰ-ਰਾਸ਼ਟਰੀ ਕਵੀ-ਦਰਬਾਰ ਤੇ ਵਿਚਾਰ-ਚਰਚਾ 12 ਭਲਕੇ

ਲੁਧਿਆਣਾ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਗੁਜਰਾਂਵਾਲਾ ਗੁਰੂ ਨਾਨਕ ਕਾਲਜ ਲੁਧਿਆਣਾ ਦੇ ਪੋਸਟ-ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਇਸ ਸਮੇਂ ਭਾਰਤ ਦੀ ਰਾਜਧਾਨੀ ਦਿੱਲੀ ਦੇ ਬਾਹਰਵਾਰ ਹੱਦਾਂ 'ਤੇ ਚੱਲ ਰਹੇ ਕਿਸਾਨੀ ਸੰਘਰਸ਼ ਅਤੇ ਖੇਤੀ ਸੰਕਟ ਨੂੰ ਸਮੱਰਪਿਤ ਅੰਤਰ-ਰਾਸ਼ਟਰੀ ਕਵੀ-ਦਰਬਾਰ ਅਤੇ ਵਿਚਾਰ-ਚਰਚਾ 12 ਦਸੰਬਰ ਦਿਨ ਸ਼ਨੀਵਾਰ ਦੀ ਸ਼ਾਮ ਨੂੰ ਭਾਰਤੀ ਸਮੇਂ ਮੁਤਾਬਿਕ ਸ਼ਾਮ ਦੇ 5.30 ਵਜੇ, ਯੂਰਪੀਨ ਸਮੇਂ ਅਨੁਸਾਰ ਦੁਪਹਿਰੇ 1.00 ਵਜੇ ਅਤੇ ਟੋਰਾਂਟੋ ਦੇ ਸਮੇਂ ਅਨੁਸਾਰ 7.00 ਵਜੇ ਸਵੇਰੇ ਕਰਵਾਈ ਜਾ ਰਹੀ ਹੈ।

ਇਸ ਪ੍ਰੋਗਰਾਮ ਵਿਚ ਆਰੰਭਕ ਸ਼ਬਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ-ਚਾਂਸਲਰ ਅਤੇ ਜੀ.ਜੀ.ਐੱਨ. ਕਾਲਜ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਐੱਸ.ਪੀ.ਸਿੰਘ ਵੱਲੋਂ ਬੋਲੇ ਜਾਣਗੇ। ਸਮਾਗ਼ਮ ਦੀ ਪ੍ਰਧਾਨਗੀ ਪੰਜਾਬੀ ਦੇ ਸਿਰਮੌਰ-ਕਵੀ ਸੁਰਜੀਤ ਪਾਤਰ ਕਰਨਗੇ ਅਤੇ ਇਸ ਸਮਾਗ਼ਮ ਦੇ ਮੁੱਖ-ਬੁਲਾਰੇ ਤੇ ਵਿਸ਼ੇਸ਼ ਮਹਿਮਾਨ ਵਜੋਂ ਅੰਤਰ-ਰਾਸ਼ਟਰ ਪ੍ਰਸਿੱਧੀ ਪ੍ਰਾਪਤ ਅਰਥ-ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਹੋਣਗੇ।

ਕਵੀ-ਦਰਬਾਰ ਦਾ ਉਦਘਾਟਨ ਉੱਘੇ ਕਵੀ ਪ੍ਰੋ. ਗੁਰਭਜਨ ਗਿੱਲ ਕਰਨਗੇ ਅਤੇ ਇਸ ਕਵੀ-ਦਰਬਾਰ ਵਿਚ ਟੋਰਾਂਟੋ (ਕੈਨੇਡਾ) ਤੋਂ ਓਕਾਰ ਪ੍ਰੀਤ, ਭੁਪਿੰਦਰ ਦੂਲੇ, ਕੁਲਵਿੰਦਰ ਖਹਿਰਾ, ਸੁਰਜੀਤ ਕੌਰ ਤੇ ਪ੍ਰੋ. ਜਗੀਰ ਸਿੰਘ ਕਾਹਲੋਂ ਅਤੇ ਅਮਰੀਕਾ ਤੋਂ ਨਕਸ਼ਦੀਪ ਪੰਜਕੋਹਾ ਭਾਗ ਲੈਣਗੇ। ਪੰਜਾਬ (ਭਾਰਤ) ਤੋਂ ਜਗਸੀਰ ਜੀਦਾ (ਬਠਿੰਡਾ), ਡਾ. ਸਰਦੂਲ ਸਿੰਘ ਔਜਲਾ (ਕਪੂਰਥਲਾ), ਤ੍ਰੈਲੋਚਨ ਲੋਚੀ (ਲੁਧਿਆਣਾ), ਪ੍ਰੋ. ਸੁਰਜੀਤ ਜੱਜ (ਫਗਵਾੜਾ), ਸ਼੍ਰੀਮਤੀ ਸੁਖਵਿੰਦਰ ਅੰਮ੍ਰਿਤ (ਮੋਹਾਲੀ) ਅਤੇ ਸੁਖਵਿੰਦਰ ਸਿੰਘ ਰਟੌਲ (ਪਟਿਆਲਾ) ਭਾਗ ਲੈਣਗੇ। ਸਮੂਹ ਕਵੀ-ਸਾਹਿਬਾਨ ਤੇ ਸਰੋਤਿਆਂ ਦਾ ਧੰਨਵਾਦ ਕਾਲਜ ਦੇ ਪ੍ਰਿੰਸੀਪਲ ਅਰਵਿੰਦਰ ਸਿੰਘ ਭੱਲਾ ਵੱਲੋਂ ਕੀਤਾ ਜਾਏਗਾ। ਇਹ ਜਾਣਕਾਰੀ ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ ਅਤੇ ਵਿਭਾਗ ਦੀ ਪ੍ਰਾਅਧਿਆਪਕਾ ਪ੍ਰੋ. ਸ਼ਰਨਜੀਤ ਕੌਰ ਵੱਲੋਂ ਪ੍ਰਾਪਤ ਹੋਈ ਹੈ।

# ਸਰਕਾਰ ਵੱਲੋਂ ਸਪਾਂਸਰ ਅਰਾਜਕਤਾ ਨੂੰ ਕਰਾਰਾ ਜਵਾਬ ਹੈ ਭਾਰਤ ਬੰਦ : ਸ਼ਿਵ ਸੈਨਾ

ਮੁੰਬਈ, 10 ਦਸੰਬਰ (ਪੋਸਟ ਬਿਊਰੋ)- ਸ਼ਿਵ ਸੈਨਾ ਨੇ ਕਿਹਾ ਹੈ ਕਿ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਜਥੇਬੰਦੀਆਂ ਵੱਲੋਂ ਭਾਰਤ ਬੰਦ ਅਸਲ ਵਿੱਚ 'ਸਰਕਾਰ ਵੱਲੋਂ ਸਪਾਂਸਰ ਅਰਾਜਕਤਾ' ਨੂੰ ਕਰਾਰਾ ਜਵਾਬ ਸੀ।

ਸ਼ਿਵ ਸੈਨਾ ਦੇ ਅਖਬਾਰ ਸਾਮਨਾ ਵਿੱਚ ਛਪੀ ਸੰਪਾਦਕੀ ਵਿੱਚ ਦੋਸ਼ ਲਾਇਆ ਗਿਆ ਹੈ ਕਿ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਨਰਿੰਦਰ ਮੋਦੀ ਸਰਕਾਰ ਆਪਣੇ ਸਿਆਸੀ ਹਿੱਤਾਂ ਲਈ ਦੇਸ਼ 'ਤੇ ਖੌਫ ਅਤੇ ਦਹਿਸ਼ਤ ਦੀ ਤਲਵਾਰ ਲਟਕਦੀ ਰੱਖਣਾ ਚਾਹੁੰਦੀ ਹੈ। ਇਸ ਵਿੱਚ ਦੋਸ਼ ਲਾਇਆ ਕਿ ''ਦੇਸ਼ ਵਿੱਚ ਟਕਰਾਅ ਨੂੰ ਹੱਲ ਕਰਨ ਦੀ ਥਾਂਭਾਜਪਾ ਇਸ ਟਕਰਾਅ ਨੂੰ ਮਘਦਾ ਰੱਖਣਾ ਚਾਹੁੰਦੀ ਹੈ।'' ਕਈ ਕਿਸਾਨ ਜਥੇਬੰਦੀਆਂ ਨੇ ਮੰਗਲਵਾਰ ਨੂੰ ਭਾਰਤ ਬੰਦ ਰੱਖਿਆ ਅਤੇ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਇਸ ਸੰਪਾਦਕੀ ਵਿੱਚ ਸਵਾਲ ਕੀਤਾ ਗਿਆ ਕਿ ਸਿਆਸੀ ਪਾਰਟੀਆਂ ਵੱਲੋਂ 'ਭਾਰਤ ਬੰਦ' ਨੂੰ ਸਮਰਥਨ ਦੇਣ ਵਿੱਚ ਕੀ ਬੁਰਾਈ ਸੀ। ਸੰਪਾਦਕੀ ਵਿੱਚ ਕਿਸਾਨਾਂ ਦੇ ਪ੍ਰਦਰਸ਼ਨ ਨੂੰ ਭਾਜਪਾ ਵੱਲੋਂ ਦੇਸ਼ ਵਿੱਚ ਅਰਾਜਕਤਾ ਪੈਦਾ ਕਰਨ ਦੀ ਕੋਸ਼ਿਸ਼ ਅਤੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਖਾਲਿਸਤਾਨੀ ਦੱਸੇ ਜਾਣ ਦੀ ਆਲੋਚਨਾ ਕੀਤੀ ਗਈ। ਇਸ ਵਿੱਚ ਅੱਗੇ ਦੋਸ਼ ਲਾਇਆ ਗਿਆ, ''ਭਾਜਪਾ ਵੱਲੋਂ ਜੋ ਪੱਛਮੀ ਬੰਗਾਲ ਵਿੱਚ ਕੀਤਾ ਜਾ ਰਿਹਾ ਹੈ, ਉਹ ਸਿਆਸੀ ਹਫੜਾ-ਦਫੜੀ ਹੈ, ਜਿਸ ਵਿੱਚ ਜਾਤ-ਪਾਤ ਅਤੇ ਧਾਰਮਿਕ ਸੁਧਾਰਾਂ 'ਤੇ ਧਰੁਵੀਕਰਨ ਕੀਤਾ ਜਾ ਰਿਹਾ ਹੈ।''

# ਓਨਟਾਰੀਓ ਦੇ ਤਿੰਨ ਹੋਰ ਰੀਜਨਜ਼ ਵਿੱਚ ਅੱਜ ਤੋਂ ਕੱਸੀਆਂ ਜਾਣਗੀਆਂ ਕੋਵਿਡ-19 ਸਬੰਧੀ ਪਾਬੰਦੀਆਂ



ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ) : ਸੋਮਵਾਰ ਤੋਂ ਓਨਟਾਰੀਓ ਤਿੰਨ ਹੋਰ ਰੀਜਨਜ਼ ਵਿੱਚ ਕੋਵਿਡ-19 ਸਬੰਧੀ ਸਖ਼ਤ ਪਾਬੰਦੀਆਂ ਲਾਉਣ ਜਾ ਰਿਹਾ ਹੈ। ਇਸ ਦੌਰਾਨ ਇਨ੍ਹਾਂ ਪ੍ਰੋਵਿੰਸਾਂ ਦੇ ਕਾਰੋਬਾਰਾਂ ਤੇ ਰੈਜ਼ੀਡੈਂਟਸ ਉੱਤੇ ਪਾਬੰਦੀਆਂ ਹੋਰ ਕੱਸੀਆਂ ਜਾਣਗੀਆਂ।

ਸੋਮਵਾਰ ਤੋਂ ਮਿਡਲਸੈਕਸ-ਲੰਡਨ ਹੈਲਥ ਯੂਨਿਟ ਤੇ ਥੰਡਰ ਬੇਅ ਡਿਸਟ੍ਰਿਕਟ ਹੈਲਥ ਯੂਨਿਟ ਆਰੇਂਜ ਜ਼ੋਨ ਵਿੱਚ ਆ ਜਾਣਗੇ ਜਦਕਿ ਹੈਲੀਬਰਟਨ, ਕਵਾਰਥਾ, ਪਾਈਨ ਰਿੱਜ ਡਿਸਟ੍ਰਿਕਟ ਹੈਲਥ ਯੂਨਿਟ ਯੈਲੋ ਪ੍ਰੋਟੈਕਟ ਵਿੱਚ ਆਉਣਗੇ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਸ਼ੁੱਕਰਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਪਿਛਲੇ ਸੱਤ ਦਿਨਾਂ ਵਿੱਚ ਇਨ੍ਹਾਂ ਤਿੰਨ ਇਲਾਕਿਆਂ ਵਿੱਚ ਅਸੀਂ ਪਾਇਆ ਕਿ ਅਹਿਮ ਪਬਲਿਕ ਹੈਲਥ ਇੰਡੀਕੇਟਰਜ਼ ਦਾ ਰੁਝਾਨ ਗਲਤ ਦਿਸ਼ਾ ਵੱਲ ਜਾ ਰਿਹਾ ਹੈ। ਇਨ੍ਹਾਂ ਇਲਾਕਿਆਂ ਵਿੱਚ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਸਾਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਓਨਟਾਰੀਓ ਵਾਸੀਆਂ ਦੀ ਸਿਹਤ ਸਾਡੇ ਲਈ ਮੁੱਖ ਤਰਜੀਹ ਹੈ।

ਲਾਕਡਾਊਨ ਵੱਲ ਵੱਧ ਰਹੇ ਯੌਰਕ ਰੀਜਨ ਨੂੰ ਹਾਲ ਦੀ ਘੜੀ ਇਸ ਪੱਧਰ ਉੱਤੇ ਨਹੀਂ ਲਿਆਂਦਾ ਜਾ ਰਿਹਾ। ਮੈਡੀਕਲ ਆਫੀਸਰ ਆਫ ਹੈਲਥ ਕਰੀਮ ਕੁਰਜ਼ੀ ਨੇ ਆਖਿਆ ਕਿ ਉਹ ਯੌਰਕ ਰੀਜਨ ਦੇ ਲਾਕਡਾਊਨ ਦੇ ਸਮਰਥਨ ਵਿੱਚ ਨਹੀਂ ਹਨ। ਬਾਕੀ ਦੀਆਂ ਹੈਲਥ ਯੂਨਿਟਸ ਆਪਣੇ ਮੌਜੂਦਾ ਪੱਧਰ ਉੱਤੇ ਹੀ ਰਹਿਣਗੀਆਂ, ਇਨ੍ਹਾਂ ਵਿੱਚ ਟੋਰਾਂਟੋ ਤੇ ਪੀਲ ਰੀਜਨ ਸ਼ਾਮਲ ਹਨ, ਜੋ ਕਿ ਲਾਕਡਾਊਨ ਵਿੱਚ ਹੀ ਰਹਿਣਗੇ।

# ਗੈਰਕਾਨੂੰਨੀ ਢੰਗ ਨਾਲ ਚਲਾਏ ਜਾ ਰਹੇ ਗੇਮਿੰਗ ਹਾਊਸ ਦਾ ਪੁਲਿਸ ਨੇ ਕੀਤਾ ਪਰਦਾਫਾਸ਼




ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਯੌਰਕ ਵਿਖੇ ਕਥਿਤ ਤੌਰ ਉੱਤੇ ਗੈਰ ਕਾਨੂੰਨੀ ਢੰਗ ਨਾਲ ਚਲਾਏ ਜਾ ਰਹੇ ਇੱਕ ਗੇਮਿੰਗ ਹਾਊਸ ਦਾ ਪੁਲਿਸ ਵੱਲੋਂ ਪਰਦਾਫਾਸ਼ ਕੀਤਾ ਗਿਆ ਹੈ। ਇਸ ਦੌਰਾਨ ਕਈ ਵਿਅਕਤੀਆਂ ਨੂੰ ਚਾਰਜ ਵੀ ਕੀਤਾ ਗਿਆ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 4 ਦਸੰਬਰ ਨੂੰ ਰਾਤੀਂ 8:45 ਉੱਤੇ ਪੁਲਿਸ ਤੇ ਬਾਇਲਾਅ ਅਧਿਕਾਰੀਆਂ ਵੱਲੋਂ ਲਾਰੈਂਸ ਐਵਨਿਊ ਵੈਸਟ ਤੇ ਮਾਰਲੀ ਐਵਨਿਊ ਏਰੀਆ ਵਿੱਚ ਸਥਿਤ ਇੱਕ ਸੋਸ਼ਲ ਕਲੱਬ ਉੱਤੇ ਛਾਪਾ ਮਾਰਿਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਪਾਇਆ ਕਿ ਬਿਲਡਿੰਗ ਵਿੱਚ ਮੌਜੂਦ 10 ਵਿਅਕਤੀਆਂ ਵੱਲੋਂ ਕੋਵਿਡ-19 ਸਬੰਧੀ ਰੀਓਪਨਿੰਗ ਓਨਟਾਰੀਓ ਐਕਟ ਸਬੰਧੀ ਲਾਈਆਂ ਗਈਆਂ ਪਾਬੰਦੀਆਂ ਦੀ ਉਲੰਘਣਾਂ ਕੀਤੀ ਜਾ ਰਹੀ ਸੀ।

ਸ਼ਨਿੱਚਰਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਅਧਿਕਾਰੀਆਂ ਨੂੰ ਬਿਲਡਿੰਗ ਵਿੱਚੋਂ 11 ਗੈਰਕਾਨੂੰਨੀ ਗੇਮਿੰਗ ਮਸ਼ੀਨਾਂ ਵੀ ਮਿਲੀਆਂ। ਜਾਂਚਕਾਰਾਂ ਨੇ ਦੱਸਿਆ ਕਿ ਇਸ ਬਿਲਡਿੰਗ ਦੇ ਮਾਲਕ ਟੋਰਾਂਟੋ ਵਾਸੀ 59 ਸਾਲਾ ਐਂਟੋਨੀਓ ਮਾਜ਼ੇਈ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਮਾਜ਼ਈ ਨੂੰ 29 ਜਨਵਰੀ, 2021 ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

# ਕੈਨੇਡਾ ਸਰਕਾਰ ਦੀ ਵਿੱਤੀ ਰਣਨੀਤੀ 2020 ਤਹਿਤ ਬੱਚਿਆਂ, ਬਜ਼ੁਰਗਾਂ ਤੋਂ ਲੈਕੇ ਕਾਰੋਬਾਰਾਂ ਸਮੇਤ ਸਾਰੇ ਵਰਗਾਂ ਲਈ ਕੀਤੇ ਗਏ ਵੱਡੇ ਐਲਾਨ

ਕੈਨੇਡਾ ਸਰਕਾਰ ਨੇ ਕੋਵਿਡ -19 ਮਹਾਂਮਾਰੀ ਨੂੰ ਨਜਿੱਠਣ ਅਤੇ ਆਰਥਿਕ ਰਿਕਵਰੀ ਲਈ ਵਿੱਤੀ ਰਣਨੀਤੀ ਜਾਰੀ ਕੀਤੀ ਹੈ, ਜਿਸ ਤਹਿਤ ਬੱਚਿਆਂ ਤੋਂ ਲੈਕੇ ਬਜ਼ੁਰਗਾਂ ਤੱਕ ਅਤੇ ਛੋਟੇ ਕਾਰੋਬਾਰਾਂ ਤੋਂ ਲੈਕੇ ਟੂਰਿਜ਼ਮ ਸੈਕਟਰ ਤੱਕ ਲਈ ਕਈ ਅਹਿਮ ਐਲਾਨ ਕੀਤੇ ਗਏ ਹਨ।

ਬੱਚਿਆਂ ਲਈ ਕੈਨੇਡਾ ਚਾਈਲਡ ਬੈਨੀਫਿਟ - 2021 ਦੌਰਾਨ ਕੈਨੇਡਾ ਚਾਈਲਡ ਬੈਨੀਫਿਟ ਤਹਿਤ ਛੇ ਸਾਲ ਤੋਂ ਘੱਟ ਉਮਰ ਦੇ ਬੱਚੇ ਹਰੇਕ ਲਈ 1,200 ਡਾਲਰ ਅਤੇ ਉਹ ਪਰਿਵਾਰ ਜੋ ਕੈਨੇਡਾ ਚਾਈਲਡ ਬੈਨੀਫਿਟ ਲਈ ਯੋਗਤਾ ਪੂਰੀ ਕਰਦੇ ਹਨ ਅਤੇ $120,000 ਜਾਂ ਇਸ ਤੋਂ ਘੱਟ ਦੀ ਕੁੱਲ ਆਮਦਨ ਕਮਾਉਂਦੇ ਹਨ, ਉਨ੍ਹਾਂ ਨੂੰ ਸਾਲ ਵਿੱਚ $300 ਦੀ ਚਾਰ ਵਾਰ ਟੈਕਸ ਮੁਕਤ ਅਦਾਇਗੀ ਪ੍ਰਾਪਤ ਹੋਵੇਗੀ।

ਨੌਜਵਾਨਾਂ ਲਈ ਕੈਨੇਡਾ ਸਮਰ ਜਾਬ ਪ੍ਰੋਗਰਾਮ - ਫੈਡਰਲ ਸਰਕਾਰ 2021-22 ਵਿਚ 447.5 ਮਿਲੀਅਨ ਡਾਲਰ ਖਰਚ ਕਰੇਗੀ ਤਾਂ ਜੋ ਨੌਜਵਾਨਾਂ ਲਈ 40,000 ਕੈਨੇਡਾ ਸਮਰ ਜੌਬ ਤਹਿਤ ਦੇ ਵਾਧੂ ਰੁਜ਼ਗਾਰ ਮੌਕੇ ਸਥਾਪਤ ਕੀਤੇ ਜਾ ਸਕਣ। ਇਸਦੇ ਨਾਲ ਹੀ ਸਰਕਾਰ ਪ੍ਰੋਗਰਾਮ ਵਿਚ ਲੋੜੀਂਦੇ ਬਦਲਾਅ ਕਰਨ ਜਾ ਰਹੀ ਹੈ।

ਪੀਪੀਈ ਨੂੰ ਨਹੀਂ ਲੱਗੇਗੀ ਜੀਐਸਟੀ / ਐਚਐਸਟੀ - ਫੈਡਰਲ ਸਰਕਾਰ ਨੇ ਫੇਸ ਮਾਸਕ ਅਤੇ ਫੇਸ ਸ਼ੀਲਡ ਤੋਂ ਜੀਐਸਟੀ / ਐਚਐਸਟੀ ਨੂੰ ਹਟਾਉਣ ਦਾ ਫੈਸਲਾ ਲਿਆ ਹੈ। 2020-21 ਤੋਂ ਸ਼ੁਰੂ ਹੋ ਕੇ ਦੋ ਸਾਲਾਂ ਦੌਰਾਨ ਇਸ ਉਪਰਾਲੇ ਲਈ 95 ਮਿਲੀਅਨ ਡਾਲਰ ਦੀ ਲਾਗਤ ਆਵੇਗੀ।

ਨਸਲੀ ਅਤੇ ਗੈਂਗ ਹਿੰਸਾ ਨੂੰ ਰੋਕਣ ਲਈ ਵੱਡੇ ਐਲਾਨ, ਫਰੰਟ ਲਾਈਨ ਆਰਸੀਐਮਪੀ ਅਧਿਕਾਰੀਆਂ ਦੇ ਬਾਡੀ ਕੈਮਰਿਆਂ ਲਈ ਵੀ ਫੰਡਿੰਗ ਦਾ ਐਲਾਨ - ਫਰੰਟ ਲਾਈਨ ਆਰਸੀਐਮਪੀ ਦੇ ਅਧਿਕਾਰੀਆਂ ਦੇ ਬਾਡੀ ਕੈਮਰਿਆਂ ਲਈ 2020-21 ਤੋਂ ਸ਼ੁਰੂ ਹੋ ਰਹੇ ਅਗਲੇ ਛੇ ਸਾਲਾਂ ਵਿਚ ਪ੍ਰੋਗਰਾਮ ਲਈ 238.5 ਮਿਲੀਅਨ ਡਾਲਰ ਦੀ ਲਾਗਤ ਆਵੇਗੀ। ਉਸ ਤੋਂ ਬਾਅਦ, ਪ੍ਰੋਗਰਾਮ ਨੂੰ 50 ਮਿਲੀਅਨ ਡਾਲਰ ਦੇ ਸਾਲਾਨਾ ਫੰਡਾਂ ਨਾਲ ਜਾਰੀ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਫੈਡਰਲ ਸਰਕਾਰ 2021-22 ਤੋਂ ਗੈਂਗ ਵਿਰੋਧੀ ਵਿਰੋਧੀ ਪ੍ਰੋਗਰਾਮਾਂ ਦੀ ਸਹਾਇਤਾ ਲਈ ਮਿਊਂਸੀਪੈਲਿਟੀਆਂ ਅਤੇ ਕਮਿਊਨਟੀ-ਅਗਵਾਈ ਵਾਲੀਆਂ ਪਹਿਲਕਦਮੀਆਂ ਨੂੰ ਪੰਜ ਸਾਲਾਂ ਦੌਰਾਨ 250 ਮਿਲੀਅਨ ਡਾਲਰ ਦੇਣ ਜਾ ਰਹੀ ਹੈ।

ਬਜ਼ੁਰਗਾਂ ਦੇ ਲੌਂਗ ਟਰਮ ਕੇਅਰ ਹੋਮ ਲਈ ਫੰਡ ਦੇਣ ਦਾ ਵਾਅਦਾ - ਅਗਲੇ ਤਿੰਨ ਸਾਲਾਂ ਦੌਰਾਨ ਲੌਂਗ ਟਰਮ ਕੇਅਰ ਹੋਮਜ਼ ਵਿੱਚ ਪ੍ਰੋਵਿੰਸਾਂ ਅਤੇ ਪ੍ਰਦੇਸ਼ਾਂ ਦੀ ਕੋਵਿਡ-19 ਲਾਗ ਕੰਟਰੋਲ ਵਿੱਚ ਸੁਧਾਰ ਲਈ ਕੈਨੇਡਾ ਸਰਕਾਰ ਵੱਲੋਂ ਇੱਕ 1 ਬਿਲੀਅਨ ਡਾਲਰ ਦੇ ਫੰਡ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਘਰ ਤੋਂ ਕੰਮ ਕਰ ਰਹੇ ਕਾਮਿਆਂ ਨੂੰ ਟੈਕਸ ਤੋਂ ਮਿਲੇਗੀ ਛੋਟ - ਕੋਵਿਡ-19 ਦੌਰਾਨ ਬਹੁਤ ਸਾਰੇ ਕੈਨੇਡੀਅਨ ਘਰ ਤੋਂ ਕੰਮ ਕਰ ਰਹੇ ਹਨ, ਇਸ ਲਈ ਕੈਨੇਡਾ ਰੈਵੇਨਿਊ ਏਜੰਸੀ ਕੈਨੇਡੀਅਨਾਂ ਨੂੰ ਆਪਣੇ ਖਰਚਿਆਂ ਦਾ ਵਿਸਥਾਰਤ ਖਾਤਾ ਰੱਖੇ ਬਿਨਾਂ ਘਰ ਤੋਂ ਕੰਮ ਕਰਨ ਲਈ $400 ਤੱਕ ਦੇ ਟੈਕਸ ਕਟੌਤੀ ਦਵੇਗੀ ਤਾਂ ਜੋ ਘਰ ਤੋਂ ਕੰਮ ਕਰਨ 'ਚ ਹੁੰਦੇ ਖਰਚਿਆਂ ਦੇ ਬੋਝ ਤੋਂ ਕਾਮਿਆਂ ਨੂੰ ਰਾਹਤ ਮਿਲ ਸਕੇ।

# ਟਰੰਪ ਦੀ ਜ਼ਿੱਦ ਤੋਂ ਖਿਝੀ ਹੋਈ ਮੇਲਾਨੀਆ ਵ੍ਹਾਈਟ ਹਾਊਸ ਛੱਡ ਕੇ ਜਾਣ ਨੂੰ ਕਾਹਲੀ

ਵਾਸ਼ਿੰਗਟਨ, 10 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨ-ਾਲਡ ਟਰੰਪ ਭਾਵੇਂ ਅਹੁਦਾ ਛੱਡਣ ਤੇ ਹਾਰ ਮੰਨਣ ਲਈ ਤਿਆਰ ਨਜ਼ਰ ਨਹੀਂ ਆ ਰਹੇ, ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਉਨ੍ਹਾਂ ਦੇ ਇਸ ਰੁਖਤੋਂ ਕਾਫੀ ਨਾਰਾਜ਼ ਹੈ। ਟਰੰਪ ਹਾਲੇ ਤੱਕ ਵੀ ਲਗਾਤਾਰ ਆਪਣੀ ਜਿੱਤ ਦੇ ਦਾਅਵੇ ਕਰ ਰਹੇ ਹਨ, ਪਰ ਪਰਿਵਾਰ ਤੋਂ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਮਦਦ ਮਿਲਦੀ ਨਜ਼ਰ ਨਹੀਂ ਆ ਰਹੀ। ਪਹਿਲਾਂ ਜਵਾਈ ਜੇਰਾਡਰ ਕੁਸ਼ਨਰ ਤੇ ਫਿਰ ਮੇਲਾਨੀਆ ਵੀ ਵ੍ਹਾਈਟ ਹਾਊਸ ਛੱਡ ਕੇ ਆਪਣੇ ਫਲੋਰੀਡਾ ਵਾਲੇ ਘਰ ਵਿੱਚ ਸ਼ਿਫਟ ਹੋਣ ਦਾ ਮਨ ਬਣਾ ਚੁੱਕੀ ਹੈ।

ਇਸ ਤੋਂ ਪਹਿਲਾਂ ਖਬਰਾਂ ਸਨ ਕਿ ਰਾਸ਼ਟਰਪਤੀ ਅਹੁਦੇ ਤੋਂਟਰੰਪ ਦੇ ਹਟਦੇ ਸਾਰ ਮੇਲਾਨੀਆ ਉਨ੍ਹਾਂ ਨੂੰ ਤਲਾਕ ਦੇ ਸਕਦੀ ਹੈ।ਪਿਛਲੇ ਦਿਨੀਂ ਟਰੰਪ ਨੇ ਸੱਤਾ ਤਬਦੀਲੀ ਦੀ ਇਜਾਜ਼ਤ ਦੇ ਦਿੱਤੀ ਹੈ, ਪਰ ਲਗਾਤਾਰ ਇਹ ਦਾਅਵੇ ਅਜੇ ਤੱਕ ਕਰ ਰਹੇ ਹਨ ਕਿ 20 ਜਨਵਰੀ ਤੋਂ ਬਾਅਦ ਵੀ ਉਹ ਅਮਰੀਕਾ ਦੇ ਰਾਸ਼ਟਰਪਤੀ ਬਣੇ ਰਹਿ ਸਕਦੇ ਹਨ। ਖਬਰ ਏਜੰਸੀ ਦੀ ਰਿਪੋਰਟ ਦੇ ਮੁਤਾਬਕ ਟਰੰਪ ਭਾਵੇਂ ਵ੍ਹਾਈਟ ਹਾਊਸ ਨਹੀਂ ਛੱਡਣਾ ਚਾਹੁੰਦੇ, ਪਰ ਮੇਲਾਨੀਆ ਇਸ ਡਰਾਮੇ ਤੋਂ ਤੰਗ ਆ ਗਈ ਤੇ ਫਲੋਰੀਡਾ ਦੇ ਮਾਰ-ਏ-ਲੀਗੋ ਵਾਲੇ ਆਲੀਸ਼ਾਨ ਪਾਮ ਘਰ ਵਿੱਚਜਾਣਨੂੰ ਤਿਆਰ ਹੈ। ਇਸ ਰਿਪੋਰਟ ਮੁਤਾਬਕ ਮੇਲਾਨੀਆ ਨਵੰਬਰ ਦੇ ਅੱਧ ਤੋਂ ਟਰੰਪ ਨੂੰ ਵ੍ਹਾਈਟ ਹਾਊਸ ਛੱਡਣ ਨੂੰਕਹਿ ਰਹੀ ਹੈ ਅਤੇ ਫਲੋਰੀਡਾ ਵਿੱਚ ਨਵਾਂ ਦਫਤਰ ਵੀ ਖੋਲ੍ਹਣ ਨੂੰ ਤਿਆਰ ਹੈ। ਖਬਰ ਏਜੰਸੀ ਮੁਤਾਬਕ ਮੇਲਾਨੀਆ ਨੇ ਫਿਊਚਰ ਪਲਾਨਦੀ ਰਿਪੋਰਟ ਜਾਰੀ ਕੀਤੀ ਹੈ, ਜਿਸ ਮੁਤਾਬਕ ਜਨਤਕ ਤੌਰ ਉੱਤੇ ਭਾਵੇਂ ਮੇਲਾਨੀਆ ਰਾਸ਼ਟਰਪਤੀ ਟਰੰਪ ਦੀ ਹਾਂ ਵਿੱਚ ਹਾਂ ਮਿਲਾਉਂਦੀ ਦਿਸਦੀ ਹੋਵੇ, ਸੱਚਾਈ ਇਹ ਹੈ ਕਿ ਅੱਧ ਨਵੰਬਰ ਵਿੱਚਜਦੋਂ ਰਾਜਾਂ ਦੀ ਤਸਵੀਰ ਸਾਫ ਹੋਈ ਸੀ, ਮੇਲਾਨੀਆ ਨੇ ਪੋਸਟ ਵ੍ਹਾਈਟ ਹਾਊਸ ਪਲਾਨ ਉੱਤੇ ਕੰਮ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਦੇ ਲਈ ਉਹ ਬਜਟ ਅਤੇ ਸਟਾਫ ਵਰਗੀਆਂ ਅਹਿਮ ਗੱਲਾਂ ਉੱਤੇ ਫੋਕਸ ਕਰ ਰਹੀ ਹੈ। ਮੇਲਾਨੀਆ ਦੇ ਇਕ ਕਰੀਬੀ ਨੇ ਕਿਹਾ ਹੈ ਕਿ ਉਹ ਆਪਣੇ ਘਰ ਜਾਣਾ ਚਾਹੁੰਦੀ ਹੈ। ਅਪ੍ਰੈਲ ਵਿੱਚ ਮੇਲਾਨੀਆ ਨੇ ਆਪਣੀ ਭਰੋਸੇਮੰਦ ਮਾਰਸੀਆ ਕੈਲੀ ਨੂੰ ਸਟਾਫ ਵਿੱਚ ਜਗ੍ਹਾ ਦਿੱਤੀ ਸੀ। ਕੈਲੀ ਕਈ ਗੱਲਾਂ ਲਈ ਮੇਲਾਨੀਆ ਦੀ ਅਹਿਮ ਮਦਦਗਾਰ ਹੈ। ਉਹ ਵ੍ਹਾਈਟ ਹਾਊਸ ਵਿੱਚ ਕੰਮ ਕਰ ਚੁੱਕੀ ਹੈ ਅਤੇ ਉਸ ਨੂੰ ਮੇਲਾਨੀਆ ਦੇ ਵੈਟਸ ਵਿੰਗ ਦਫਤਰ ਦੀਜਾਣਕਾਰੀ ਹੈ। ਮੇਲਾਨੀਆ ਨੂੰ 20 ਹਜ਼ਾਰ ਡਾਲਰ ਹਰ ਮਹੀਨੇ ਪੈਨਸ਼ਨ ਮਿਲੇਗੀ।




## ਲੜਕੀ ਦੀ ਲੋੜ

**Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. Whatsapp +16474968844 Email : matchjatt2018@gmail.com**

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੁਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654








ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



# ਇੱਕ ਅਜੀਬ ਪ੍ਰੇਮ ਕਹਾਣੀ, ਜੋਤੀ ਨੇ ਸੀ ਆਈ ਐਸ ਐਫ ਜਵਾਨ ਲਈ ਸੱਜਾ ਹੱਥ ਕੁਰਬਾਨ ਕਰ ਛੱਡਿਆ

ਦੰਤੇਵਾੜਾ (ਛੱਤੀਸਗੜ੍ਹ), 10 ਦਸੰਬਰ (ਪੋਸਟ ਬਿਊਰੋ)- ਇਸ ਰਾਜ ਦੇ ਬਡਾ ਬਚੇਲੀ ਦੀ ਜੋਤੀ ਕੁੰਡੂ ਅਤੇ ਕੇਰਲ ਦੇ ਵਿਕਾਸ ਪੀ ਵੀ ਦੀ 10 ਸਾਲ ਪੁਰਾਣੀ ਪ੍ਰੇਮ ਕਹਾਣੀ ਕਿਸੇ ਫਿਲਮੀ ਕਹਾਣੀ ਤੋਂ ਘੱਟ ਨਹੀਂ।

ਇਹ ਕਹਾਣੀ ਓਦੋਂ ਸੁਰਖੀਆਂ ਵਿੱਚ ਆਈ, ਜਦ ਕੇਰਲ ਵਿੱਚ ਪੰਚਾਇਤੀ ਚੋਣਾਂ ਸ਼ੁਰੂ ਹੋਈਆਂ ਅਤੇ ਭਾਜਪਾ ਨੇ ਬਲਾਕ ਪੰਚਾਇਤ ਮੈਂਬਰ ਲਈ ਟਿਕਟ ਦੇ ਕੇ ਜੋਤੀ ਨੂੰ ਚੋਣ ਲੜਾਈ। ਜੋਤੀ ਕੇਰਲ ਦੇ ਪਲੱਕੜ ਜ਼ਿਲ੍ਹੇ ਦੇ ਕੋਲੰਗੋਡ ਬਲਾਕ ਤੋਂ ਚੋਣ ਲੜ ਰਹੀ ਸੀ। ਇਨ੍ਹਾਂ ਚੋਣਾਂ ਵਿੱਚ ਜੋਤੀ ਦੀ ਕਹਾਣੀ ਪੂਰੇ ਕੇਰਲ ਵਿੱਚ ਚਰਚਿਤ ਹੈ। ਉਸ ਦਾ ਮੁਕਾਬਲਾ ਕਾਂਗਰਸ ਅਤੇ ਖੱਬੇ ਪੱਖੀ ਦਲਾਂ ਨਾਲ ਹੋਣਾ ਹੈ ਅਤੇ ਨਤੀਜੇ ਦਾ ਹਾਲੇ ਕੋਈ ਪਤਾ ਨਹੀਂ।

ਪ੍ਰੇਮ ਕਹਾਣੀ 10 ਸਾਲ ਪੁਰਾਣੀ ਹੈ। ਜਨਵਰੀ 2010 ਨੂੰ ਜੋਤੀ ਦੁਰਗ ਜ਼ਿਲ੍ਹੇ ਦੇ ਅੰਜੋਰਾ ਵਿੱਚ ਸਰਕਾਰੀ ਨਰਸਿੰਗ ਕਾਲਜ ਦੀ ਵਿਦਿਆਰਥਣ ਸੀ। ਉਹ ਬੱਸ ਰਾਹੀਂ ਆਪਣੇ ਮਾਤਾ-ਪਿਤਾ ਕੋਲ ਬਚੇਲੀ ਆ ਰਹੀ ਸੀ ਅਤੇ ਉਸ ਦੇ ਸਾਹਮਣੇ ਦੀ ਸੀਟ ਉੱਤੇ ਸੀ ਆਈ ਐਸ ਐਫ (ਕੇਂਦਰੀ ਉਦਯੋਗਿਕ ਸੁਰੱਖਿਆ ਬਲ) ਦਾ ਜਵਾਨ ਵਿਕਾਸ ਪੀ ਵੀ ਖਿੜਕੀ ਉੱਤੇ ਸਿਰ ਟਿਕਾਈ ਸੌਂ ਰਿਹਾ ਸੀ। ਅਚਾਨਕ ਜੋਤੀ ਨੇ ਦੇਖਿਆ ਕਿ ਇੱਕ ਬੇਕਾਬੂ ਟੈਂਕਰ ਬੱਸ ਦੇ ਬਿਲਕੁਲ ਨਾਲ ਦੀ ਖਹਿ ਕੇ ਲੰਘਣ ਵਾਲਾ ਹੈ। ਉਸ ਨੇ ਬਿਨਾਂ ਦੇਰ ਕੀਤੇ ਖਿੜਕੀ ਵਿੱਚ ਹੱਥ ਪਾਇਆ ਅਤੇ ਇੱਕ ਝਟਕੇ ਵਿੱਚ ਜਵਾਨ ਦਾ ਸਿਰ ਅੰਦਰ ਵੱਲ ਕਰ ਦਿੱਤਾ, ਪਰ ਤਦ ਤੱਕ ਟੈਂਕਰ ਜੋਤੀ ਦੇ ਹੱਥ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਕੇ ਲੰਘ ਗਿਆ। ਜਵਾਨ ਦੀ ਜਾਨ ਬਚ ਗਈ, ਪਰ ਜੋਤੀ ਨੂੰ ਆਪਣਾ ਸੱਜਾ ਹੱਥ ਗਵਾਉਣਾ ਪਿਆ। ਰਾਏਪੁਰ ਦੇ ਰਾਮਕ੍ਰਿਸ਼ਨ ਕੇਅਰ ਹਸਪਤਾਲ ਵਿੱਚ ਡਾਕਟਰਾਂ ਨੇ ਕਾਫੀ ਕੋਸ਼ਿਸ਼ ਕੀਤੀ, ਪਰ ਅਖੀਰ ਸੱਜਾ ਹੱਥ ਕੱਟਣਾ ਪਿਆ। ਵਿਕਾਸ ਨੂੰ ਪਤਾ ਲੱਗਾ ਕਿ ਉਸ ਦੀ ਜਾਨ ਬਚਾਉਣ ਲਈ ਜੋਤੀ ਨੇ ਆਪਣੀ ਜ਼ਿੰਦਗੀ ਦਾਅ 'ਤੇ ਲਾ ਦਿੱਤੀ ਹੈ। ਉਸ ਦਾ ਭਰਾ ਸੀ ਆਈ ਐਸ ਐਫ ਵਿੱਚ ਕੋਰਬਾ ਵਿੱਖੇ ਤੈਨਾਤ ਸੀ । ਜਦ ਤੱਕ ਜੋਤੀ ਹਸਪਤਾਲ ਵਿੱਚ ਰਹੀ, ਦੋਵੇਂ ਭਰਾ ਉਸ ਦੀ ਸੇਵਾ ਵਿੱਚ ਰਹੇ। ਉਹ ਫੋਨ ਕਰਕੇ ਜੋਤੀ ਨੂੰ ਸਮਝਾਉਂਦੇ ਕਿ ਖੱਬੇ ਹੱਥ ਦੀ ਵਰਤੋਂ ਕਰਨ ਦੀ ਪ੍ਰੈਕਟਿਸ ਕਰੇ। ਸਾਲ 2011 ਵਿੱਚ ਵਿਕਾਸ ਦੇ ਪਰਵਾਰ ਨੇ ਉਸ ਲਈ ਰਿਸ਼ਤੇ ਦੇਖਣੇ ਸ਼ੁਰੂ ਕੀਤੇ ਤਾਂ ਵਿਕਾਸ ਨੇ ਕਿਹਾ ਕਿ ਉਹ ਜੋਤੀ ਨਾਲ ਵਿਆਹ ਕਰਨਾ ਚਾਹੁੰਦਾ ਹੈ। ਉਸ ਦੇ ਪਰਵਾਰ ਵਾਲੇ ਮੰਨ ਗਏ।

ਮੂਲ ਰੂਪ ਤੋਂ ਬੰਗਾਲੀ ਪਰਵਾਰ ਦੀ ਜੋਤੀ ਰਿਸ਼ਤੇ ਬਾਰੇ ਦੁਬਿਧਾ ਵਿੱਚ ਸੀ। ਕੇਰਲ ਬਹੁਤ ਦੂਰ ਹੋਣ ਤੇ ਭਾਸ਼ਾ, ਸਭਿਆਚਾਰ ਸਭ ਕੁਝ ਅਲੱਗ ਹੋਣ ਦੇ ਕਾਰਨ ਉਸ ਲਈ ਇਹ ਫੈਸਲਾ ਆਸਾਨ ਨਹੀਂ ਸੀ। ਆਖਰ ਜੋਤੀ ਅਤੇ ਵਿਕਾਸ ਦਾ ਵਿਆਹ ਹੋ ਗਿਆ। ਇੱਕ ਸਾਲ ਵਿੱਚ ਜੋਤੀ ਨੇ ਮਲਿਆਲਮ ਸਿੱਖ ਲਈ। ਅੱਜ ਜੋਤੀ ਦੇ ਦੋ ਬੱਚੇ ਹਨ। ਵਿਕਾਸ ਇਸ ਵੇਲੇ ਕੋਇੰਬਟੂਰ ਏਅਰ ਪੋਰਟ ਵਿੱਚ ਤੈਨਾਤ ਹੈ। ਮੀਡੀਆ ਨੂੰ ਵਿਕਾਸ ਨੇ ਕਿਹਾ ਕਿ ਜੋਤੀ ਦੇ ਦੋ ਸੁਫਨੇ ਸਨ। ਨਰਸ ਬਣ ਕੇ ਲੋਕਾਂ ਦੀ ਸੇਵਾ ਕਰਨਾ ਅਤੇ ਡਾਂਸ ਕਰਨਾ। ਹਾਦਸੇ ਨੇ ਪੜ੍ਹਾਈ ਛੱਡਣ ਉਤੇ ਮਜਬੂਰ ਕਰ ਦਿੱਤਾ।

# ਸਰਜਰੀ ਕਾਰਨ ਐਲੀਪੈਥੀ ਤੇ ਆਯੁਰਵੈਦਿਕ ਦੇ ਡਾਕਟਰ ਆਹਮੋ-ਸਾਹਮਣੇ ਹੋਏ



ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਆਯੁਰਵੈਦ ਤਕਨੀਕ ਹੇਠਮੈਡੀਕਲ ਵਿਗਿਆਨ ਵਿੱਚ ਪੋਸਟ ਗੈਜੂਏਸਨ ਤੱਕ ਪੜ੍ਹਾਈ ਕਰਕੇ ਡਾਕਟਰ ਬਣਨ ਵਾਲਿਆਂ ਨੂੰ ਕੁਝ ਰਸਮੀ ਕਾਰਵਾਈਆਂ ਅਤੇ ਟ੍ਰੇਨਿੰਗ ਤੋਂ ਬਾਅਦ ਸਰਜਰੀ ਦੀ ਦਿੱਤੀ ਗਈ ਮਨਜ਼ੂਰੀ ਨੇ ਡਾਕਟਰਾਂ ਵਿੱਚ ਖਿੱਚੋਤਾਣ ਵਧਾ ਦਿੱਤੀ ਹੈ।

ਇੱਕ ਪਾਸੇ ਐਲੋਪੈਥੀ ਜਾਂ ਮਾਡਰਨ ਮੈਡੀਸਨ ਨਾਲ ਜੁੜੇ ਡਾਕਟਰ ਅਤੇ ਉਨ੍ਹਾਂ ਦੀ ਸੰਸਥਾ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਹੈ ਅਤੇ ਦੂਜੇ ਪਾਸੇ ਆਯੁਰਵੈਦਿਕ ਡਾਕਟਰ ਤੇ ਉਨ੍ਹਾਂ ਦੀ ਸੰਸਥਾ ਨੈਸ਼ਨਲ ਇੰਟੀਗ੍ਰੇਟਿਡ ਮੈਡੀਕਲ ਐਸੋਸੀਏਸ਼ਨ (ਅਨੀਮਾ) ਖੜ੍ਹੀ ਹੋ ਗਈ ਹੈ। ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਸੰਗਠਨਾਂ ਦੇ ਨਾਲ ਕਈ ਦੌਰ ਦੀ ਗੱਲਬਾਤ ਤੋਂ ਬਾਅਦ ਆਯੁਰਵੈਦਿਕ ਡਾਕਟਰਾਂ ਨੂੰ ਆਮ ਸਰਜਰੀ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ ਪਰ ਸਰਕਾਰ ਵੱਲੋਂ ਇਸ ਫੈਸਲੇ ਦਾ ਨੋਟੀਫਿਕੇਸ਼ਨ ਜਾਰੀ ਹੋਣ ਦੇ ਬਾਅਦ ਤੋਂ ਨਾ ਸਿਰਫ਼ ਪੰਜਾਬ, ਸਗੋਂ ਪੂਰੇ ਦੇਸ਼ ਵਿੱਚ ਵੱਖ-ਵੱਖ ਥਾਵਾਂ ਉਤੇ ਫੈਸਲੇ ਦੇ ਪੱਖ ਅਤੇ ਵਿਰੋਧ ਵਿੱਚ ਪ੍ਰਦਰਸ਼ਨ ਚੱਲ ਰਹੇ ਹਨ। ਪੰਜਾਬ ਵਿੱਚ ਸਰਕਾਰੀ ਡਾਕਟਰ ਖੁੱਲ੍ਹਕੇ ਸਾਹਮਣੇ ਨਹੀਂ ਆਏ, ਪਰ ਚੁਪ-ਚੁਪੀਤੇ ਦੋਵਾਂਵਿਭਾਗਾਂ ਦੇ ਡਾਕਟਰ ਆਪੋ-ਆਪਣੀਮੁਹਿੰਮ ਚਲਾ ਰਹੇ ਹਨ ਅਤੇ ਨਿੱਜੀ ਪ੍ਰੈਕਟਿਸ ਕਰਨ ਵਾਲੇ ਦੋਵੇਂ ਵਰਗਾਂ ਦੇ ਡਾਕਟਰਾਂ ਨੂੰ ਪ੍ਰਦਰਸ਼ਨਾਂ ਦਾ ਚਿਹਰਾ ਬਣਾਇਆ ਜਾ ਰਿਹਾ ਹੈ। ਡਾਕਟਰਾਂ ਵਿਚਾਲੇ ਸ਼ੁਰੂ ਹੋਈ ਇਸ ਕੋਲਡ ਵਾਰ ਨਾਲ ਵਿਭਾਗ ਵੀ ਚੌਕੰਨਾ ਹੈ ਤੇ ਹਰ ਉਸ ਗਤੀਵਿਧੀ 'ਤੇ ਨਜ਼ਰ ਬਣਾਏ ਹੋਏ ਹੈ, ਜਿਸ ਨਾਲ ਜੇਕਰ ਤਲਖੀ ਵਧਣ ਦੀਆਂ ਸੰਭਾਵਨਾਵਾਂ ਹੋਣ ਤਾਂ ਸਮਾਂ ਰਹਿੰਦੇ ਉਸ 'ਤੇ ਕਾਬੂ ਪਾਇਆ ਜਾ ਸਕੇ।

# ਕਾਰ ਚੋਰ ਗਿਰੋਹ ਦੇ ਬਦਮਾਸ਼ ਦੀ ਪੁਲਸ ਮੁਕਾਬਲੇ ’ਚ ਮੌਤ

ਅੰਮ੍ਰਿਤਸਰ, 10 ਦਸੰਬਰ (ਪੋਸਟ ਬਿਊਰੋ)- ਇੱਕ ਵਾਹਨ ਚੋਰ ਗਿਰੋਹ ਦੇ ਬਦਮਾਸ਼ ਦੀ ਮਾਨਾਂਵਾਲਾ ਲਾਗੇ ਕੱਲ੍ਹ ਰਾਤ ਪੁਲਸ ਮੁਕਾਬਲੇ ਦੌਰਾਨ ਮੌਤ ਹੋ ਗਈ। ਪੁਲਸ ਅਫਸਰਾਂ ਦਾ ਕਹਿਣਾ ਹੈ ਕਿ ਦੋਸ਼ੀ ਨੇ ਲੁਧਿਆਣਾ ਤੋਂ ਚੋਰੀ ਕੀਤੀ ਗਈ ਫਾਰਚਿਊਨਰ ਕਾਰ ਨਾਕੇ ਉੱਤੇ ਚੜ੍ਹਾ ਦਿੱਤੀ ਤੇ ਬੈਰੀਕੇਡ ਤੋੜ ਕੇ ਭੱਜਣ ਲੱਗਾ ਸੀ। ਪੁਲਸ ਟੀਮ ਮੁਤਾਬਕ ਸਵੈ ਰੱਖਿਆ ਲਈ ਫਾਰਚਿਊਨਰ ਦੇ ਟਾਇਰਾਂ 'ਤੇ ਗੋਲੀਆਂ ਚਲਾਈਆਂ ਤਾਂ ਇੱਕ ਗੋਲੀ ਕਾਰ ਸਵਾਰ ਦੀ ਕਮਰ ਵਿੱਚ ਲੱਗੀ। ਪੁਲਸ ਨੇ ਕਿਸੇ ਤਰ੍ਹਾਂ ਉਸ ਨੂੰ ਕਾਬੂ ਕਰ ਕੇ ਗੁਰੂ ਨਾਨਕ ਦੇਵ ਹਸਪਤਾਲ ਦਾਖਲ ਕਰਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਹੁਸ਼ਿਆਰਪੁਰ ਦੀ ਰਾਮ ਕਾਲੋਨੀ ਕੈਂਪ ਦੇ ਵਾਸੀ ਇੰਦਰਜੀਤ ਸਿੰਘ ਵਜੋਂ ਹੋਈ ਹੈ।



ਪੁਲਸ ਮੁਤਾਬਕ ਅੰਮ੍ਰਿਤਸਰ ਸ਼ਹਿਰੀ ਪੁਲਸ ਦੇ ਸੀ ਆਈ ਏ ਸਟਾਫ ਦੇ ਇੰਚਾਰਜ ਇੰਸਪੈਕਟਰ ਸੁਖਵਿੰਦਰ ਸਿੰਘ ਰੰਧਾਵਾ ਨੂੰ ਅੰਬਾਲਾ (ਹਰਿਆਣਾ) ਸੀ ਆਈ ਏ ਸਟਾਫ ਤੋਂ ਸੂਚਨਾ ਮਿਲੀ ਸੀ ਕਿ ਅੰਬਾਲਾ ਤੋਂ ਇੱਕ ਵਿਅਕਤੀ ਚਿੱਟੇ ਰੰਗ ਦੀ ਫਾਰਚਿਊਨਰ ਖੋਹ ਕੇ ਲੁਧਿਆਣਾ ਤੋਂ ਜਲੰਧਰ ਹੁੰਦਿਆਂ ਅੰਮ੍ਰਿਤਸਰ ਵਾਲੇ ਪਾਸੇ ਜਾ ਰਿਹਾ ਹੈ। ਇਸ ਮਗਰੋਂ ਏ ਐਸ ਆਈ ਵਿਨੋਦ ਕੁਮਾਰ, ਏ ਐਸ ਆਈ ਦਰਸ਼ਨ ਸਿੰਘ, ਏ ਐਸ ਆਈ ਨਿਰਵੈਲ ਸਿੰਘ, ਏ ਐਸ ਆਈ ਸੁਰਿੰਦਰ ਕੁਮਾਰ, ਏ ਐਸ ਆਈ ਦਵਿੰਦਰਪਾਲ ਸਿੰਘ ਸਮੇਤ ਮਾਨਾਂਵਾਲਾ ਟੋਲ ਪਲਾਜ਼ੇ ਲਾਗੇ ਨਾਕਾਬੰਦੀ ਲਈ ਪੁੱਜ ਗਏ। ਅੰਬਾਲੇ ਦੇ ਸੀ ਆਈ ਏ ਸਟਾਫ ਵਿੱਚ ਤੈਨਾਤ ਏ ਐਸ ਆਈ ਬਲਵਿੰਦਰ ਸਿੰਘ ਨੇ ਫੋਨ ਕਰ ਕੇ ਦੱਸਿਆ ਕਿ ਫਾਰਚਿਊਨਰ ਵਿੱਚ ਉਸ ਦੇ ਮਾਲਕ ਦਾ ਫੋਨ ਰਹਿ ਗਿਆ ਸੀ। ਉਸ ਮੋਬਾਈਲ ਨੂੰ ਟਰੈਕ ਕਰਦਿਆਂ ਆਪਣੀ ਟੀਮ ਨਾਲ ਉਹ ਵੀ ਇਸ ਕਾਰ ਦਾ ਲਗਾਤਾਰ ਪਿੱਛਾ ਕਰ ਰਹੇ ਹਨ। ਉਨ੍ਹਾਂ ਨੇ ਮਾਨਾਂਵਾਲਾ ਵਿੱਚ ਲੁੱਟੀ ਗਈ ਕਾਰ ਦੀ ਸ਼ਨਾਖਤ ’ਤੇ ਚਾਲਕ ਨੂੰ ਰੋਕਣ ਲਈ ਨਾਕਾਬੰਦੀ ਕਰ ਦਿੱਤੀ। ਕੁਝ ਦੇਰ ਵਿੱਚ ਜੰਡਿਆਲਾ ਵੱਲ ਨੂੰ ਫਾਰਚਿਊਨਰ ਤੇਜ਼ ਰਫਤਾਰ ਨਾਲ ਆ ਰਹੀ ਸੀ। ਉਨ੍ਹਾਂ ਦੀ ਟੀਮ ਨੇ ਚਾਲਕ ਨੂੰ ਰੁਕਣ ਦਾ ਇਸ਼ਾਰਾ ਕੀਤਾ, ਪਰ ਮੁਲਜ਼ਮ ਨੇ ਕਾਰ ਪੁਲਸ ਨਾਕੇ 'ਤੇ ਚੜ੍ਹਾ ਦਿੱਤੀ। ਉਹ ਬੈਰੀਕੇਡ ਤੋੜ ਕੇ ਅੱਗੇ ਭੱਜਣ ਲੱਗਾ ਤਾਂ ਪੁਲਸ ਨੇ ਕਾਰ ਦੇ ਟਾਇਰਾਂ 'ਤੇ ਗੋਲੀਆਂ ਚਲਾਈਆਂ।ਦੱਸਿਆ ਜਾ ਰਿਹਾ ਹੈ ਕਿ ਇਸ ਮੁਕਾਬਲੇ ਨੂੰ ਲੈ ਕੇ ਪੁਲਸ ਅਫਸਰ ਕਈ ਲੜੀਆਂ ਜੋੜਨ ਦੇ ਯਤਨਾਂ ਵਿੱਚ ਹਨ, ਕਿਉਂਕਿ ਕਾਰ ਸਵਾਰ ਨੇ ਅੱਗੋਂ ਪੁਲਸ 'ਤੇ ਕੋਈ ਗੋਲੀਬਾਰੀ ਨਹੀਂ ਕੀਤੀ। ਮਰਨ ਵਾਲੇ ਦੇ ਕਬਜ਼ੇ ਵਿੱਚੋਂ ਕੋਈ ਪਿਸਤੌਲ ਜਾਂ ਹਥਿਆਰ ਨਹੀਂ ਮਿਲਿਆ।

# ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਮ੍ਰਿਤਕ ਨੂੰ ਸ਼੍ਰੋਮਣੀ ਪੁਰਸਕਾਰ ਦੇਣ ਦੇ ਫੈਸਲੇ ’ਤੇ ਚਰਚਾ ਛਿੜੀ

ਪਟਿਆਲਾ, 10 ਦਸੰਬਰ (ਪੋਸਟ ਬਿਊਰੋ)- ਭਾਸ਼ਾ ਵਿਭਾਗ ਪੰਜਾਬ ਨੇ ਪਿਛਲੇ ਦਿਨੀਂ ਇੱਕ ਮ੍ਰਿਤਕ ਵਿਅਕਤੀ ਦਾ ਨਾਂਅ ਵੀ ਸ਼੍ਰੋਮਣੀ ਪੁਰਸਕਾਰ ਦੇਣ ਲਈ ਪ੍ਰਾਪਤ ਕਰਤਿਆਂ ਵਿੱਚ ਪਾ ਦਿੱਤਾ ਹੈ। ਇਹ ਐਲਾਨ ਸਾਹਿਤਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਹੈਰਾਨੀ ਦੀ ਗੱਲ ਹੈ ਕਿ ਉਸ ਵਿਅਕਤੀ ਦੀ ਮੌਤ ਨੂੰ ਸੱਤ-ਅੱਠ ਸਾਲ ਹੋ ਚੁੱਕੇ ਹਨ। ਇਸ ਦੇ ਬਾਵਜੂਦ ਭਾਸ਼ਾ ਵਿਭਾਗ ਦੇ ਰਿਕਾਰਡ ਵਿੱਚ ਇਹ ਵਿਅਕਤੀ ਜਿਊਂਦਾ ਚਲਿਆ ਆ ਰਿਹਾ ਸੀ।

ਇੱਕ ‘ਮ੍ਰਿਤਕ' ਨੂੰ ਸ਼੍ਰੋਮਣੀ ਐਵਾਰਡ ਨਾਲ ਨਿਵਾਜਣ ਦਾ ਫੈਸਲਾ ਬੀਤੇ ਦਿਨੀਂ ਰਾਜ ਸਲਾਹਕਾਰ ਬੋਰਡ ਦੀ ਬੈਠਕ ਵਿੱਚਲਿਆ ਗਿਆ। ਪਤਾ ਲੱਗਾ ਹੈ ਕਿ ਢਾਡੀ ਬਲਬੀਰ ਸਿੰਘ ਬੀਹਲਾ ਦੀ 2012 ਵਿੱਚ ਕੈਂਸਰ ਕਾਰਨ ਮੌਤ ਹੋ ਗਈ ਸੀ ਤੇ ਰਾਜ ਸਲਾਹਕਾਰ ਬੋਰਡ ਨੇ ਉਸ ਨੂੰ 2019 ਲਈ ‘ਸ਼੍ਰੋਮਣੀ ਢਾਡੀ, ਕਵੀਸ਼ਰ' ਪੁਰਸਕਾਰ ਦੇਣ ਦਾ ਫੈਸਲਾ ਕਰ ਲਿਆ ਹੈ। ਮ੍ਰਿਤਕ ਬੀਹਲਾ ਦੇ ਪੁੱਤਰ ਕਿਸਮਤ ਸਿੰਘ ਰਾਜੂ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਇਨਾਮ ਦਾ ਅਖਬਾਰ 'ਚੋਂ ਪਤਾ ਲੱਗਾ ਹੈ। ਉਸ ਨੇ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਉਹ ਆਪਣੇ ਪਿਤਾ ਦਾ ਪੁਰਸਕਾਰ ਆਪਣੀ ਮਾਤਾ ਦੇ ਨਾਂਅ ਕਰਵਾਉਣ ਦੀ ਚਾਰਾਜੋਈ ਕਰਨਗੇ। ਭਾਸ਼ਾ ਵਿਭਾਗ ਦੀ ਡਾਇਰੈਕਟਰ ਬੀਬੀ ਕਰਮਜੀਤ ਕੌਰ ਨੇ ਇਸ ਬਾਰੇ ਅਣਜਾਣਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਉਹ ਇਸ ਦੀ ਜਾਂਚ ਕਰਾਉਣਗੇ। ਇਸ ਫੈਸਲੇ ਸਬੰਧੀ ਕੁਝ ਚਿੰਤਕਾਂ ਨੇ ਸ਼੍ਰੋਮਣੀ ਐਵਾਰਡ ਬਾਰੇ ਫੈਸਲਿਆਂ ਉੱਤੇ ਕਈ ਤਰ੍ਹਾਂ ਦੇ ਦੋਸ਼ ਲਾਏ ਅਤੇ ਕਿਹਾ ਕਿ ਸੂਬੇ ਦੀ ਘੂਕ ਸੁੱਤੀ ਪਈ ਸਰਕਾਰ ਦੇ ਫੈਸਲੇ ਅਜਿਹੇ ਹੀ ਹੁੰਦੇ ਹਨ ਕਿ ਮਰੇ ਹੋਏ ਉਸ ਨੂੰ ਜਿਊਂਦੇ ਲੱਗਦੇ ਹਨ ਅਤੇ ਜਿਊਂਦਿਆਂ ਨੂੰ ਮਰਿਆ ਸਮਝ ਲਿਆ ਜਾਂਦਾ ਹੈ। ਇਸੇ ਲੜੀ 'ਚ ਮ੍ਰਿਤਕ ਨੂੰ ਜਿੰਦਾ ਮੰਨਦਿਆਂ ਉਸ ਦੇ ਨਾਂਅ ਲੱਖਾਂ ਰੁਪਏ ਦਾ ਇਨਾਮ ਨਿਵਾਜ਼ ਦਿੱਤਾ ਗਿਆ ਹੈ।

# ਪਤੀ ਵੱਲੋਂ ਬੇਰਹਿਮੀ ਨਾਲ ਕੁੱਟਣ ’ਤੇ ਪਤਨੀ ਵੱਲੋਂ ਖੁਦਕੁਸ਼ੀ

ਲੁਧਿਆਣਾ, 10 ਦਸੰਬਰ (ਪੋਸਟ ਬਿਊਰੋ)- ਨਾਜਾਇਜ਼ ਸਬੰਧਾਂ ਦੇ ਸ਼ੱਕ ਵਿੱਚ ਪ੍ਰੇਮੀ ਤੋਂ ਪਤੀ ਬਣੇ ਵਿਅਕਤੀ ਨੇ ਪਤਨੀ ਨੂੰ ਇੰਨੀ ਬੇਰਹਿਮੀ ਨਾਲ ਕੁੱਟਿਆ ਕਿ ਨਵ ਵਿਆਹੀ ਨੇ ਘਰ ਵਿੱਚ ਪਈ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾ ਮੀਰਾ ਦੇ ਪਤੀ ਗੁਲਸ਼ਨ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਮੀਰਾ ਪਿੱਛੋਂ ਬਿਹਾਰ ਦੇ ਸਮਸਤੀਪੁਰ ਦੇ ਵਾਰਡ ਨੰਬਰ ਛੇ ਦੇ ਗੰਗੋਲੀ ਸਾਖ ਮੋਹਨ ਇਲਾਕੇ ਦੀ ਵਸਨੀਕ ਸੀ ਅਤੇ ਗੁਲਸ਼ਨ ਵਾਰਡ ਨੰਬਰ 16 ਵਿੱਚਲੇ ਚੱਕ ਠਾਟ ਦਾ ਵਾਸੀ ਹੈ। ਇਨ੍ਹਾਂ ਦੋਵਾਂ ਨੇ ਦੋ ਮਹੀਨੇ ਪਹਿਲਾਂ ਰਜ਼ਾਮੰਦੀ ਨਾਲ ਵਿਆਹ ਕੀਤਾ ਸੀ। ਫਿਲਹਾਲ ਉਹ ਲੁਧਿਆਣਾ ਦੇ ਗੋਬਿੰਦਗੜ੍ਹ ਸਥਿਤ ਜਗਦੀਸ਼ ਕਾਲੋਨੀ ਵਿੱਚ ਕਿਰਾਏ 'ਤੇ ਰਹਿੰਦੇ ਸਨ। ਮਰਜ਼ੀ ਦਾ ਵਿਆਹ ਕਰਾਉਣ ਦੇ ਬਾਵਜੂਦ ਕੁਝ ਦਿਨਾਂ ਬਾਅਦ ਦੋਵਾਂ ਵਿਚਾਲੇ ਬਹਿਸ ਹੋਣ ਲੱਗ ਪਈ ਸੀ। ਕੱਲ੍ਹ ਉਨ੍ਹਾਂ ਦੇ ਕਮਰੇ ਵਿੱਚੋਂ ਤੇਜ਼ ਆਵਾਜ਼ਾਂ ਸੁਣ ਕੇ ਗੁਆਂਢੀ ਇਕੱਠੇ ਹੋ ਗਏ ਤਾਂ ਗੁੱਸੇ ਵਿੱ-ਚਆ ਕੇ ਮੀਰਾ ਨੇ ਸਲਫਾਸ ਖਾ ਲਈ। ਲੋਕਾਂ ਨੇ ਮੀਰਾ ਨੂੰ ਫਰਸ਼ 'ਤੇ ਪਈ ਵੇਖਿਆ, ਉਸਦੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ ਤੇ ਸਰੀਰ 'ਤੇ ਥਾਂ-ਥਾਂ ਸੱਟਾਂ ਦੇ ਨਿਸ਼ਾਨ ਸਨ। ਲਾਗੇ ਹੀ ਸ਼ਰਾਬ ਦੇ ਨਸ਼ੇ ਵਿੱਚ ਗੁਲਸ਼ਨ ਖੜ੍ਹਾ ਸੀ। ਗੁਲਸ਼ਨ ਆਖਦਾ ਹੈ ਕਿ ਪਤਨੀ ਦੇ ਨਾਜਾਇਜ਼ ਸੰਬੰਧ ਸਨ। ਇਸੇ ਕਾਰਨ ਦੋਵਾਂ ਵਿਚਾਲੇ ਤਕਰਾਰ ਹੋਈ ਸੀ। ਉਸ ਨੇ ਗੁੱਸੇ ਵਿੱਚ ਪਤਨੀ ਨੂੰ ਕੁੱਟ ਦਿੱਤਾ ਸੀ। ਮ੍ਰਿਤਕਾ ਮੀਰਾ ਦੇ ਪਿਤਾ ਜੋਗਿੰਦਰ ਰਾਮ ਦੇ ਆਉਣ ਤੋਂ ਮਗਰੋਂ ਪੋਸਟਮ-ਾਰਟਮ ਕਰਵਾਇਆ ਜਾਵੇਗਾ।

# ਸਾਬਕਾ ਸਰਪੰਚ ਤੇ ਗ੍ਰਾਮ ਸੇਵਕ ਉਤੇ 25 ਲੱਖ ਦੇ ਘਪਲੇ ਦਾ ਦੋਸ਼

ਜਗਰਾਉਂ, 10 ਦਸੰਬਰ (ਪੋਸਟ ਬਿਊਰੋ)- ਏਥੋਂ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੇ ਅਕਤੂਬਰ ਵਿੱਚ ਪਿੰਡ ਢੋਲਣ ਦੀ ਸਰਪੰਚ ਅਤੇ ਗ੍ਰਾਮ ਸੇਵਕ ਦੇ ਖਿਲਾਫ ਲੱਖਾਂ ਰੁਪਏ ਹੜੱਪਣ ਦੀ ਸ਼ਿਕਾਇਤ ਕੀਤੀ ਸੀ। ਇਸ ਬਾਰੇਜਾਂਚ ਡੀ ਐਸ ਪੀ ਜਗਰਾਉਂ ਨੇ ਕੀਤੀ ਅਤੇ ਸਾਬਕਾ ਸਰਪੰਚ ਪਰਮਜੀਤ ਕੌਰ ਅਤੇ ਗ੍ਰਾਮ ਸੇਵਕ ਜੋਗਿੰਦਰਪਾਲ ਸਿੰਘ ਦੇ ਖਿਲਾਫ ਧੋਖਾਧੜੀ ਦੀਆਂ ਧਾਰਾਵਾਂ ਹੇਠ ਥਾਣਾ ਸਦਰ ਵੱਲੋਂ ਕੇਸ ਦਰਜ ਕੀਤਾ ਗਿਆ ਸੀ। ਇਸ ਪਿੱਛੋਂ ਗ੍ਰਾਮ ਸੇਵਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਿਸ ਬਾਰੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਥਾਣਾ ਸਦਰ ਦੇ ਇੰਸਪੈਕਟਰ ਰਮਨ ਕੁਮਾਰ ਨੇ ਦੱਸਿਆ ਕਿ ਹੀਰਾ ਸਿੰਘ ਬੀ ਡੀ ਪੀ ਓ (ਸੁਧਾਰ) ਨੇ ਪਿੰਡ ਢੋਲਣ ਦੀ ਸਾਬਕਾ ਸਰਪੰਚ ਪਰਮਜੀਤ ਕੌਰ ਅਤੇ ਗ੍ਰਾਮ ਸੇਵਕ ਜੋਗਿੰਦਰਪਾਲ ਸਿੰਘ ਨੇ ਪਿੰਡ ਦੀ ਸਮੁੱਚੀ ਪੰਚਾਇਤ ਨੂੰ ਗੁਮਰਾਹ ਕਰਕੇ ਪੰਚਾਇਤ ਦੇ 25 ਲੱਖ ਛੱਬੀ ਹਜ਼ਾਰ 33 ਰੁਪਏ ਖੁਰਦ ਬੁਰਦ ਕੀਤੇ ਹਨ।ਉਨ੍ਹਾਂ ਦੱਸਿਆ ਕਿ ਦੋਵਾਂ ਜਣਿਆਂ ਨੇ ਚਲਾਕੀ ਨਾਲ ਪੰਚਾਇਤ ਮੈਂਬਰਾਂ ਦੇ ਕਾਰਵਾਈ ਰਜਿਸਟਰ ਦੇ ਖਾਲੀ ਪੇਜ਼ਾਂ 'ਤੇ ਦਸਖਤ ਕਰਵਾ ਕੇ ਜਾਅਲੀ ਦਸਤਾਵੇਜ਼ ਤਿਆਰ ਕਰਨ ਉਪਰੰਤ ਇਹ ਵੱਡੀ ਠੱਗੀ ਕੀਤੀ। ਦੋ ਮਹੀਨੇ ਡੀ ਐਸ ਪੀ ਵੱਲੋਂ ਚੱਲੀ ਜਾਂਚ ਵਿੱਚ ਦੋਵੇਂ ਦੋਸ਼ੀ ਪਾਏ ਗਏ। ਸਾਰਾ ਮਾਮਲਾ ਉਜਾਗਰ ਹੋਣ ਉਤੇਐੱਸ ਐੱਸ ਪੀ ਚਰਨਜੀਤ ਸਿੰਘ ਸੋਹਲ ਦੇ ਹੁਕਮਾਂ 'ਤੇ ਮਾਮਲਾ ਦਰਜ ਕੀਤਾ ਗਿਆ। ਪੁਲਸ ਅਧਿਕਾਰੀਆਂ ਅਨੁਸਾਰ ਜੋਗਿੰਦਰਪਾਲ ਸਿੰਘ ਹਵਾਲਾਤ ਵਿੱਚ ਬੰਦ ਹੈ, ਜਦ ਕਿ ਮਹਿਲਾ ਸਰਪੰਚ ਨੂੰ ਗ੍ਰਿਫਤਾਰਕ ਕਰਨ ਦੇ ਲਈ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ।

CALL TODAY FOR ANY CLASSIFIED OR MATRIMONIAL AD !!!
905-793-2202

# ਤੇਲ ਟੈਂਕਰ ਦੀ ਲਪੇਟ ਵਿੱਚ ਆਏ ਸਕੂਟਰ ਸਵਾਰ ਦੀ ਮੌਤ, ਦੂਜਾ ਜ਼ਖ਼ਮੀ

ਚੁਗਿੱਟੀ, 10 ਦਸੰਬਰ (ਪੋਸਟ ਬਿਊਰੋ)- ਸਥਾਨਕ ਚੁਗਿੱਟੀ ਫਲਾਈਓਵਰ ਲਾਗੇ ਕੱਲ੍ਹ ਸ਼ਾਮ ਨੂੰ ਤੇਲ ਵਾਲੇ ਟੈਂਕਰ ਦੀ ਲਪੇਟ 'ਚ ਆਏ 1 ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ ਉਸਦੇ ਸਾਥੀ ਦੇ ਵੀ ਕਾਫ਼ੀ ਸੱਟਾਂ ਲੱਗ ਗਈਆਂ। ਮੌਕੇ ਉਤੇ ਪਹੁੰਚੀ ਥਾਣਾ ਰਾਮਾਮੰਡੀ ਦੀ ਪੁਲਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।




ਇਸ ਬਾਰੇ ਏ ਐਸ ਆਈ ਜਸਵੀਰ ਸਿੰਘ ਨੇ ਦੱਸਿਆ ਕਿ ਹਾਦਸੇ ਦੌਰਾਨ ਮੌਤ ਦੇ ਮੂੰਹ ਜਾ ਪਏ ਵਿਅਕਤੀ ਦੀ ਪਛਾਣ ਰਕੇਸ਼ ਕੁਮਾਰ (52 ਸਾਲ) ਪੁੱਤਰ ਰਾਮ ਦਾਸ ਵਾਸੀ ਕਿਸ਼ਨਪੁਰਾ ਤੇ ਜ਼ਖ਼ਮੀ ਦੀ ਪਛਾਣ ਰਕੇਸ਼ ਕੁਮਾਰ ਪੁੱਤਰ ਬੁੱਧ ਰਾਮ ਵਾਸੀ ਕਿਸ਼ਨਪੁਰਾ ਜਲੰਧਰ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਜ਼ਖ਼ਮੀ ਹੋਏ ਰਕੇਸ਼ ਕੁਮਾਰ ਨੇ ਪੁਲਸ ਨੂੰ ਦੱਸਿਆ ਕਿ ਉਹ ਇੱਕ ਵਿਅਕਤੀ ਨਾਲ ਪੇਂਟਰ ਦੇ ਰੂਪ 'ਚ ਸਹਾਇਕ ਵਜੋਂ ਕੰਮ ਕਰਦਾ ਹੈ ਤੇ ਕੰਮ ਤੋਂ ਵਿਹਲੇ ਹੋ ਕੇ ਘਰ ਨੂੰ ਪਰਤ ਰਹੇ ਸਨ। ਜਦੋਂ ਉਹ ਉਕਤ ਫਲਾਈਓਵਰ ਲਾਗੇ ਪਹੁੰਚੇ ਤਾਂ ਤੇਲ ਵਾਲਾ ਟੈਂਕਰ ਉਨ੍ਹਾਂ ਦੇ ਸਕੂਟਰ ਨਾਲ ਟਕਰਾਅ ਗਿਆ, ਜਿਸ ਕਾਰਨ ਸੰਤੁਲਨ ਵਿਗੜ ਜਾਣ ਕਾਰਨ ਉਹ ਹੇਠਾਂ ਡਿੱਗ ਪਏ ਤੇ ਟੈਂਕਰ ਦੇ ਟਾਇਰ ਹੇਠਾਂ ਰਕੇਸਦਾ ਸਿਰ ਆ ਜਾਣ ਕਾਰਨ ਉਸ ਦੇ ਸਾਥੀ ਦੀ ਮੌਕੇ 'ਤੇ ਮੌਤ ਹੋ ਗਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਟੈਂਕਰ ਡਰਾਈਵਰ ਘਟਨਾ ਸਥਾਨ ਤੋਂ ਫ਼ਰਾਰ ਹੋਣ 'ਚ ਸਫ਼ਲ ਹੋ ਗਿਆ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can Place Your Business Here
(905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
tico.ca IATA
Call Us For Guaranteed Lowest Airfare
ANY Airline Time Destination Around the World
WESTJET vacations
transat Holidays, sunwing, AIR CANADA VACATIONS
www.nuwaytravels.com
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
E-mail- info@nuwaytravels.com

# ਦਸੰਬਰ ਦੇ ਅੰਤ ਵਿੱਚ ਕੈਨੇਡਾ ਨੂੰ ਕੋਵਿਡ-19 ਵੈਕਸੀਨ ਦੀਆਂ ਹਾਸਲ ਹੋਣਗੀਆਂ 250,000 ਡੋਜ਼ਸ: ਟਰੂਡੋ



ਓਟਵਾ, 10 ਦਸੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਐਲਾਨ ਕੀਤਾ ਹੈ ਕਿ ਕੈਨੇਡਾ ਨੂੰ ਇਸ ਸਾਲ ਦੇ ਅੰਤ ਤੱਕ ਕੋਵਿਡ-19 ਵੈਕਸੀਨ ਦੀ ਪਹਿਲੀ ਖੇਪ ਮਿਲ ਜਾਵੇਗੀ।
ਪ੍ਰਧਾਨ ਮੰਤਰੀ ਨੇ ਆਖਿਆ ਕਿ ਪਹਿਲੀਆਂ ਡੋਜ਼ਾਂ ਅਗਲੇ ਹਫਤੇ ਕਿਸੇ ਵੀ ਵੇਲੇ ਪਹੁੰਚ ਸਕਦੀਆਂ ਹਨ। ਉਨ੍ਹਾਂ ਆਖਿਆ ਕਿ ਫਾਈਜ਼ਰ ਵੈਕਸੀਨ ਦੀਆਂ 249,000 ਡੋਜ਼ਾਂ ਦਸੰਬਰ 2020 ਦੇ ਅੰਤ ਤੱਕ ਕੈਨੇਡਾ ਪਹੁੰਚ ਜਾਣਗੀਆਂ। ਸਰਕਾਰ ਦੇ ਵੈਕਸੀਨ ਸਬੰਧੀ ਉਲੀਕੇ ਪਹਿਲੇ ਪਲੈਨ ਤੋਂ ਇਹ ਕਿਤੇ ਜ਼ਿਆਦਾ ਫਾਸਟ ਟਰੈਕ ਮਾਮਲਾ ਹੈ। ਅਸਲ ਵਿੱਚ ਪਹਿਲਾਂ ਵੈਕਸੀਨ ਦੇ ਜਨਵਰੀ ਦੇ ਸ਼ੁਰੂ ਵਿੱਚ ਆਉਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਸੀ। ਨਵੀਂ ਡਲਿਵਰੀ ਦੀ ਤਰੀਕ ਤੋਂ ਮਤਲਬ ਹੈ ਕਿ ਕੁੱਝ ਕੈਨੇਡੀਅਨਾਂ ਨੂੰ ਛੁੱਟੀਆਂ ਤੋਂ ਪਹਿਲਾਂ ਹੀ ਵੈਕਸੀਨੇਟ ਕਰ ਦਿੱਤਾ ਜਾਵੇਗਾ।
ਟਰੂਡੋ ਨੇ ਸੋਮਵਾਰ ਨੂੰ ਓਟਵਾ ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਕਿ ਇਹ ਸਾਲ ਕਾਫੀ ਮੁਸ਼ਕਲਾਂ ਭਰਿਆ ਰਿਹਾ ਹੈ ਤੇ ਅਜੇ ਵੀ ਅਸੀਂ ਸੰਕਟ ਤੋਂ ਬਾਹਰ ਨਹੀਂ ਆਏ ਹਾਂ। ਪਰ ਹੁਣ ਵੈਕਸੀਨਜ਼ ਆ ਰਹੀਆਂ ਹਨ।
ਫੈਡਰਲ ਅਧਿਕਾਰੀਆਂ ਨੇ ਦੱਸਿਆ ਕਿ ਕੈਨੇਡਾ ਨੂੰ ਬਸੰਤ ਦੇ ਅੰਤ ਤੱਕ ਵੈਕਸੀਨ ਦੀਆਂ ਚਾਰ ਮਿਲੀਅਨ ਡੋਜ਼ਾਂ ਮਿਲ ਜਾਣਗੀਆਂ। ਸਰਕਾਰ ਪਹਿਲਾਂ ਹੀ 20 ਮਿਲੀਅਨ ਡੋਜ਼ਾਂ ਖਰੀਦ ਚੁੱਕੀ ਹੈ ਤੇ ਉਨ੍ਹਾਂ ਕੋਲ 56 ਮਿਲੀਅਨ ਡੋਜ਼ਾਂ ਖਰੀਦਣ ਦਾ ਬਦਲ ਹੈ। ਕੈਨੇਡਾ ਨੂੰ 2021 ਦੇ ਸ਼ੁਰੂ ਵਿੱਚ ਮੌਡਰਨਾ ਵੈਕਸੀਨ ਦੀਆਂ ਵੀ ਦੋ ਮਿਲੀਅਨ ਡੋਜ਼ਾਂ ਹਾਸਲ ਹੋ ਜਾਣਗੀਆਂ।
ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਆਸ ਪ੍ਰਗਟਾਈ ਕਿ ਨਵੇਂ ਸਾਲ ਵਿੱਚ ਫਾਈਜ਼ਰ ਤੇ ਹੋਰਨਾਂ ਵੈਕਸੀਨ ਨਿਰਮਾਤਾਵਾਂ ਕੋਲੋਂ ਕਈ ਮਿਲੀਅਨ ਡੋਜ਼ਾਂ ਮਿਲ ਜਾਣਗੀਆਂ।

# ਫਰੰਟਲਾਈਨ ਵਰਕਰਜ਼ ਤੇ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਨੂੰ ਪਹਿਲਾਂ ਦਿੱਤੀ ਜਾਵੇਗੀ ਵੈਕਸੀਨ : ਫੋਰਡ



ਓਨਟਾਰੀਓ, 10 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ ਕਿ ਕੋਵਿਡ-19 ਵੈਕਸੀਨ ਦੀਆਂ ਸ਼ੁਰੂਆਤੀ ਡੋਜ਼ਾਂ ਕਿਨ੍ਹਾਂ ਨੂੰ ਹਾਸਲ ਹੋਣਗੀਆਂ। ਜਿਸ ਗਰੁੱਪ ਨੂੰ ਸੱਭ ਤੋਂ ਪਹਿਲਾਂ ਇਹ ਡੋਜ਼ਾਂ ਹਾਸਲ ਹੋਣਗੀਆਂ ਉਨ੍ਹਾਂ ਵਿੱਚ ਫਰੰਟਲਾਈਨ ਵਰਕਰਜ਼, ਅਸੈਂਸ਼ੀਅਲ ਕੇਅਰਗਿਵਰਜ਼ ਤੇ ਰੈਜ਼ੀਡੈਂਟਸ, ਪ੍ਰੋਵਿੰਸ ਦੇ ਕਈ ਲਾਂਗ ਟਰਮ ਕੇਅਰ ਹੋਮਜ਼ ਦਾ ਸਟਾਫ ਸ਼ਾਮਲ ਹੈ।
ਪ੍ਰੀਮੀਅਰ ਡੱਗ ਫੋਰਡ, ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਜਨਰਲ ਰਿੱਕ ਹਿਲੀਅਰ ਨੇ ਆਖਿਆ ਕਿ ਵੈਕਸੀਨ ਵੰਡਣ ਦਾ ਕੰਮ ਤਿੰਨ ਪੜਾਵਾਂ ਵਿੱਚ ਪੂਰਾ ਕੀਤਾ ਜਾਵੇਗਾ। ਪ੍ਰੀਮੀਅਰ ਨੇ ਆਖਿਆ ਕਿ ਪ੍ਰੋਵਿੰਸ ਨੂੰ ਅਗਲੇ ਹਫਤੇ ਤੋਂ ਫਾਈਜ਼ਰ ਦੀਆਂ ਡੋਜ਼ਾਂ ਮਿਲਣੀਆਂ ਸ਼ੁਰੂ ਹੋ ਜਾਣਗੀਆਂ। ਫੋਰਡ ਨੇ ਆਖਿਆ ਕਿ ਸਾਨੂੰ ਸੱਭ ਤੋਂ ਪਹਿਲਾਂ ਇਹ ਵੈਕਸੀਨ ਉੱਥੇ ਦੇਣੀ ਹੋਵੇਗੀ ਜਿੱਥੇ ਇਹ ਬਹੁਤੀ ਅਸਰਦਾਰ ਹੋਵੇ ਤੇ ਬਹੁਤੀਆਂ ਜਾਨਾਂ ਬਚਾਅ ਸਕੇ। ਇਸ ਤੋਂ ਭਾਵ ਹੈ ਕਿ ਸਾਡੇ ਕਮਜ਼ੋਰ ਬਜ਼ੁਰਗਾਂ ਤੇ ਉਨ੍ਹਾਂ ਦੀ ਸਾਂਭ ਕਰਨ ਵਾਲਿਆਂ ਨੂੰ ਸੱਭ ਤੋਂ ਪਹਿਲਾਂ ਵੈਕਸੀਨੇਟ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਅਸੀਂ ਜਨਰਲ ਹਿਲੀਅਰ ਤੇ ਟਾਸਕ ਫੋਰਸ ਨਾਲ ਰਲ ਕੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਜਦੋਂ ਸਾਨੂੰ ਫੈਡਰਲ ਸਰਕਾਰ ਤੋਂ ਵੈਕਸੀਨ ਹਾਸਲ ਹੋਵੇ ਤਾਂ ਓਨਟਾਰੀਓ ਵਿੱਚ ਜਿਸ ਕਿਸੇ ਨੂੰ ਵੀ ਉਸ ਦੀ ਲੋੜ ਹੋਵੇ ਉਹ ਉਸ ਨੂੰ ਮਿਲ ਸਕੇ।
ਫੋਰਡ ਨੇ ਆਖਿਆ ਕਿ ਰੈੱਡ ਜ਼ੋਨ ਤੇ ਲਾਕਡਾਊਨ ਜ਼ੋਨ ਸਮੇਤ ਜਿੱਥੇ ਇਨਫੈਕਸ਼ਨ ਦੀ ਦਰ ਜ਼ਿਆਦਾ ਹੈ ਉਨ੍ਹਾਂ ਰੀਜਨਜ਼ ਨੂੰ ਵੈਕਸੀਨ ਪਹਿਲ ਦੇ ਅਧਾਰ ਉੱਤੇ ਦਿੱਤੀ ਜਾਵੇਗੀ। ਹਿਲੀਅਰ ਨੇ ਆਖਿਆ ਕਿ ਆਮ ਜਨਤਾ ਨੂੰ ਅਪਰੈਲ ਤੋਂ ਵੈਕਸੀਨ ਹਾਸਲ ਹੋ ਜਾਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਪ੍ਰੋਵਿੰਸ ਭਰ ਵਿੱਚ ਵੈਕਸੀਨ ਵੰਡਣ ਲਈ ਛੇ ਤੋਂ ਨੌਂ ਮਹੀਨੇ ਦਾ ਸਮਾਂ ਲੱਗੇਗਾ।

# ਟੀਡੀਐਸਬੀ ਦੇ ਅਧਿਆਪਕਾਂ ਨੇ ਪ੍ਰੋਵਿੰਸ ਤੋਂ ਜਨਵਰੀ ਵਿੱਚ ਦੋ ਹਫਤੇ ਲਈ ਸਕੂਲ ਬੰਦ ਰੱਖਣ ਦੀ ਕੀਤੀ ਮੰਗ



ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਸੱਭ ਤੋਂ ਵੱਡੇ ਸਕੂਲ ਬੋਰਡ ਦੇ ਸਟਾਫ ਵੱਲੋਂ ਪ੍ਰੋਵਿੰਸ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਜਨਵਰੀ ਦੇ ਪਹਿਲੇ ਦੋ ਹਫਤੇ ਇਨ-ਪਰਸਨ ਲਰਨਿੰਗ ਬੰਦ ਕਰਕੇ ਸਿਟੀ ਦੇ ਸਾਰੇ ਸਕੂਲਾਂ ਵਿੱਚ ਕੋਵਿਡ-19 ਦੇ ਸਬੰਧ ਵਿੱਚ ਏਸਿੰਪਟੋਮੈਟਿਕ ਟੈਸਟਿੰਗ ਕਰਵਾਈ ਜਾਵੇ।
ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀ ਡੀ ਐਸ ਬੀ) ਦੇ ਅਧਿਆਪਕਾਂ ਤੇ ਐਜੂਕੇਸ਼ਨ ਵਰਕਰਜ਼ ਵੱਲੋਂ ਓਨਟਾਰੀਓ ਦੇ ਸਿਹਤ ਤੇ ਸਿੱਖਿਆ ਮੰਤਰੀਆਂ ਤੇ ਆਪਣੇ ਸਕੂਲ ਬੋਰਡ ਦੇ ਨਾਲ ਨਾਲ ਟੋਰਾਂਟੋ ਪਬਲਿਕ ਹੈਲਥ ਤੋਂ ਇੱਕ ਖੁੱਲ੍ਹੇ ਪੱਤਰ ਰਾਹੀ ਰਸਮੀ ਤੌਰ ਉੱਤੇ ਇਹ ਬੇਨਤੀ ਕੀਤੀ ਗਈ ਹੈ। ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਦੀ ਪ੍ਰੈਜ਼ੀਡੈਂਟ ਲੈਜ਼ਲੀ ਵੋਲਫ ਨੇ ਕੱਲ੍ਹ ਆਖਿਆ ਕਿ ਸਾਡਾ ਮੰਨਣਾ ਹੈ ਕਿ ਇਹ ਕਦਮ ਅਹਿਤਿਆਤਨ ਚੁੱਕਿਆ ਜਾਣਾ ਚਾਹੀਦਾ ਹੈ।
ਅਜਿਹੀਆਂ ਬੇਨਤੀਆਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਅਸੀਂ ਟੋਰਾਂਟੋ ਵਿੱਚ ਵਧ ਰਹੇ ਹਾਈ ਰਿਸਕ ਮਾਮਲਿਆਂ ਨੂੰ ਲੈ ਕੇ ਕਾਫੀ ਚਿੰਤਤ ਹਾਂ। ਸਾਨੂੰ ਆਪਣੇ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਦੀ ਵੀ ਕਾਫੀ ਚਿੰਤਾ ਹੈ ਤੇ ਉਨ੍ਹਾਂ ਦੇ ਨਾਲ ਆਪਣੇ ਮੈਂਬਰਾਂ ਨੂੰ ਲੈ ਕੇ ਵੀ ਅਸੀ ਕਾਫੀ ਫਿਕਰਮੰਦ ਹਾਂ। ਪਿਛਲੇ ਮਹੀਨੇ ਪ੍ਰੋਵਿੰਸ ਵੱਲੋ ਟੋਰਾਂਟੋ ਦੇ ਕੁੱਝ ਚੋਣਵੇਂ ਸਕੂਲਾਂ ਵਿੱਚ ਏਸਿੰਪਟੋਮੈਟਿਕ ਅਤੇ ਵਾਲੰਟਰੀ ਟੈਸਟਿੰਗ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਬੋਰਡ ਦੇ ਅੱਠ ਸਕੂਲਾਂ ਦੀ ਚੋਣ ਇਹ ਟੈਸਟਿੰਗ ਕਰਵਾਏ ਜਾਣ ਲਈ ਕੀਤੀ ਗਈ ਸੀ। ਏਸਿੰਪਟੋਮੈਟਿਕ ਟੈਸਟਿੰਗ ਕਾਰਨ ਕੋਵਿਡ -19 ਦੇ ਕਈ ਮਾਮਲੇ ਇਨ੍ਹਾਂ ਸਕੂਲਾਂ ਵਿੱਚ ਸਾਹਮਣੇ ਆਏ। ਇਸ ਤੋਂ ਬਾਅਦ ਟੋਰਾਂਟੋ ਦੇ ਦੋ ਸਕੂਲਾਂ ਨੂੰ ਬੰਦ ਵੀ ਕਰ ਦਿੱਤਾ ਗਿਆ।
ਅਧਿਆਪਕਾਂ ਨੇ ਲਿਖਿਆ ਕਿ ਅਸੀ ਇਸ ਪਾਇਲਟ ਪ੍ਰੋਜੈਕਟ ਵਿੱਚ ਹੋਰ ਵਾਧਾ ਕਰਨ ਦੀ ਮੰਗ ਕਰਦੇ ਹਾਂ। ਇਸ ਤੋਂ ਇਲਾਵਾ ਅਧਿਆਪਕਾਂ ਵੱਲੋਂ ਟੋਰਾਂਟੋ ਦੇ ਸਾਰੇ ਸਕੂਲਾਂ ਵਿੱਚ 4 ਜਨਵਰੀ ਤੋਂ ਆਨਲਾਈਨ ਲਰਨਿੰਗ ਦੀ ਸ਼ੁਰੂਆਤ ਕਰਨ ਦੀ ਹੀ ਮੰਗ ਵੀ ਕੀਤੀ ਗਈ ਹੈ।

# ਟਰੰਪ ਵੱਲੋਂ "ਵੈਕਸੀਨ ਸਮਿਟ" ਵਿੱਚ ਹਿਸਾ ਲੈਣ ਦੇ ਸੱਦੇ ਨੂੰ ਫਾਈਜ਼ਰ ਤੇ ਮੌਡਰਨਾ ਨੇ ਠੁਕਰਾਇਆ




ਵਾਸ਼ਿੰਗਟਨ, 10 ਦਸੰਬਰ (ਪੋਸਟ ਬਿਊਰੋ) : ਵੈਕਸੀਨ ਤਿਆਰ ਕਰਨ ਵਾਲੀਆਂ ਕੰਪਨੀਆਂ ਫਾਈਜ਼ਰ ਇਨਕਾਰਪੋਰੇਸ਼ਨ ਤੇ ਮੌਡਰਨਾ ਇਨਕਾਰਪੋਰੇਸ਼ਨ ਨੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਵਾਈਟ ਹਾਊਸ ਵਿੱਚ ਵੈਕਸੀਨ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਦੇ ਸੱਦੇ ਨੂੰ ਠੁਕਰਾ ਦਿੱਤਾ।
ਇਹ ਮੀਟਿੰਗ ਮੰਗਲਵਾਰ ਨੂੰ ਕੀਤੀ ਜਾਵੇਗੀ ਤੇ ਇਸ ਵਿੱਚ ਟਰੰਪ, ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ ਤੇ ਪ੍ਰਾਈਵੇਟ ਸੈਕਟਰ ਐਗਜ਼ੈਕਟਿਵਜ਼ ਹਿੱਸਾ ਲੈਣਗੇ। ਅਮਰੀਕਾ ਦੀ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ ਡੀ ਏ) ਵੱਲੋਂ ਮੌਡਰਨਾ ਤੇ ਫਾਈਜ਼ਰ ਬਾਇਓਐਨਟੈਕ ਦੀਆਂ ਵੈਕਸੀਨਜ਼ ਦੇ ਕੀਤੇ ਜਾਣ ਵਾਲੇ ਮੁਲਾਂਕਣ ਤੋਂ ਪਹਿਲਾਂ ਇਹ ਮੀਟਿੰਗ ਰੱਖੀ ਗਈ ਹੈ।
ਇਸ ਸਿਖਰ ਵਾਰਤਾ ਦਾ ਆਯੋਜਨ ਕਰਨ ਦੇ ਅਸਲ ਮਕਸਦ ਤੋਂ ਜਾਣੂ ਇੰਡਸਟਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਸਲ ਵਿੱਚ ਵਾਈਟ ਹਾਊਸ ਦੋਵਾਂ ਕੰਪਨੀਆਂ ਉੱਤੇ ਦਬਾਅ ਪਾ ਕੇ ਉਨ੍ਹਾਂ ਨੂੰ ਦੋਵਾਂ ਵੈਕਸੀਨਜ਼ ਦੀ ਐਮਰਜੰਸੀ ਵਰਤੋਂ ਜਲਦ ਤੋਂ ਜਲਦ ਕਰਨ ਲਈ ਰਾਜ਼ੀ ਕਰਨਾ ਚਾਹੁੰਦਾ ਹੈ। ਇਸ ਵਾਰਤਾ ਵਿੱਚ ਹਿੱਸਾ ਲੈਣ ਲਈ ਡਰੱਗ ਡਿਸਟ੍ਰੀਬਿਊਟਰਜ਼, ਫਾਰਮੇਸੀਜ਼ ਤੇ ਲਾਜਿਸਟਿਕਸ ਕੰਪਨੀਆਂ ਜਿਵੇਂ ਕਿ ਮੈਕੈਸਨ ਕਾਰਪੋਰੇਸ਼ਨ, ਵਾਲਗ੍ਰੀਨਜ਼ ਬੂਟਸ ਅਲਾਇੰਸ ਇਨਕਾਰਪੋਰੇਸ਼ਨ, ਸੀਵੀਐਸ ਹੈਲਥ ਕਾਰਪੋਰੇਸ਼ਨ, ਯੂਨਾਈਟਿਡ ਪਾਰਸਲ ਸਰਵਿਸ ਇਨਕਾਰਪੋਰੇਸ਼ਨ ਤੇ ਫੈਡਐਕਸ ਕਾਰਪੋਰੇਸ਼ਨ ਨੂੰ ਵੀ ਸੱਦਾ ਦਿੱਤਾ ਗਿਆ ਹੈ।

# ਬਾਇਡਨ ਨੇ ਲੌਇਡ ਆਸਟਿਨ ਨੂੰ ਚੁਣਿਆ ਰੱਖਿਆ ਮੰਤਰੀ



ਵਾਸ਼ਿੰਗਟਨ, 10 ਦਸੰਬਰ (ਪੋਸਟ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਸੇਵਾਮੁਕਤ ਫੋਰ ਸਟਾਰ ਆਰਮੀ ਜਨਰਲ ਲੌਇਡ ਜੇ. ਆਸਟਿਨ ਨੂੰ ਰੱਖਿਆ ਮੰਤਰੀ ਨਾਮਜ਼ਦ ਕੀਤਾ ਗਿਆ ਹੈ। ਇਹ ਖੁਲਾਸਾ ਜਾਣਕਾਰ ਸੂਤਰਾਂ ਵੱਲੋਂ ਕੀਤਾ ਗਿਆ। ਜੇ ਸੈਨੇਟ ਵੱਲੋਂ ਇਸ ਨਾਮਜ਼ਦਗੀ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਆਸਟਿਨ ਪੈਂਟਾਗਨ ਦੇ ਪਹਿਲੇ ਬਲੈਕ ਲੀਡਰ ਹੋਣਗੇ।
ਬਾਇਡਨ ਨੇ ਪਹਿਲੀ ਕਤਾਰ ਦੇ ਚਾਰ ਉਮੀਦਵਾਰਾਂ ਵਿੱਚੋਂ ਆਸਟਿਨ ਨੂੰ ਤਰਜੀਹ ਦਿੱਤੀ। ਇਸ ਮੁਕਾਬਲੇ ਵਿੱਚ ਪੈਂਟਾਗਨ ਦੀ ਸਾਬਕਾ ਸੀਨੀਅਰ ਅਧਿਕਾਰੀ ਤੇ ਬਾਇਡਨ ਸਮਰਥਕ ਮਿਸ਼ੇਲ ਫਲਰਨੌਏ, ਪੈਂਟਾਗਨ ਜਨਰਲ ਕਾਊਂਸਲ ਤੇ ਹੋਮਲੈਂਡ ਡਿਫੈਂਸ ਦੇ ਸਾਬਕਾ ਸਕੱਤਰ ਜੇਹ ਜੌਹਨਸਨ ਵੀ ਸ਼ਾਮਲ ਸਨ। ਅਜੇ ਇਸ ਚੋਣ ਦਾ ਰਸਮੀ ਤੌਰ ਉੱਤੇ ਐਲਾਨ ਨਹੀਂ ਕੀਤਾ ਗਿਆ ਹੈ।
67 ਸਾਲਾਂ ਦੇ ਆਸਟਿਨ ਨੂੰ ਕਾਂਗਰਸ ਤੇ ਡਿਫੈਂਸ ਦੇ ਕੁੱਝ ਮੈਂਬਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹਾ ਇਸ ਲਈ ਕਿਉਂਕਿ ਇਹ ਅਸਟੈਬਲਿਸ਼ਮੈਂਟਸ ਪੈਂਟਾਗਨ ਦੀ ਸਿਵਲੀਅਨ ਤੇ ਮਿਲਟਰੀ ਲੀਡਰਸ਼ਿਪ ਦਰਮਿਆਨ ਸਪਸ਼ਟ ਲਾਈਨ ਖਿੱਚਣ ਵਿੱਚ ਯਕੀਨ ਰੱਖਦੀਆਂ ਹਨ। ਹਾਲਾਂਕਿ ਪਹਿਲਾਂ ਵੀ ਕਈ ਰੱਖਿਆ ਮੰਤਰੀ ਥੋੜ੍ਹੀ ਦੇਰ ਲਈ ਮਿਲਟਰੀ ਵਿੱਚ ਸੇਵਾ ਨਿਭਾਅ ਚੁੱਕੇ ਹਨ ਪਰ ਉਨ੍ਹਾਂ ਵਿੱਚੋਂ ਸਿਰਫ ਦੋ ਜੌਰਜ ਸੀ. ਮਾਰਸ਼ਲ ਤੇ ਜੇਮਜ਼ ਮੈਟਿਸ, ਕਰੀਅਰ ਅਫੀਸਰਜ਼ ਰਹੇ। ਮਾਰਸ਼ਲ ਤਾਂ ਅਮਰੀਕਾ ਦੇ ਵਿਦੇਸ਼ ਮੰਤਰੀ ਵੀ ਰਹੇ। 1975 ਵਿੱਚ ਵੈਸਟ ਪੁਆਇੰਟ ਵਿਖੇ ਯੂਐਸ ਮਿਲਟਰੀ ਅਕੈਡਮੀ ਤੋਂ ਗ੍ਰੈਜੂਏਟ ਆਸਟਿਨ ਨੇ 41 ਸਾਲ ਯੂਨੀਫੌਰਮ ਵਿੱਚ ਦੇਸ਼ ਦੀ ਸੇਵਾ ਕੀਤੀ।

# ਮਾਤਾ-ਪਿਤਾ ਨੂੰ ਸਤਾਇਆ ਜਾਂ ਜਾਇਦਾਦ ਹੜੱਪੀ ਤਾਂ ਸਜ਼ਾ ਹੋਵੇਗੀ

ਲਖਨਊ, 10 ਦਸੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਮਾਂ-ਬਾਪ ਅਤੇ ਸੀਨੀਅਰ ਨਾਗਰਿਕਾਂ ਦੀ ਦੇਖ-ਭਾਲ ਅਤੇ ਭਲਾਈ ਨਿਯਮਾਂ ਵਿੱਚ ਨਵੇਂ ਪ੍ਰਸਤਾਵ ਲੈ ਕੇ ਸੋਧ ਕਰਨ ਦੀ ਤਿਆਰੀ ਵਿੱਚ ਰਹੀ ਹੈ। ਸੂਤਰਾਂ ਅਨੁਸਾਰ ਇਸ ਨਿਯਮਾਂਵਲੀ ਦਾ ਪ੍ਰਸਤਾਵ ਸਰਕਾਰ ਤੱਕ ਪਹੁੰਚ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਨਿਯਮਾਂਵਲੀ ਸੋਧ ਨੂੰ ਅਗਲੀ ਕੈਬਿਨੇਟ ਵਿੱਚ ਮਨਜ਼ੂਰੀ ਮਿਲ ਸਕਦੀ ਹੈ। ਸਰਕਾਰ ਦੇ ਵੱਲੋਂ ਕੋਈ ਜਾਣਕਾਰੀ ਨਹੀਂ ਮਿਲੀ। ਇਸ ਸੋਧ ਵਿੱਚ ਬੇਦਖਲੀ ਨੂੰ ਵੀ ਜੋੜਿਆ ਜਾ ਸਕਦਾ ਹੈ। ਪ੍ਰਸਤਾਵਿਤ ਸੋਧ ਵਿੱਚ ਜੇ ਮਾਤਾ-ਪਿਤਾ ਨੂੰ ਸਤਾਇਆ ਜਾਂ ਜਾਇਦਾਦ ਹੜੱਪੀ ਤਾਂ ਸਜ਼ਾ ਵੀ ਹੋ ਸਕਦੀ ਹੈ। ਇਸ ਵਿੱਚ ਬੇਟਾ ਅਤੇ ਰਿਸ਼ਤੇਦਾਰ ਜੇ ਬਜ਼ੁਰਗ ਮਾਤਾ-ਪਿਤਾ ਨੂੰ ਪਰੇਸ਼ਾਨ ਕਰਦਾ ਹੈ ਤਾਂ ਪੀੜਤ ਐਸ ਡੀ ਐਮ ਜਾਂ ਅਧਿਕਾਰਤ ਅਫਸਰ ਕੋਲ ਕੇਸ ਕਰ ਸਕਦੇ ਹਨ। ਕਾਰਵਾਈ ਦੇ ਬਾਅਦ ਮਾਤਾ-ਪਿਤਾ ਆਪਣੇ ਬੇਟੇ ਨੂੰ ਜਾਇਦਾਦ ਤੋਂ ਬੇਦਖਲ ਕਰ ਸਕਦੇ ਹਨ।
ਸਾਲ 2014 ਵਿੱਚ ਯੂ ਪੀ ਵਿੱਚ ਮਾਤਾ-ਪਿਤਾ ਅਤੇ ਸੀਨੀਅਰ ਨਾਗਰਿਕਾਂ ਦੀ ਦੇਖ ਭਾਲ ਅਤੇ ਕਲਿਆਣ ਬਾਰੇ ਨਿਯਮਾਵਲੀ ਬਣੀ ਸੀ। ਨਿਯਮਾਵਲੀ ਦੇ ਬਾਅਦ ਵੀ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਤੇ ਬਜ਼ੁਰਗ ਮਾਤਾ-ਪਿਤਾ ਅਤੇ ਸੀਨੀਅਰ ਨਾਗਰਿਕਾਂ ਦੀ ਜਾਇਦਾਦ ਲਈ ਕੋਈ ਵੀ ਵਿਸਥਾਰਤ ਕਾਰਜ ਯੋਜਨਾ ਨਹੀਂ ਬਣਾਈ ਗਈ ਸੀ।

# ਭਾਰਤ ਦੇ ਚੀਫ ਜਸਟਿਸ ਦੀ ਮਾਂ ਨਾਲ ਢਾਈ ਕਰੋੜ ਦੀ ਠੱਗੀ

ਨਾਗਪੁਰ, 10 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ (ਸੀ ਜੇ ਆਈ) ਸ਼ਰਦ ਅਰਵਿੰਦ ਬੋਬੜੇ ਦੀ ਮਾਤਾ ਨਾਲ ਪਰਵਾਰਕ ਜਾਇਦਾਦ ਦੇ ਕੇਅਰਟੇਕਰ ਨੇ ਢਾਈ ਕਰੋੜ ਰੁਪਏ ਦੀ ਠੱਗ ਮਾਰ ਲਈ ਹੈ।
ਜਾਂਚ ਕਰਨ ਵਾਲੇ ਪੁਲਸ ਅਧਿਕਾਰੀ ਅਨੁਸਾਰ ਦੋਸ਼ੀ ਤਪਸ ਘੋਸ਼ (49) ਮੰਗਲਵਾਰ ਰਾਤ ਗ੍ਰਿਫਤਾਰ ਕਰ ਲਿਆ ਸੀ ਅਤੇ ਨਾਗਪੁਰ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਡੀ ਸੀ ਪੀ ਵਿਨੀਤਾ ਸਾਹੂ ਦੀ ਅਗਵਾਈ ਹੇਠ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਪੁਲਸ ਅਧਿਕਾਰੀ ਅਨੁਸਾਰ ਬੋਬੜੇ ਪਰਵਾਰ 'ਸੀਡੌਨ ਲਾਅਨ' ਦਾ ਮਾਲਕ ਹੈ ਅਤੇ ਇਹ ਥਾਂ ਉਨ੍ਹਾਂ ਦੇ ਆਕਾਸ਼ਵਾਣੀ ਸਕੁਏਅਰ ਵਿਚਲੇ ਨਿਵਾਸ ਦੇ ਨਾਲ ਲੱਗਦੀ ਹੈ। ਇਸ ਜਾਇਦਾਦ ਨੂੰ ਸਮਾਗਮਾਂ ਲਈ ਕਿਰਾਏ 'ਤੇ ਦਿੱਤਾ ਜਾਂਦਾ ਹੈ। ਸੀ ਜੇ ਆਈ ਦੀ ਮਾਤਾ ਮੁਕਤਾ ਬੋਬੜੇ, ਜਿਨ੍ਹਾਂ ਦੀ ਉਮਰ ਨੱਬੇ ਸਾਲ ਤੋਂ ਵੱਧ ਹੈ, ਇਸ ਜਾਇਦਾਦ ਦੀ ਮਾਲਕਣ ਹੈ ਅਤੇ ਪਰਵਾਰ ਨੇ ਘੋਸ਼ ਨੂੰ ਇਸ ਜਾਇਦਾਦ ਦਾ ਕੇਅਰਟੇਕਰ ਨਿਯੁਕਤ ਕੀਤਾ ਸੀ। ਘੋਸ਼ ਇਸ ਜਾਇਦਾਦ ਦੀ ਪਿਛਲੇ 10 ਸਾਲਾਂ ਤੋਂ ਦੇਖਭਾਲ ਕਰ ਰਿਹਾ ਹੈ ਅਤੇ ਇਸ ਦੇ ਮਾਇਕ ਮਾਮਲੇਵੀ ਦੇਖਦਾ ਹੈ। ਉਨ੍ਹਾਂ ਦੱਸਿਆ ਕਿ ਮੁਕਤਾ ਬੋਬੜੇ ਦੀ ਵਡੇਰੀ ਉਮਰ ਅਤੇ ਮਾੜੀ ਸਿਹਤ ਦਾ ਫਾਇਦਾ ਚੁੱਕਦਿਆਂ ਘੋਸ਼ ਨੇ ਪੇਮੈਂਟ ਦੀਆਂ ਜਾਅਲੀ ਰਸੀਦਾਂ ਦਿਖਾ ਕੇ 2.5 ਕਰੋੜ ਰੁਪਏ ਦੀ ਠੱਗੀ ਮਾਰੀ। ਉਨ੍ਹਾਂ ਦੱਸਿਆ ਕਿ ਘੋਸ਼ ਅਤੇ ਉਸ ਦੀ ਪਤਨੀ ਨੇ ਇਸ ਥਾਂ 'ਤੇ ਹੁੰਦੇ ਹੋਏ ਵੱਖ-ਵੱਖ ਸਮਾਗਮਾਂ ਤੋਂ ਇਕੱਠੀ ਹੁੰਦੀ ਸਾਰੀ ਰਕਮ ਜਮ੍ਹਾਂ ਨਹੀਂ ਕਰਵਾਈ। ਇਹ ਮਾਮਲਾ ਸਾਹ-ਮਣੇ ਆਉਣ 'ਤੇ ਪੁਲਸ ਵੱਲੋਂ ਸਿੱਟ ਬਣਾਈ ਗਈ। ਮੰਗਲਵਾਰ ਰਾਤ ਘੋਸ਼ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਵਿਆਹ ਦਾ ਸ਼ਗਨ ਵੀ ਨੌਜਵਾਨ ਨੇ ਕਿਸਾਨ ਅੰਦੋਲਨ ਲਈ ਭੇਜਿਆ

ਮਲੋਟ, 10 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨ ਬੀਤੇ 14 ਦਿਨਾਂ ਤੋਂ ਦਿੱਲੀ ਦੇ ਸਿੰਘੂ ਬਾਰਡਰ ਅਤੇ ਟਿਰਕੀ ਬਾਰਡਰ 'ਤੇ ਕੜਾਕੇ ਦੀ ਠੰਢ ਵਿੱਚ ਡਟੇ ਹੋਏ ਹਨ। ਉਨ੍ਹਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਲਈ ਦੇਸ਼-ਵਿਦੇਸ਼ ਦੇ ਲੋਕ ਅੱਗੇ ਆ ਰਹੇ ਹਨ।
ਕਿਸਾਨਾਂ ਦੇ ਸਮਰਥਨ ਵਿੱਚ ਪਿੰਡ ਸ਼ੇਖੂ ਤੋਂ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਕਿ ਸਾਰੇ ਲੋਕ ਇਸ ਦੀ ਪ੍ਰਸ਼ੰਸਾ ਕਰ ਰਹੇ ਹਨ। ਸ਼ੇਖੂ ਪਿੰਡ ਵਿੱਚ ਇੱਕ ਵਿਆਹ ਦੌਰਾਨ ਦੋਵਾਂ ਪਰਵਾਰਾਂ ਨੇ ਅਨੋਖਾ ਫੈਸਲਾ ਲਿਆ ਤੇ ਵਿਆਹ ਵਿੱਚ ਸ਼ਰੀਕ ਹੋਏ ਲੋਕਾਂ ਨੂੰ ਸ਼ਗਨ ਦਾ ਪੈਸਾ ਸਪੈਸ਼ਲ ਗੋਲਕ ਵਿੱਚ ਪਾਉਣ ਲਈ ਸਟੇਜ ਤੋਂ ਐਲਾਨ ਕੀਤਾ ਅਤੇ ਕਿਹਾ ਕਿ ਇਹ ਪੈਸਾ ਦਿੱਲੀ ਵਿੱਚ ਧਰਨਾ ਦੇ ਰਹੇ ਕਿਸਾਨਾਂ ਦੀ ਮਦਦ ਲਈ ਭੇਜਿਆ ਜਾਏਗਾ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਮਲੋਟ ਦੇ ਪਿੰਡ ਸ਼ੇਖੂ ਦੇ ਸੀਨੀਅਰ ਕਾਂਗਰਸੀ ਨੇਤਾ ਜੱਸੀ ਬਰਾੜ ਦੇ ਭਤੀਜੇ ਅਭਿਜੀਤ ਸਿੰਘ ਪੁੱਤਰ ਰਾਜਦੀਪ ਸਿੰਘ ਦਾ ਵਿਆਹ ਕੱਲ੍ਹ ਜਸਮਨਦੀਪ ਕੌਰ ਵਾਸੀ ਮਾੜੀ ਮੁਸਤਫਾ ਜ਼ਿਲ੍ਹਾ ਮੋਗਾ ਨਾਲ ਹੋਇਆ ਸੀ। ਬਾਰਾਤ ਲੈ ਕੇ ਗਏ ਲੜਕੇ ਪਰਵਾਰ ਨੇ ਅਪੀਲ ਕੀਤੀ ਕਿ ਲੜਕੇ-ਲੜਕੀ ਨੂੰ ਸ਼ਗਨ ਲਈ ਦਿੱਤੇ ਜਾਣ ਵਾਲਾ ਸ਼ਗਨ ਗੋਲਕ ਵਿੱਚ ਪਾਉਣ ਤੇ ਇਕੱਠਾ ਹੋਇਆ ਪੈਸਾ ਕਿਸਾਨ ਅੰਦੋਲਨ ਦੇ ਲਈ ਭੇਜਿਆ ਜਾਏਗਾ। ਵਿਆਹ ਮੌਕੇ ਇੱਕ ਲੱਖ ਰੁਪਏ ਦਾ ਸ਼ਗਨ ਪਿਆ, ਜਿਸ ਨੂੰ ਕਿਸਾਨਾਂ ਦੀ ਸਹਾਇਤਾ ਲਈ ਭੇਜਿਆ ਗਿਆ।

# 'ਪੀ ਐਮ ਵਾਣੀ' ਦੇ ਜ਼ਰੀਏ ਮੋਦੀ ਸਰਕਾਰ ਜਨਤਕ ਵਾਈ-ਫਾਈ ਨੈਟਵਰਕ ਲਾਏਗੀ

ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਸਾਰੇ ਭਾਰਤ ਵਿੱਚ ਬ੍ਰਾਡਬੈਂਡ ਇੰਟਰਨੈਟ ਦੀ ਪਹੁੰਚ ਦੇ ਵਿਸਥਾਰ ਦੇ ਲਈ ਨਰਿੰਦਰ ਮੋਦੀ ਸਰਕਾਰ ਨੇ ਪਬਲਿਕ ਡਾਟਾ ਦਫਤਰ (ਪੀ ਡੀ ਓ) ਦੇ ਰਾਹੀਂ ਜਨਤਕ ਵਾਈ ਫਾਈ ਨੈਟਵਰਕ ਸਥਾਪਤ ਕੀਤੇ ਜਾਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਕੋਈ ਛੋਟੀ ਦੁਕਾਨ ਜਾਂ ਸਾਂਝਾ ਸੇਵਾ ਕੇਂਦਰ (ਸੀ ਐਸ ਸੀ) ਏਹੋ ਜਿਹੇ ਪੀ ਡੀ ਓ ਬਣਾਏ ਜਾ ਸਕਦੇ ਹਨ ਅਤੇ ਸਥਾਨਕ ਕਰਿਆਨਾ ਦੁਕਾਨਾਂ ਅਤੇ ਗਲੀ-ਮੁਹੱਲੇ ਦੀਆਂ ਦੁਕਾਨਾਂ ਉਤੇ ਵੀ ਜਨਤਕ ਵਾਈ ਫਾਈ ਨੈਟਵਰਕ ਜਾਂ ਐਕਸੈਸ ਪੁਆਇੰਟ ਲਾਏ ਜਾ ਸਕਣਗੇ। ਪੀ ਡੀ ਓ ਦੇ ਲਈ ਨਾ ਕਿਸੇ ਲਾਇਸੈਂਸ ਅਤੇ ਨਾ ਹੀ ਰਜਿਸਟਰੇਸ਼ਨ ਦੀ ਜ਼ਰੂਰਤ ਹੋਵੇਗੀ ਅਤੇ ਇਨ੍ਹਾਂ 'ਤੇ ਕਿਸੇ ਤਰ੍ਹਾਂ ਦਾ ਟੈਕਸ ਵੀ ਨਹੀਂ ਲੱਗੇਗਾ।
ਜਨਤਕ ਵਾਈ ਫਾਈ ਐਕਸੈਸ ਨੈਟਵਰਕ ਇੰਟਰਫੇਸ (ਪੀ ਐਮ ਵਾਣੀ) ਨਾਲ ਦੇ ਸਰਕਾਰ ਨੂੰ ਭਾਰਤ ਵਿੱਚ ਵੱਡੀ ਵਾਈ ਫਾਈ ਕ੍ਰਾਂਤੀ ਆਉਣ ਦੀ ਆਸ ਹੈ। ਕੇਂਦਰੀ ਕੈਬਨਿਟ ਨੇ ਜਨਤਕ ਵਾਈ ਫਾਈ ਨੈਟਵਰਕ ਦੀ ਰੂਪ ਰੇਖਾ ਮਨਜ਼ੂਰ ਕਰ ਲਈ ਹੈ। ਸੂਚਨਾ ਅਤੇ ਪਸਾਰ ਤਕਨੀਕ ਬਾਰੇ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੈਬਨਿਟ ਨੇ ਦੂਸਰਾ ਫੈਸਲਾ ਕੇਰਲਾ ਦੇ ਕੋਚੀ ਅਤੇ ਲਕਸ਼ਦੀਪ ਟਾਪੂਆਂ (ਕੇ ਐਲ ਆਈ ਯੋਜਨਾ) ਵਿੱਚ ਇੱਕ ਸਮਰਪਿਤ ਸਬ-ਮਰੀਨ ਓ ਐਫ ਸੀ ਦੇ ਰਾਹੀਂ ਕੋਚੀ ਅਤੇ ਲਕਸ਼ਦੀਪ ਦੇ 11 ਟਾਪੂਆਂ: ਕਵਰੱਤੀ, ਕਲਪੇਨੀ, ਅਗਾਤੀ, ਅਮਿਨੀ, ਐਂਡਰੋਥ, ਮਿਨੀਕਾਇ, ਬੰਗਾਰਾਮ, ਬਿੱਤਰਾ, ਚੇਟਲਾਟ, ਕਿਲਤਾਨ ਅਤੇ ਕਦਮਤ ਵਿਚਾਲੇ ਸਿੱਧਾ ਦੂਰਸੰਚਾਰ ਲਿੰਕ ਪੇਸ਼ ਕਰਨ ਲਈ ਫੈਸਲਾ ਕਰ ਲਿਆ ਹੈ। ਇਸ ਦੇ ਨਾਲ ਰੋਜ਼ਗਾਰ ਨੂੰ ਉਤਸ਼ਾਹਤ ਕਰਨ ਲਈ ਕੇਂਦਰੀ ਸਰਕਾਰ ਨੇ 22,810 ਕਰੋੜ ਰੁਪਏ ਦੀ ਆਤਮਨਿਰਭਰ ਭਾਰਤ ਰੋਜ਼ਗਾਰ ਯੋਜਨਾ ਮਨਜ਼ੂਰੀ ਕੀਤੀ ਹੈ ਜਿਸ ਤੋਂ 15,000 ਰੁਪਏ ਮਾਸਿਕ ਤੋਂ ਘੱਟ ਤਨਖਾਹ ਲੈਣ ਵਾਲੇ ਮੁਲਾਜ਼ਮਾਂ ਨੂੰ ਲਾਭ ਹੋਵੇਗਾ। ਇਹ ਯੋਜਨਾ ਸਾਲ 2020 ਤੋਂ 2023 ਲਈ ਹੋਵੇਗੀ ਤੇ ਚਾਲੂ ਸਾਲ ਵਿੱਚ 1584 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਯੋਜਨਾ ਦਾ ਲਾਭ ਉਨ੍ਹਾਂ ਸੰਸਥਾਵਾਂ ਨੂੰ ਮਿਲੇਗਾ, ਜਿਨ੍ਹਾਂ ਵਿੱਚ 1000 ਤੱਕ ਲੋਕ ਕੰਮ ਕਰਦੇ ਹਨ। ਇਸ ਯੋਜਨਾ ਦੇ ਤਹਿਤ ਆਉਂਦਾਂ ਸੰਸਥਾਵਾਂ ਵਿੱਚ ਸਰਕਾਰ ਇੰਪਲਾਈਜ ਪ੍ਰਾਵੀਡੈਂਟ ਫੰਡ ਵਿੱਚ 24 ਫੀਸਦੀ ਦਾ ਹਿੱਸਾ ਆਪਣੇ ਖਜ਼ਾਨੇ ਵਿੱਚੋਂ ਪਾਇਆ ਕਰੇਗੀ।

# ਰਿਸ਼ਵਤ ਮੰਗਣ ਖਿਲਾਫ ਭਾਸ਼ਣ ਦੇਣ ਪਿੱਛੋਂ ਖੁਦ ਰਿਸ਼ਵਤ ਲੈਂਦਾ ਡੀ ਐੱਸ ਪੀ ਕਾਬੂ

ਜੈਪੁਰ/ਸਵਾਈ ਮਾਧੋਪੁਰ, 10 ਦਸੰਬਰ (ਪੋਸਟ ਬਿਊਰੋ)- ਕੱਲ੍ਹ ਅੰਤਰਰਾਸ਼ਟਰੀ ਭ੍ਰਿਸ਼ਟਾਚਾਰ ਵਿਰੋਧੀ ਦਿਵਸ ਮੌਕੇ ਏ ਸੀ ਬੀ (ਐਂਟੀ ਕੁਰੱਪਸ਼ਨ ਬਿਊਰੋ) ਦਫਤਰ ਸਵਾਈ ਮਾਧੋਪੁਰ ਵਿੱਚ ਇੱਕ ਸਮਾਰੋਹ ਕੀਤਾ ਗਿਆ, ਜਿੱਥੇ ਡੀ ਐਸ ਪੀ ਮੀਨਾ ਬਤੌਰ ਮੁੱਖ ਮਹਿਮਾਨ ਮੌਜੂਦ ਸਨ। ਉਨ੍ਹਾਂ ਨੇ ਭਾਸ਼ਣ ਦਿੱਤਾ, 'ਅਸੀਂ ਪੂਰੀ ਇਮਾਨਦਾਰੀ ਨਾਲ ਕੰਮ ਕਰਕੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾਹੈ। ਕੇਂਦਰ ਜਾਂ ਸੂਬਾ ਸਰਕਾਰ ਦਾ ਕੋਈ ਵੀ ਮੁਲਾਜ਼ਮ ਰਿਸ਼ਵਤ ਮੰਗੇ ਤਾਂ ਟੋਲ ਫਰੀ ਨੰਬਰ 1064 ਜਾਂ ਹੈਲਪਲਾਈਨ ਨੰਬਰ 94135-02834 'ਤੇ ਕਿਸੇ ਵੀ ਸਮੇਂ ਕਾਲ ਜਾਂ ਵਟਸਐਪ ਕਰ ਸਕਦੇ ਹੋ।' ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਭਾਸ਼ਣ ਦੇ ਇੱਕ ਘੰਟੇ ਬਾਅਦ ਏ ਸੀ ਬੀ ਨੇ ਖੁਦ ਡੀ ਐਸ ਪੀ ਮੀਨਾ ਨੂੰ ਅੱਸੀ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕਰ ਲਿਆ ਤੇ ਉਨ੍ਹਾਂ ਨੂੰ ਰਿਸ਼ਵਤ ਦੇਣ ਵਾਲੇ ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ (ਡੀ ਟੀ ਓ) ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਇਹ ਪਹਿਲੀ ਵਾਰ ਹੈ ਕਿ ਏ ਸੀ ਬੀ ਵਿੱਚ ਤੈਨਾਤ ਆਰ ਪੀ ਐਸ ਰੈਂਕ ਦੇ ਅਫਸਰ ਨੂੰ ਖੁਦ ਏ ਸੀ ਬੀ ਨੇ ਟਰੈਪ ਕੀਤਾ ਹੈ। ਇਸ ਦੇ ਬਾਅਦ ਦੋਵਾਂ ਤੋਂ ਪੁੱਛਗਿੱਛ ਕੀਤੀ ਜਾਏਗੀ।



# ਕੋਵਿਡ-19 ਦਾ ਹੱਲ ਸ਼ੁਰੂ ਹੁੰਦਾ ਹੈ **ਆਪਣੀ ਦੂਰੀ ਬਣਾਕੇ ਰੱਖਣ ਨਾਲ।**

- ਚਿਹਰੇ ਨੂੰ ਢਕਣ ਵਾਲਾ ਮਾਸਕ ਲਗਾਓ।
- ਆਪਣੇ ਘਰ ਤੋਂ ਬਾਹਰ ਕਿਸੇ ਵੀ ਵਿਅਕਤੀ ਤੋਂ 2 ਮੀਟਰ ਦੀ ਦੂਰੀ ਰੱਖੋ।
- ਨਜ਼ਦੀਕੀ ਸੰਪਰਕ ਸਿਰਫ਼ ਆਪਣੇ ਪਰਿਵਾਰਕ ਮੈਂਬਰਾਂ ਤਕ ਸੀਮਤ ਰੱਖੋ।
- ਅਕਸਰ ਆਪਣੇ ਹੱਥਾਂ ਨੂੰ ਧੋਵੋ।



**ਫੈਲਣ ਨੂੰ ਰੋਕਣ ਦਾ ਕੰਮ ਤੁਹਾਡੇ ਤੋਂ ਸ਼ੁਰੂ ਹੁੰਦਾ ਹੈ।**
ਹੋਰ ਜਾਣਕਾਰੀ ਲਈ ontario.ca/coronavirus ‘ਤੇ ਜਾਓ।

ਓਂਟਾਰਿਓ ਸਰਕਾਰ ਵੱਲੋਂ ਭੁਗਤਾਨ ਕੀਤਾ ਗਿਆ

Ontario